@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.I

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 18 January 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 18 ਜਨਵਰੀ 2026, 5 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 75, qpatrika@gmail.com ਫੋਨ : 9971359517 www.qaumipatrika.org

# ਕੇਂਦਰੀ ਗ੍ਰਹਿ ਮੰਤਰੀ ਨੇ ਮੀਟਿੰਗ ਦੌਰਾਨ ਦੱਸਿਆ ਕਿ ਕੰਡਿਆਲੀ ਤਾਰ ਪੰਜਾਬ ਦੀ ਜ਼ਮੀਨ ਤੋਂ ਸਰਹੱਦ ਵੱਲ ਕੀਤੀ ਜਾਵੇਗੀ ਤਬਦੀਲ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

## ਪੰਜਾਬ ਦੇ ਕਿਸਾਨਾਂ ਲਈ ਵੱਡੀ ਰਾਹਤ, ਸਰਹੱਦ 'ਤੇ ਬਿਨਾਂ ਰੁਕਾਵਟ ਖੇਤੀ ਕਰ ਸਕਣਗੇ ਕਿਸਾਨ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਨਰੇਸ਼ ਕੁਮਾਰ ਮਲਹੋਤਰਾ**

ਨਵੀਂ ਦਿੱਲੀ, 17 ਜਨਵਰੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਨਾਲ ਸਬੰਧਤ ਵੱਖ-ਵੱਖ ਲੰਬਿਤ ਮੁੱਦਿਆਂ ਦੇ ਜਲਦੀ ਅਤੇ ਸਮਾਂਬੱਧ ਹੱਲ ਲਈ ਵਿਚਾਰ-ਵਟਾਂਦਰਾ ਕੀਤਾ, ਜਿਨ੍ਹਾਂ ਵਿੱਚ ਸਰਹੱਦੀ ਸੁਰੱਖਿਆ ਪ੍ਰਬੰਧ, ਖੇਤੀਬਾੜੀ ਸੰਕਟ, ਅੰਤਰਰਾਜੀ ਪਾਣੀ ਸਬੰਧੀ ਵਿਵਾਦ ਅਤੇ ਕੇਂਦਰ ਵੱਲੋਂ ਪੇਂਡੂ ਵਿਕਾਸ ਫੰਡ ਦੇ ਬਕਾਏ ਦੀ ਅਦਾਇਗੀ ਵਿੱਚ ਦੇਰੀ ਸ਼ਾਮਲ ਹੈ। ਇਸ ਦੇ ਨਾਲ ਨਾਲ ਸਰਹੱਦੀ ਸੁਰੱਖਿਆ ਵਾੜ ਜ਼ੀਰੋ ਲਾਈਨ ਤੋਂ ਕਾਫ਼ੀ ਦੂਰ ਹੋਣ ਕਾਰਨ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕੌਮਾਂਤਰੀ ਸਰਹੱਦ ਅਤੇ ਕੰਡਿਆਲੀ ਤਾਰ ਦਰਮਿਆਨ ਪੈਂਦੀ ਖੇਤੀਯੋਗ ਜ਼ਮੀਨ ਦੇ ਵੱਡੇ ਹਿੱਸੇ 'ਤੇ ਚਿੰਤਾ ਪ੍ਰਗਟ ਕੀਤੀ, ਜਿਸ ਕਾਰਨ ਕਿਸਾਨਾਂ ਨੂੰ ਆਪਣੇ ਖੇਤਾਂ ਤੱਕ ਪਹੁੰਚਣ ਲਈ ਰੋਜ਼ਾਨਾ ਇਸ ਨੂੰ ਪਾਰ ਕਰਨਾ ਪੈਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਪ੍ਰਸਤਾਵਿਤ ਬੀਜ ਬਿੱਲ 2025, ਅਣਸੁਲਝੇ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ) ਵਿਵਾਦ, ਐਫ.ਸੀ.ਆਈ. ਵੱਲੋਂ ਅਨਾਜ ਦੀ ਮੱਠੀ ਢੋਆ-ਢੋਆਈ, ਆੜ੍ਹਤੀਆ ਕਮਿਸ਼ਨ ਰੋਕਣ, ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਅਤੇ ਮਾਰਕੀਟ ਫੀਸਾਂ ਦਾ ਭੁਗਤਾਨ ਨਾ ਕਰਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਦੀ ਭੂਮਿਕਾ ਨੂੰ ਘਟਾਉਣ ਸਬੰਧੀ ਪੰਜਾਬ ਦੇ ਇਤਰਾਜ਼ ਉਠਾਉਂਦਿਆਂ ਇਨ੍ਹਾਂ ਮੁੱਦਿਆਂ ਦੇ ਤੁਰੰਤ ਅਤੇ ਸਮਾਂਬੱਧ ਹੱਲ ਦੀ ਮੰਗ ਕੀਤੀ। ਪ੍ਰਸਤਾਵਿਤ ਬੀਜ ਬਿੱਲ 2025 'ਤੇ ਗੰਭੀਰ ਇਤਰਾਜ਼ ਉਠਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਦੇਸ਼ ਦੇ ਅੰਨ ਭੰਡਾਰ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ, ਫਿਰ ਵੀ ਬੀਜ ਬਿੱਲ ਦਾ ਖਰੜਾ ਸਬੰਧਤ ਧਾਰਾ ਤਹਿਤ ਸ਼ਡਿਊਲ ਅਨੁਸਾਰ ਸੂਬੇ ਦੀ ਪ੍ਰਤੀਨਿਧਤਾ ਨੂੰ ਯਕੀਨੀ ਨਹੀਂ ਬਣਾਉਂਦਾ। ਬਿੱਲ ਵਿੱਚ ਪੇਸ਼ ਕੀਤਾ ਗਿਆ ਜ਼ੋਨ ਅਧਾਰਤ ਸਿਸਟਮ ਮੌਜੂਦਾ ਪ੍ਰਣਾਲੀ ਦੇ ਉਲਟ, ਕੇਂਦਰੀ ਬੀਜ ਕਮੇਟੀ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਦੀ ਗਰੰਟੀ ਨਹੀਂ ਦਿੰਦਾ, ਜਿਸ ਨਾਲ ਬੀਜ ਖੇਤਰ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਸੂਬੇ ਦੀ ਆਵਾਜ਼ ਨੂੰ ਦਬਾਇਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ, ਪ੍ਰਸਤਾਵਿਤ ਬੀਜ ਬਿੱਲ ਵਿੱਚ ਸੂਬੇ ਦੀ ਮੌਜੂਦਾ ਸ਼ਕਤੀ ਨੂੰ ਘਟਾ ਦਿੱਤਾ ਗਿਆ ਹੈ ਕਿਉਂਕਿ ਬੀਜ ਰਜਿਸਟ?ਰੇਸ਼ਨ ਵਿੱਚ ਸੂਬਾਈ ਬੀਜ ਕਮੇਟੀ ਦੀ ਕੋਈ ਭੂਮਿਕਾ ਨਹੀਂ ਹੈ ਅਤੇ





ਖਰੜੇ ਵਿੱਚ ਉਨ੍ਹਾਂ ਕਿਸਾਨਾਂ ਲਈ ਇੱਕ ਮਜ਼ਬੂਤ ਮੁਆਵਜ਼ਾ ਢਾਂਚਾ ਯਕੀਨੀ ਬਣਾਉਣ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ, ਜਿਨ੍ਹਾਂ ਨੂੰ ਰਜਿਸਟਰਡ ਬੀਜ ਸਬੰਧੀ ਦਰਸਾਏ ਨਤੀਜੇ ਨਾ ਮਿਲਣ ਕਾਰਨ ਨੁਕਸਾਨ ਹੁੰਦਾ ਹੈ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਵਿਦੇਸ਼ਾਂ ਵਿੱਚ ਟੈਸਟ ਕੀਤੀਆਂ ਅਤੇ ਛੱਡੀਆਂ ਗਈਆਂ ਬੀਜ ਕਿਸਮਾਂ ਨੂੰ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਦਰਾਮਦ ਤੇ ਵਿਕਰੀ ਲਈ ਸੂਬੇ ਦੇ ਖੇਤੀਬਾੜੀ-ਜਲਵਾਯੂ ਹਾਲਾਤ ਤਹਿਤ ਲਾਜ਼ਮੀ ਸਥਾਨਕ ਟੈਸਟਿੰਗ ਤੋਂ ਬਿਨਾਂ ਆਗਿਆ ਦਿੱਤੀ ਗਈ ਹੈ, ਜਿਸ ਨਾਲ ਕਿਸਾਨਾਂ ਲਈ ਗੰਭੀਰ ਜੋਖਮ ਪੈਦਾ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਪੰਜਾਬ ਦੀ ਰੀੜ ਦੀ ਹੱਡੀ ਹੈ, ਜਿੱਥੇ ਕਿਸਾਨ ਫਸਲਾਂ ਉਗਾਉਂਦੇ ਹਨ, ਉਪਜ ਦਾ ਕੁਝ ਹਿੱਸਾ ਵੇਚਦੇ ਹਨ ਅਤੇ ਅਗਲੇ ਸੀਜ਼ਨ ਲਈ ਬੀਜ ਸੰਭਾਲ ਕੇ ਰੱਖਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬੀਜਾਂ ਲਈ ਪੂਰੀ ਤਰ੍ਹਾਂ ਕੰਪਨੀਆਂ 'ਤੇ ਨਿਰਭਰ ਕਰਨ ਲਈ ਮਜਬੂਰ ਕਰਨਾ ਨਾ ਤਾਂ ਵਾਜਬ ਹੈ ਅਤੇ ਨਾ ਹੀ ਕਿਸਾਨਾਂ ਦੇ ਹਿੱਤ ਵਿੱਚ ਹੈ। ਉਨ੍ਹਾਂ ਅਪੀਲ ਕੀਤੀ ਕਿ ਬਿੱਲ ਨੂੰ ਮੌਜੂਦਾ ਰੂਪ ਵਿੱਚ ਸੰਸਦ ਦੇ ਸਾਹਮਣੇ ਨਹੀਂ ਲਿਆਂਦਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਸਮੱਸਿਆਵਾਂ ਦੀ ਜਾਂਚ ਦਾ ਭਰੋਸਾ ਦਿੱਤਾ ਹੈ। ਦਰਿਆਈ ਪਾਣੀਆਂ ਬਾਰੇ ਪੰਜਾਬ ਦੇ ਸਪੱਸ਼ਟ ਸਟੈਂਡ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਕੋਈ ਵਾਧੂ ਪਾਣੀ ਨਹੀਂ ਹੈ।

ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਉਪਲਬਧਤਾ ਵਿੱਚ ਕਾਫ਼ੀ ਕਮੀ ਆਈ ਹੈ ਅਤੇ ਇਸ ਲਈ ਸਤਲੁਜ ਯਮੁਨਾ ਲਿੰਕ ਨਹਿਰ ਦਾ ਨਿਰਮਾਣ ਵਿਹਾਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਰਿਆਵਾਂ ਦੇ 34.34 ਐਮ.ਏ.ਐਫ. ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 14.22 ਐਮ.ਏ.ਐਫ. ਅਲਾਟ ਕੀਤਾ ਗਿਆ ਸੀ, ਜੋ ਕਿ ਲਗਪਗ 40 ਫੀਸਦੀ ਹੈ ਅਤੇ ਬਾਕੀ 60 ਫ਼ੀਸਦੀ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਅਲਾਟ ਕੀਤਾ ਗਿਆ ਸੀ। ਹਾਲਾਂਕਿ ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਅਸਲ ਵਿੱਚ ਇਨ੍ਹਾਂ ਸੂਬਿਆਂ ਵਿੱਚੋਂ ਨਹੀਂ ਵਗਦਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਨਾਲ ਘੋਰ ਬੇਇਨਸਾਫ਼ੀ ਹੈ ਅਤੇ ਇਸ ਨਹਿਰ ਨੂੰ ਬਣਾਉਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਇਹ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੁਪਰੀਮ ਕੋਰਟ ਦੇ ਅੱਗੇ ਪੰਜਾਬ ਦਾ ਸਟੈਂਡ ਸਪੱਸ਼ਟ ਹੈ ਕਿ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਅਨਾਜ ਦੀ ਢੋਆ-ਢੁਆਈ ਅਤੇ ਭੰਡਾਰਨ ਦੀ ਸਮੱਸਿਆ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਐਫ.ਸੀ.ਆਈ. ਵੱਲੋਂ ਪਿਛਲੇ ਪੰਜ ਮਹੀਨਿਆਂ ਵਿੱਚ ਸੂਬੇ ਵਿੱਚੋਂ ਸਿਰਫ਼ 4 ਤੋਂ 5 ਲੱਖ ਮੀਟ੍ਰਿਕ ਟਨ ਕਣਕ ਅਤੇ 5 ਤੋਂ 6 ਲੱਖ ਮੀਟ੍ਰਿਕ ਟਨ ਚੌਲਾਂ ਦੀ ਹੀ ਢੋਆ-ਢੁਆਈ ਕੀਤੀ ਜਾ ਰਹੀ ਹੈ। ਸਾਉਣੀ ਮੰਡੀਕਰਨ ਸੀਜ਼ਨ 2025-26 ਦੇ 95 ਲੱਖ ਮੀਟ੍ਰਿਕ ਟਨ ਚੌਲਾਂ ਦੀ ਡਿਲੀਵਰੀ ਕੀਤੀ ਜਾਣ ਵਾਲੀ ਹੈ ਪਰ ਇਸ ਸਮੇਂ ਸਿਰਫ਼ 20 ਲੱਖ ਮੀਟ੍ਰਿਕ ਟਨ ਜਗ?ਹਾ ਉਪਲਬਧ ਹੈ। ਉਨ੍ਹਾਂ ਕਿਹਾ ਕਿ ਸਾਉਣੀ ਖ਼ਰੀਦ ਸੀਜ਼ਨ 2025-26 ਦੇ ਕਸਟਮ ਮਿਲਡ ਚੌਲਾਂ ਦੀ ਸਮੇਂ ਸਿਰ ਡਿਲੀਵਰੀ ਅਤੇ 01.04.2026 ਤੋਂ ਸ਼ੁਰੂ ਹੋਣ ਵਾਲੇ ਹਾੜ੍ਹੀ ਮੰਡੀਕਰਨ ਸੀਜ਼ਨ (ਆਰ.ਐਮ.ਐਸ.) 2026-27 ਦੌਰਾਨ ਕਣਕ ਦੇ ਭੰਡਾਰਨ ਲਈ ਜਗ?ਹਾ ਦੀ ਢੁਕਵੀਂ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸੂਬੇ ਤੋਂ ਘੱਟੋ-ਘੱਟ 20 ਲੱਖ ਮੀਟਰਿਕ ਟਨ ਅਨਾਜ (ਕਣਕ ਅਤੇ ਚੌਲ ਲਈ 10-10 ਐਲ.ਐਮ.ਟੀ.) ਦੀ ਮਹੀਨਾਵਾਰ ਢੋਆ-ਢੁਆਈ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਸਟਾਕ ਦੀ ਢੋਆ-ਢੁਆਈ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਰਾਸ਼ਟਰੀ ਪੂਲ ਵਿੱਚ ਲਗਪਗ 125 ਐਲ.ਐਮ.ਟੀ. ਕਣਕ ਦਾ ਯੋਗਦਾਨ ਪਾਉਂਦਾ ਹੈ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਲਈ ਢੁਕਵੀਂ ਸਟੋਰੇਜ ਜ਼ਰੂਰੀ ਹੈ। ਆੜ੍ਹਤੀਆ ਕਮਿਸ਼ਨ ਦੇ ਮੁੱਦੇ 'ਤੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਆੜ੍ਹਤੀਆ ਕਮਿਸ਼ਨ ਨੂੰ 2019-20 ਦੇ ਖਰੀਦ ਸੀਜ਼ਨ ਤੋਂ ਪੰਜਾਬ ਖੇਤੀਬਾੜੀ ਉਤਪਾਦ ਅਤੇ ਮਾਰਕੀਟਿੰਗ ਐਕਟ 1961 ਦੇ ਉਪਬੰਧਾਂ ਦੇ ਉਲਟ ਫ?ਰੀਜ਼ ਕੀਤਾ ਗਿਆ ਹੈ ਅਤੇ ਇਸ ਵੇਲੇ ਕਣਕ ਲਈ ਕਮਿਸ਼ਨ 46 ਰੁਪਏ ਪ੍ਰਤੀ ਕੁਇੰਟਲ ਅਤੇ ਝੋਨੇ ਲਈ 45.88 ਰੁਪਏ ਪ੍ਰਤੀ ਕੁਇੰਟਲ ਤੱਕ ਸੀਮਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਈਲੋਜ਼ 'ਤੇ ਅਨਾਜ ਦੀ ਖਰੀਦ ਲਈ ਆੜ੍ਹਤੀਆ ਕਮਿਸ਼ਨ ਘਟਾ ਕੇ ਰੈਗੂਲਰ ਮੰਡੀਆਂ ਦੇ ਮੁਕਾਬਲੇ ਅੱਧਾ ਕਰ ਦਿੱਤਾ ਗਿਆ ਹੈ ਅਤੇ ਜਨਵਰੀ 2024 ਵਿੱਚ ਆੜ੍ਹਤੀਆ ਕਮਿਸ਼ਨ ਦੀ ਸੋਧ ਲਈ ਗਠਿਤ ਕਮੇਟੀ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ। ਉਨ੍ਹਾਂ ਕਿਹਾ, ਆੜ੍ਹਤੀਏ ਏਜੰਟ ਨਹੀਂ ਹਨ, ਉਹ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਬਣਦਾ ਹੱਕ ਮਿਲਣਾ ਚਾਹੀਦਾ ਹੈ।

(ਬਾਕੀ ਸਫ਼ਾ 2 'ਤੇ)

## ਫੜਨਵੀਸ ਨੇ ਆਪਣੀ ਕਾਬਲੀਅਤ ਸਾਬਿਤ ਕੀਤੀ

ਨੈਸ਼ਨਲ ਡੈਸਕ, 17 ਜਨਵਰੀ : ਮਸ਼ਹੂਰ ਬ੍ਰਿਹਨਮੁੰਬਈ ਮਿਊਂਸੀਪਲ ਕਾਰਪੋਰੇਸ਼ਨ (ਬੀ. ਐੱਮ. ਸੀ.) ਚੋਣਾਂ ਦੇ ਨਤੀਜਿਆਂ ਨੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸੂਬੇ ਦੀ ਰਾਜਨੀਤੀ 'ਚ ਮੁੱਖ ਚਿਹਰਾ ਬਣਾ ਕੇ ਉਭਾਰਿਆ ਹੈ। ਬੀ. ਐੱਮ. ਸੀ. 'ਚ ਭਾਜਪਾ ਦੀ ਜਿੱਤ ਨੇ ਠਾਕਰੇ ਭਰਾਵਾਂ ਨੂੰ ਹਾਰ ਦਾ ਮੂੰਹ ਦਿਖਾ ਦਿੱਤਾ ਹੈ ਅਤੇ ਉਨ੍ਹਾਂ ਦੇ ਚੋਣਾਂ ਤੋਂ ਪਹਿਲਾਂ ਦੇ ਗੱਠਜੋੜ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਹੈ। ਇਸੇ ਤਰ੍ਹਾਂ ਪੁਣੇ ਅਤੇ ਪਿੰਪਰੀ ਚਿੰਚਵਾੜ 'ਚ ਹਾਰ ਨਾਲ ਪਵਾਰ ਖਾਨਦਾਨ ਨੂੰ ਵੀ ਸ਼ਰਮਨਾਕ ਹਾਰ ਦੇਖਣੀ ਪਈ। ਰਾਕਾਂਪਾ ਦੇ ਦੋ ਪਵਾਰ ਧੜੇ ਆਪਣਾ ਗੜ੍ਹ ਬਚਾਉਣ ਲਈ ਇਕੱਠੇ ਆਏ ਸਨ ਪਰ ਦੇਵੇਂਦਰ ਫੜਨਵੀਸ ਨੇ ਇਹ ਪੱਕਾ ਕੀਤਾ ਕਿ ਪਵਾਰ ਦੇ ਗੜ੍ਹ 'ਚ ਭਾਜਪਾ ਵੱਡੀ ਤਾਕਤ ਬਣ ਕੇ ਉੱਭਰੇ। ਹੁਣ ਭਾਜਪਾ ਦੇਸ਼ ਦੀ ਸਭ ਤੋਂ ਅਮੀਰ ਸਿਵਿਕ ਬਾਡੀ ਬੀ. ਐੱਮ. ਸੀ. ਨੂੰ ਕੰਟਰੋਲ ਕਰੇਗੀ, ਜਿਸ ਦਾ ਸਾਲਾਨਾ ਬਜਟ ਕਈ ਭਾਰਤੀ ਸੂਬਿਆਂ ਦੇ ਬਜਟ ਤੋਂ ਕਿਤੇ ਜ਼ਿਆਦਾ ਹੈ। ਮਹਾਯੁਤੀ ਦੇ ਅੰਦਰ ਭਾਜਪਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋ ਕੇ ਉੱਭਰੀ ਹੈ। ਪਾਰਟੀ, ਜਿਸ ਨੇ 2017 ਦੀਆਂ ਚੋਣਾਂ 'ਚ 82 ਬੀ. ਐੱਮ. ਸੀ. ਵਾਰਡ ਜਿੱਤੇ ਸਨ, ਗੱਠਜੋੜ ਦੀਆਂ ਕੁੱਲ 127 ਸੀਟਾਂ 'ਚੋਂ ਘੱਟੋ-ਘੱਟ 99 ਸੀਟਾਂ 'ਤੇ ਅੱਗੇ ਚੱਲ ਰਹੀ ਸੀ ਜਾਂ ਜਿੱਤ ਚੁੱਕੀ ਸੀ। ਇਸ ਜਿੱਤ ਦਾ ਕ੍ਰੈਡਿਟ ਦੇਵੇਂਦਰ ਫੜਨਵੀਸ ਦੀ ਲੀਡਰਸ਼ਿਪ ਨੂੰ ਜਾਂਦਾ ਹੈ, ਜੋ ਸ਼ਿਵ ਸੈਨਾ (ਯੂ. ਬੀ. ਟੀ.) ਚੀਫ਼ ਊਧਵ ਠਾਕਰੇ ਅਤੇ ਮਨਸੇ ਪ੍ਰਮੁੱਖ ਰਾਜ ਠਾਕਰੇ ਅਤੇ ਪਵਾਰ ਪਰਿਵਾਰ ਲਈ ਵੀ ਇਕ ਵੱਡਾ ਝਟਕਾ ਸੀ।



## ਗਣਤੰਤਰ ਦਿਵਸ ਤੋਂ ਪਹਿਲਾਂ ਦਿੱਲੀ 'ਚ ਹਾਈ ਅਲਰਟ: ਅੱਤਵਾਦੀ ਸੰਗਠਨਾਂ ਵਲੋਂ ਹਮਲੇ ਦਾ ਖ਼ਦਸ਼ਾ

ਨਵੀਂ ਦਿੱਲੀ, 17 ਜਨਵਰੀ : 26 ਜਨਵਰੀ ਗਣਤੰਤਰ ਦਿਵਸ ਦੇ ਮੱਦੇਨਜ਼ਰ ਖੁਫੀਆ ਏਜੰਸੀਆਂ ਨੇ ਵੱਡਾ ਅਲਰਟ ਜਾਰੀ ਕੀਤਾ ਹੈ। ਸੂਤਰਾਂ ਅਨੁਸਾਰ, ਪਾਬੰਦੀਸ਼ੁਦਾ ਖਾਲਿਸਤਾਨੀ ਸੰਗਠਨ ਅਤੇ ਬੰਗਲਾਦੇਸ਼ ਸਥਿਤ ਅੱਤਵਾਦੀ ਸਮੂਹ ਰਾਜਧਾਨੀ ਦਿੱਲੀ ਸਮੇਤ ਦੇਸ਼ ਦੇ ਕਈ ਹੋਰ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਖੁਫੀਆ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਵਿਦੇਸ਼ਾਂ ਤੋਂ ਚਲਾਏ ਜਾ ਰਹੇ ਖਾਲਿਸਤਾਨੀ ਅਤੇ ਕੱਟੜਪੰਥੀ ਹੈਂਡਲਰ ਪੰਜਾਬ ਦੇ ਗੈਂਗਸਟਰਾਂ ਨੂੰ ਆਪਣੇ ਟਾਰਗੇਟ ਪੂਰੇ ਕਰਨ ਲਈ ਵਰਤ ਰਹੇ ਹਨ। ਇਹ ਗੈਂਗਸਟਰ, ਜੋ ਹਰਿਆਣਾ, ਦਿੱਲੀ-ਐੱਨ.ਸੀ.ਆਰ., ਉੱਤਰ ਪ੍ਰਦੇਸ਼ ਅਤੇ ਰਾਜਸਥਾਨ 'ਚ ਸਰਗਰਮ ਹਨ, ਹੌਲੀ-ਹੌਲੀ ਖਾਲਿਸਤਾਨੀ ਅੱਤਵਾਦੀ ਤੱਤਾਂ ਨਾਲ ਸੰਪਰਕ ਸਥਾਪਤ ਕਰ ਰਹੇ ਹਨ। ਇਸ ਪਿੱਛੇ ਮੁੱਖ ਮਕਸਦ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਭੰਗ ਕਰਨਾ ਅਤੇ ਅਸ਼ਾਂਤੀ ਫੈਲਾਉਣਾ ਦੱਸਿਆ ਜਾ ਰਿਹਾ ਹੈ। ਇਸ ਖਤਰੇ ਨਾਲ ਨਜਿੱਠਣ ਲਈ ਦਿੱਲੀ ਪੁਲਸ ਨੇ ਵਿਆਪਕ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਜਨਵਰੀ 2026 ਦੇ ਪਹਿਲੇ ਪੰਦਰਵਾੜੇ ਦੌਰਾਨ ਉੱਤਰੀ ਜ਼ਿਲ੍ਹਾ ਪੁਲਸ ਨੇ ਲਾਲ ਕਿਲ੍ਹਾ, ਆਈ.ਐੱਸ.ਬੀ.ਟੀ. ਕਸ਼ਮੀਰੀ ਗੇਟ, ਚਾਂਦਨੀ ਚੌਕ, ਖਾਰੀ ਬਾਵਲੀ, ਸਦਰ ਬਾਜ਼ਾਰ ਅਤੇ ਮੈਟਰੋ ਸਟੇਸ਼ਨਾਂ ਵਰਗੇ ਭੀੜ-ਭੜੱਕੇ ਵਾਲੇ ਅਤੇ ਸੰਵੇਦਨਸ਼ੀਲ ਸਥਾਨਾਂ 'ਤੇ ਕਈ ਮੌਕ ਡਰਿੱਲਾਂ ਦਾ ਆਯੋਜਨ ਕੀਤਾ। ਇਨ੍ਹਾਂ ਅਭਿਆਸਾਂ ਦਾ ਮਕਸਦ ਵੱਖ-ਵੱਖ ਏਜੰਸੀਆਂ ਦੀ ਤਿਆਰੀ ਅਤੇ ਪ੍ਰਤੀਕਿਰਿਆ ਦੇ ਸਮੇਂ ਦੀ ਜਾਂਚ ਕਰਨਾ ਸੀ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸਥਿਤੀ 'ਚ ਤੁਰੰਤ ਕਾਰਵਾਈ ਕੀਤੀ ਜਾ ਸਕੇ।

### ਪਾਣੀ ਨਾਲ ਭਰੇ ਟੋਏ 'ਚ ਡਿੱਗੀ ਬੇਕਾਬੂ ਕਾਰ, ਸਾਫਟਵੇਅਰ ਇੰਜੀਨੀਅਰ ਦੀ ਮੌਤ

ਨੋਇਡਾ (ਯੂਪੀ), 17 ਜਨਵਰੀ : ਨੋਇਡਾ ਦੇ ਨਾਲੇਜ ਪਾਰਕ ਪੁਲਸ ਸਟੇਸ਼ਨ ਖੇਤਰ ਦੇ ਅਧੀਨ ਸੈਕਟਰ 150 ਨੇੜੇ ਇੱਕ ਸਾਫਟਵੇਅਰ ਇੰਜੀਨੀਅਰ ਦੀ ਕਾਰ ਬੇਕਾਬੂ ਹੋ ਕੇ 20 ਫੁੱਟ ਡੂੰਘੇ ਪਾਣੀ ਨਾਲ ਭਰੇ ਟੋਏ ਵਿੱਚ ਡਿੱਗਣ ਕਾਰਨ ਸ਼ੁੱਕਰਵਾਰ ਦੇਰ ਰਾਤ ਮੌਤ ਹੋ ਗਈ। ਇਸ ਘਟਨ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਸੂਚਨਾ ਮਿਲਣ 'ਤੇ ਪੁਲਸ ਦੇ ਨਾਲ-ਨਾਲ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ (SDRF), ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (NDRF) ਅਤੇ ਫਾਇਰ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈ। ਰਾਤ ਭਰ ਚੱਲੇ ਬਚਾਅ ਕਾਰਜ ਤੋਂ ਬਾਅਦ ਸ਼ਨੀਵਾਰ ਸਵੇਰੇ ਲਾਸ਼ ਨੂੰ ਬਰਾਮਦ ਕਰ ਲਿਆ ਗਿਆ। ਪੁਲਸ ਬੁਲਾਰੇ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਨੂੰ ਲਗਭਗ 12:15 ਵਜੇ ਸੂਚਨਾ ਮਿਲੀ ਕਿ ਸੈਕਟਰ 150 ਦੇ ਨੇੜੇ ਇੱਕ ਨਿਰਮਾਣ ਅਧੀਨ ਇਮਾਰਤ ਦੇ ਬੇਸਮੈਂਟ ਲਈ ਪੁੱਟੇ ਗਏ 20 ਫੁੱਟ ਡੂੰਘੇ ਪਾਣੀ ਨਾਲ ਭਰੇ ਟੋਏ ਵਿੱਚ ਇੱਕ ਕਾਰ ਡਿੱਗ ਗਈ ਹੈ। ਬੁਲਾਰੇ ਨੇ ਕਿਹਾ ਕਿ ਗੋਤਾਖੋਰਾਂ ਦੀ ਮਦਦ ਨਾਲ ਕਾਰ ਅਤੇ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ ਗਈ।

## ਭਾਰਤ ਨੂੰ ਮਿਲੀ ਪਹਿਲੀ 'ਵੰਦੇ ਭਾਰਤ ਸਲੀਪਰ ਟਰੇਨ', PM ਮੋਦੀ ਨੇ ਦਿਖਾਈ ਹਰੀ ਝੰਡੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ, 17 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਪੱਛਮੀ ਬੰਗਾਲ ਦੇ ਮਾਲਦਾ ਤੋਂ ਭਾਰਤ ਦੀ ਪਹਿਲੀ ਵੰਦੇ ਭਾਰਤ ਸਲੀਪਰ ਟ?ਰੇਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ, ਜੋ ਭਾਰਤੀ ਰੇਲਵੇ ਦੇ ਆਧੁਨਿਕੀਕਰਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਹ ਅਤਿ-ਆਧੁਨਿਕ ਸਲੀਪਰ ਟ?ਰੇਨ ਹਾਵੜਾ-ਗੁਹਾਟੀ (ਕਾਮਾਖਿਆ) ਮਾਰਗ 'ਤੇ ਚੱਲੇਗੀ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਅਤੇ ਉੱਤਰ-ਪੂਰਬੀ ਖੇਤਰ ਵਿੱਚ ਸੰਪਰਕ ਨੂੰ ਮਜ਼ਬੂਤ ਕਰਨ ਲਈ 3,250 ਕਰੋੜ ਰੁਪਏ ਦੇ ਰੇਲ ਅਤੇ ਸੜਕ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਨੁਸਾਰ, ਪੱਛਮੀ ਬੰਗਾਲ ਵਿੱਚ 101 ਸਟੇਸ਼ਨਾਂ ਦਾ ਪੁਨਰ ਨਿਰਮਾਣ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨਿਊ ਜਲਪਾਈਗੁੜੀ ਸਟੇਸ਼ਨ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਨਾ ਸ਼ਾਮਲ ਹੈ। ਪ੍ਰਧਾਨ ਮੰਤਰੀ ਅਸਾਮ ਵਿੱਚ ਬੋਡੋ ਭਾਈਚਾਰੇ ਦੇ



ਇਤਿਹਾਸਕ ਸੱਭਿਆਚਾਰਕ ਸਮਾਗਮ 'ਬਾਗੁਰੁੰਬਾ ਧੌ 2026' ਵਿੱਚ ਸ਼ਾਮਲ ਹੋਣਗੇ, ਜਿੱਥੇ 10,000 ਤੋਂ ਵੱਧ ਕਲਾਕਾਰ ਇੱਕੋ ਸਮੇਂ ਰਵਾਇਤੀ ਨਾਚ ਪੇਸ਼ ਕਰਨਗੇ। ਇਸ ਤੋਂ ਬਾਅਦ ਹੁਣ 18 ਜਨਵਰੀ ਨੂੰ ਪ੍ਰਧਾਨ ਮੰਤਰੀ ਦੋ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈਸ ਟ?ਰੇਨਾਂ (ਗੁਹਾਟੀ-ਰੋਹਤਕ ਅਤੇ ਡਿਬਰੂਗੜ੍ਹ-ਲਖਨਊ) ਨੂੰ ਵੀ ਹਰੀ ਝੰਡੀ ਦਿਖਾਉਣਗੇ। ਪੀ.ਐੱਮ. ਮੋਦੀ ਨੇ 6,950 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਕਾਜ਼ੀਰੰਗਾ ਐਲੀਵੇਟਿਡ ਕੋਰੀਡੋਰ ਪ੍ਰੋਜੈਕਟ ਦਾ ਭੂਮੀ ਪੂਜਨ ਕੀਤਾ। ਇਹ 86 ਕਿਲੋਮੀਟਰ ਲੰਬਾ ਪ੍ਰੋਜੈਕਟ ਕਾਜ਼ੀਰੰਗਾ ਨੈਸ਼ਨਲ ਪਾਰਕ ਵਿੱਚੋਂ ਗੁਜ਼ਰਨ ਵਾਲੇ ਜੰਗਲੀ ਜੀਵਾਂ ਦੀ ਸੁਰੱਖਿਆ ਯਕੀਨੀ ਬਣਾਏਗਾ ਅਤੇ ਉੱਪਰੀ ਅਸਾਮ ਨਾਲ ਸੰਪਰਕ ਵਿੱਚ ਸੁਧਾਰ ਕਰੇਗਾ।

### ਪੰਜਾਬ-ਹਰਿਆਣਾ 'ਚ ਥੋੜ੍ਹਾ ਜਿਹਾ ਵਧਿਆ ਪਾਰਾ

ਚੰਡੀਗੜ੍ਹ, 17 ਜਨਵਰੀ : ਪੰਜਾਬ ਤੇ ਹਰਿਆਣਾ ਵਿੱਚ ਪਿਛਲੇ ਦੋ ਦਿਨਾਂ ਤੋਂ ਤਾਪਮਾਨ ਵਿੱਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ, ਪਰ ਇਸ ਦੇ ਬਾਵਜੂਦ ਠੰਡ ਦਾ ਕਹਿਰ ਲਗਾਤਾਰ ਜਾਰੀ ਹੈ। ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ, ਕਈ ਥਾਵਾਂ 'ਤੇ ਪਾਰਾ ਅਜੇ ਵੀ ਆਮ ਨਾਲੋਂ ਹੇਠਾਂ ਬਣਿਆ ਹੋਇਆ ਹੈ ਅਤੇ ਸਵੇਰ ਵੇਲੇ ਸੰਘਣੀ ਧੁੰਦ ਕਾਰਨ ਵਿਜ਼ੀਬਿਲਟੀ (ਦ੍ਰਿਸ਼ਟੀ) ਕਾਫ਼ੀ ਘੱਟ ਰਹੀ ਹੈ, ਜਿਸ ਕਾਰਨ ਆਵਾਜਾਈ ਵਿੱਚ ਦਿੱਕਤਾਂ ਆ ਰਹੀਆਂ ਹਨ। ਹਰਿਆਣਾ ਵਿੱਚ ਨਾਰਨੌਲ ਸਭ ਤੋਂ ਠੰਡਾ ਸਥਾਨ ਦਰਜ ਕੀਤਾ ਗਿਆ, ਜਿੱਥੇ ਤਾਪਮਾਨ 3 ਡਿਗਰੀ ਸੈਲਸੀਅਸ ਰਿਹਾ। ਹਾਲਾਂਕਿ, ਇਹ ਵੀਰਵਾਰ ਅਤੇ ਸ਼ੁੱਕਰਵਾਰ ਦੇ ਮੁਕਾਬਲੇ (ਕ੍ਰਮਵਾਰ 1.5 ਅਤੇ 2 ਡਿਗਰੀ) ਥੋੜ੍ਹਾ ਜਿਹਾ ਸੁਧਾਰ ਹੈ।

## ਸੁਪਰ CM ਦੇ ਸ਼ੀਸ਼ ਮਹਿਲ ਦੀ ਖ਼ਬਰ ਕੀ ਲੱਗੀ, ਹਿਟਲਰ ਨੇ ਪੂਰਾ ਸਰਕਾਰੀ ਤੰਤਰ ਪਿੱਛੇ ਲਾ ਦਿੱਤਾ : ਸਵਾਤੀ ਮਾਲੀਵਾਲ

ਨਵੀਂ ਦਿੱਲੀ/ਚੰਡੀਗੜ੍ਹ, 17 ਜਨਵਰੀ : ਆਮ ਆਦਮੀ ਪਾਰਟੀ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਪੰਜਾਬ ਸਰਕਾਰ 'ਤੇ ਤਿੱਖਾ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਹੈ ਕਿ ਦੇਸ਼ ਦੇ ਪ੍ਰਤਿਸ਼ਠਿਤ ਅਖ਼ਬਾਰ ਪੰਜਾਬ ਕੇਸਰੀ ਨੇ ਜਦੋਂ ਤੋਂ ਪੰਜਾਬ ਦੇ 'ਸੁਪਰ ਸੀਐੱਮ' ਦੇ 'ਸ਼ੀਸ਼ ਮਹਿਲ 2' ਬਾਰੇ ਖ਼ਬਰ ਪ੍ਰਕਾਸ਼ਿਤ ਕੀਤੀ ਹੈ, ਉਦੋਂ ਤੋਂ ਸਰਕਾਰ ਨੇ ਆਪਣਾ ਪੂਰਾ ਸਰਕਾਰੀ ਤੰਤਰ ਅਖ਼ਬਾਰ ਦੇ ਪਿੱਛੇ ਲਗਾ ਦਿੱਤਾ ਹੈ। ਉਨ੍ਹਾਂ ਨੇ ਸਰਕਾਰ ਦੇ ਰਵੱਈਏ ਦੀ ਤੁਲਨਾ 'ਹਿਟਲਰ' ਨਾਲ ਕਰਦਿਆਂ ਕਿਹਾ ਕਿ ਸੱਚਾਈ ਨੂੰ ਦਬਾਉਣ ਲਈ ਮੀਡੀਆ 'ਤੇ ਹਮਲੇ ਕੀਤੇ ਜਾ ਰਹੇ ਹਨ। ਮਾਲੀਵਾਲ ਨੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਕਰੋੜਾਂ ਰੁਪਏ ਦੇ ਸਰਕਾਰੀ ਇਸ਼ਤਿਹਾਰਾਂ (Ads) ਰਾਹੀਂ ਮੀਡੀਆ ਨੂੰ ਖ਼ਰੀਦਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਕਿਸ ਨੂੰ ਸਰਕਾਰੀ ਇਸ਼ਤਿਹਾਰ ਮਿਲੇਗਾ ਅਤੇ ਕਿਸ ਨੂੰ ਨਹੀਂ, ਇਸ ਦਾ ਫੈਸਲਾ ਦਿੱਲੀ ਵਿੱਚ ਬੈਠੇ ਲੋਕ ਕਰਦੇ ਹਨ। ਉਨ੍ਹਾਂ ਅਨੁਸਾਰ, ਜੋ ਮੀਡੀਆ ਅਦਾਰੇ ਸਰਕਾਰ ਦੀ ਤਾਰੀਫ਼ ਕਰਦੇ ਹਨ, ਉਨ੍ਹਾਂ ਦੇ ਇਸ਼ਤਿਹਾਰ ਵਧਾ ਦਿੱਤੇ ਜਾਂਦੇ ਹਨ, ਪਰ ਜੇਕਰ ਕੋਈ 1 ਫੀਸਦੀ ਵੀ ਨੈਗੇਟਿਵ (ਵਿਰੋਧੀ) ਖ਼ਬਰ ਲਿਖਦਾ ਹੈ, ਤਾਂ ਉਸਦੇ ਇਸ਼ਤਿਹਾਰ ਤੁਰੰਤ ਬੰਦ ਕਰ ਦਿੱਤੇ ਜਾਂਦੇ ਹਨ। ਸਵਾਤੀ ਮਾਲੀਵਾਲ ਨੇ ਇਹ ਵੀ ਦੱਸਿਆ ਕਿ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਲਿਖਣ ਵਾਲੇ ਪੱਤਰਕਾਰਾਂ ਵਿਰੁੱਧ ਪੁਲਸ ਕਾਰਵਾਈ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਜਿਹੜੇ ਪੱਤਰਕਾਰ ਸਰਕਾਰ ਨੂੰ ਪਸੰਦ ਨਹੀਂ ਹਨ, ਉਨ੍ਹਾਂ ਦੀ ਮਾਨਤਾ (Accreditation) ਰੱਦ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਦੇ ਪੱਤਰਕਾਰਾਂ ਨੂੰ ਪੈਸੇ ਦੇ ਕੇ ਪੰਜਾਬ ਵਿੱਚ ਨੌਕਰੀਆਂ 'ਤੇ ਟਰਾਂਸਫ਼ਰ ਕਰਵਾਇਆ ਗਿਆ ਹੈ। ਉਨ੍ਹਾਂ ਅਨੁਸਾਰ, ਵੱਖ-ਵੱਖ ਵਿਭਾਗਾਂ ਵਿੱਚ ਇਸ਼ਤਿਹਾਰਬਾਜ਼ੀ 'ਤੇ ਕੀਤੇ ਜਾ ਰਹੇ ਖ਼ਰਚੇ ਨੂੰ ਲੁਕੋਇਆ ਜਾ ਰਿਹਾ ਹੈ।

ਮਾਲੀਵਾਲ ਨੇ ਚਿਤਾਵਨੀ ਦਿੱਤੀ ਕਿ ਜਿਸ ਦਿਨ ਸਰਕਾਰ ਦੇ ਪ੍ਰਚਾਰ ਅਤੇ ਇਸ਼ਤਿਹਾਰਬਾਜ਼ੀ ਦਾ ਅਸਲ ਖ਼ਰਚਾ ਜਨਤਕ ਹੋ ਗਿਆ, ਉਸ ਦਿਨ ਸਭ ਦੇ ਹੋਸ਼ ਉੱਡ ਜਾਣਗੇ।



## ਆਖ਼ਰਕਾਰ, ਸੱਚ ਦੀ ਹੀ ਜਿੱਤ ਹੋਈ ! ਆਤਿਸ਼ੀ ਮਾਮਲੇ 'ਤੇ ਦਿੱਲੀ CM ਦਾ ਬਿਆਨ

ਨਵੀਂ ਦਿੱਲੀ, 17 ਜਨਵਰੀ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ਨੀਵਾਰ ਨੂੰ ਕਿਹਾ ਕਿ ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਵੱਲੋਂ ਜਨਤਕ ਕੀਤੀ ਗਈ ਫੋਰੈਂਸਿਕ ਸਾਇੰਸ ਲੈਬਾਰਟਰੀ (FSL) ਦੀ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ 6 ਜਨਵਰੀ ਨੂੰ ਵਿਧਾਨ ਸਭਾ 'ਚ ਆਤਿਸ਼ੀ ਵੱਲੋਂ ਦਿੱਤੀ ਗਈ ਟਿੱਪਣੀ ਦੀ ਵੀਡੀਓ ਪੂਰੀ ਤਰ੍ਹਾਂ ਅਸਲੀ ਹੈ। ਦੱਸਣਯੋਗ ਹੈ ਕਿ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂਆਂ ਬਾਰੇ ਅਪਮਾਨਜਨਕ ਟਿੱਪਣੀ ਕੀਤੀ ਗਈ ਸੀ। ਰੇਖਾ ਗੁਪਤਾ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰ ਕੇ ਕਿਹਾ," ਐੱਫ.ਐੱਸ.ਐੱਲ. ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਵੀਡੀਓ 100 ਫੀਸਦੀ ਸਹੀ ਹੈ ਅਤੇ ਵਿਧਾਨ ਸਭਾ ਦੀ ਕਾਰਵਾਈ ਦੀ ਇਸ ਫੁਟੇਜ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਛੇੜਛਾੜ ਨਹੀਂ ਕੀਤੀ ਗਈ। ਉਨ੍ਹਾਂ ਨੇ ਇਸ ਟਿੱਪਣੀ ਨੂੰ ਗੁਰੂਆਂ ਦੇ ਮਹਾਨ ਬਲੀਦਾਨ 'ਤੇ ਇਕ 'ਅਪਮਾਨਜਨਕ ਅਤੇ ਸ਼ਰਮਨਾਕ' ਹਮਲਾ ਕਰਾਰ ਦਿੱਤਾ ਹੈ।" ਉਨ੍ਹਾਂ ਅੱਗੇ ਲਿਖਿਆ,"ਆਪਣੀ ਗਲਤੀ ਸਵੀਕਾਰ ਕਰਨ ਦੀ ਬਜਾਏ, ਪਾਰਟੀ ਨੇ ਸੱਚ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ।



## "ਇੰਦੌਰ 'ਚ ਦੂਸ਼ਿਤ ਪਾਣੀ ਪੀ ਕੇ ਮਰ ਰਹੇ ਹਨ ਲੋਕ", ਰਾਹੁਲ ਗਾਂਧੀ ਦਾ ਸਰਕਾਰ 'ਤੇ ਵੱਡਾ ਹਮਲਾ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ, 17 ਜਨਵਰੀ : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਇੰਦੌਰ ਦੇ ਭਾਗੀਰਥਪੁਰਾ ਖੇਤਰ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਉਲਟੀਆਂ ਅਤੇ ਦਸਤ ਫੈਲਣ ਕਾਰਨ ਕਈ ਲੋਕਾਂ ਦੀ ਮੌਤ 'ਤੇ ਸਰਕਾਰ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ ਦੇਸ਼ ਦੇ ਸਭ ਤੋਂ ਸਾਫ਼ ਸ਼ਹਿਰ ਵਿੱਚ ਲੋਕ "ਦੂਸ਼ਿਤ ਪਾਣੀ ਪੀਣ ਤੋਂ ਬਾਅਦ ਮਰ ਰਹੇ ਹਨ" ਅਤੇ ਪੀਣ ਵਾਲੇ ਪਾਣੀ ਦੀ ਇਹ ਤ੍ਰਾਸਦੀ "ਸਰਕਾਰ ਦੀ ਅਸਫਲਤਾ ਦਾ ਨਤੀਜਾ ਹੈ।" ਗਾਂਧੀ ਨੇ ਭਾਗੀਰਥਪੁਰਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਉਲਟੀਆਂ ਅਤੇ ਦਸਤ ਫੈਲਣ ਕਾਰਨ ਦਾਖਲ ਚਾਰ ਮਰੀਜ਼ਾਂ ਦਾ ਦੌਰਾ ਕੀਤਾ, ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਦੇ ਨਾਲ ਕਾਂਗਰਸ ਦੀ ਸੂਬਾ ਇਕਾਈ ਦੇ ਪ੍ਰਧਾਨ ਜੀਤੂ ਪਟਵਾਰੀ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਉਮੰਗ ਸਿੰਘਾਰ ਵੀ ਸਨ। ਕਾਂਗਰਸ ਦੇ ਸਾਬਕਾ ਰਾਸ਼ਟਰੀ ਪ੍ਰਧਾਨ ਬਾਅਦ ਵਿੱਚ ਭਾਗੀਰਥਪੁਰਾ ਪਹੁੰਚੇ ਅਤੇ ਉਲਟੀਆਂ ਅਤੇ ਦਸਤ ਫੈਲਣ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਸੰਵੇਦਨਾ ਪ੍ਰਗਟ ਕੀਤੀ। ਇਨ੍ਹਾਂ ਪਰਿਵਾਰਾਂ ਨਾਲ ਮੁਲਾਕਾਤ ਤੋਂ ਬਾਅਦ ਗਾਂਧੀ ਨੇ ਕਿਹਾ ਇੰਦੌਰ ਇੱਕ ਨਵਾਂ ਮਾਡਲ ਸਮਾਰਟ ਸਿਟੀ ਹੈ, ਪਰ ਇਸ ਵਿੱਚ ਪੀਣ ਵਾਲਾ ਸਾਫ਼ ਪਾਣੀ ਵੀ ਨਹੀਂ ਹੈ। ਲੋਕਾਂ ਨੂੰ ਡਰਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, ਇਸ ਸ਼ਹਿਰ ਵਿੱਚ, ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਨਹੀਂ ਮਿਲ ਰਿਹਾ, ਅਤੇ ਲੋਕ ਦੂਸ਼ਿਤ ਪਾਣੀ ਪੀਣ ਤੋਂ ਬਾਅਦ ਮਰ ਰਹੇ ਹਨ। ਇਹ ਸ਼ਹਿਰੀ ਮਾਡਲ ਹੈ। ਇਹ ਸਿਰਫ਼ ਇੰਦੌਰ ਬਾਰੇ ਨਹੀਂ ਹੈ। ਇਹ ਦੇਸ਼ ਭਰ ਦੇ ਸ਼ਹਿਰਾਂ ਵਿੱਚ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣਾ ਅਤੇ ਪ੍ਰਦੂਸ਼ਣ ਘਟਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ, ਪਰ ਸਰਕਾਰ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਮੰਗ ਕੀਤੀ ਕਿ ਸਰਕਾਰ ਇੰਦੌਰ ਦੇ ਪੀਣ ਵਾਲੇ ਪਾਣੀ ਦੇ ਸੰਕਟ ਦੀ ਜ਼ਿੰਮੇਵਾਰੀ ਲਵੇ। ਗਾਂਧੀ ਨੇ ਕਿਹਾ, ਆਖ਼ਰਕਾਰ, ਇੰਦੌਰ ਵਿੱਚ ਇਸ ਪੀਣ ਵਾਲੇ ਪਾਣੀ ਦੇ ਸੰਕਟ ਲਈ ਸਰਕਾਰ ਵਿੱਚ ਕੋਈ ਨਾ ਕੋਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਸਰਕਾਰ ਨੂੰ ਇਸ ਲਈ ਕੁਝ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੇ ਸਭ ਤੋਂ ਸਾਫ਼ ਸ਼ਹਿਰ ਵਿੱਚ ਸਰਕਾਰੀ ਲਾਪਰਵਾਹੀ ਕਾਰਨ ਦੂਸ਼ਿਤ ਪਾਣੀ ਪੀਣ ਨਾਲ ਲੋਕਾਂ ਦੀ ਮੌਤ ਹੋਈ। ਗਾਂਧੀ ਨੇ ਕਿਹਾ, ਅਜਿਹੀ ਸਥਿਤੀ ਵਿੱਚ, ਸਰਕਾਰ ਨੂੰ ਪੂਰਾ ਸਮਰਥਨ ਦੇਣਾ ਚਾਹੀਦਾ ਹੈ ਅਤੇ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਦੇਣਾ ਚਾਹੀਦਾ ਹੈ। ਗਾਂਧੀ ਦੀ ਫੇਰੀ ਦੇ ਮੱਦੇਨਜ਼ਰ, ਭਗੀਰਥਪੁਰਾ ਵਿੱਚ ਪੁਲਿਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਸਨ ਅਤੇ ਵੱਖ-ਵੱਖ ਥਾਵਾਂ 'ਤੇ ਬੈਰੀਕੇਡ ਲਗਾਏ ਸਨ। ਭਗੀਰਥਪੁਰਾ ਵਿੱਚ ਦੂਸ਼ਿਤ ਪੀਣ ਵਾਲੇ ਪਾਣੀ ਕਾਰਨ ਲੋਕਾਂ ਦੇ ਬਿਮਾਰ ਹੋਣ ਦਾ ਪ੍ਰਕੋਪ ਦਸੰਬਰ ਦੇ ਅਖੀਰ ਵਿੱਚ ਸ਼ੁਰੂ ਹੋਇਆ ਸੀ। ਸਥਾਨਕ ਨਿਵਾਸੀਆਂ ਨੇ ਇਸ ਪ੍ਰਕੋਪ ਵਿੱਚ ਹੁਣ ਤੱਕ 24 ਮੌਤਾਂ ਦਾ ਦਾਅਵਾ ਕੀਤਾ ਹੈ। ਮੌਤਾਂ ਦੀ ਗਿਣਤੀ ਬਾਰੇ ਵਿਰੋਧੀ ਦਾਅਵਿਆਂ ਦੇ ਵਿਚਕਾਰ, ਰਾਜ ਸਰਕਾਰ ਨੇ ਵੀਰਵਾਰ ਨੂੰ ਮੱਧ ਪ੍ਰਦੇਸ਼ ਹਾਈ ਕੋਰਟ ਦੇ ਇੰਦੌਰ ਬੈਂਚ ਨੂੰ ਸੌਂਪੀ ਗਈ ਇੱਕ ਸਟੇਟਸ ਰਿਪੋਰਟ ਵਿੱਚ, ਭਗੀਰਥਪੁਰਾ ਵਿੱਚ ਉਲਟੀਆਂ ਅਤੇ ਦਸਤ ਦੇ ਪ੍ਰਕੋਪ ਦੌਰਾਨ ਪੰਜ ਮਹੀਨੇ ਦੇ ਇੱਕ ਲੜਕੇ ਸਮੇਤ ਸੱਤ ਲੋਕਾਂ ਦੀ ਮੌਤ ਦਾ ਜ਼ਿਕਰ ਕੀਤਾ। ਇਸ ਦੌਰਾਨ, ਸ਼ਹਿਰ ਦੇ ਸਰਕਾਰੀ ਮਹਾਤਮਾ ਗਾਂਧੀ ਮੈਮੋਰੀਅਲ ਮੈਡੀਕਲ ਕਾਲਜ ਦੀ ਇੱਕ ਕਮੇਟੀ ਦੁਆਰਾ ਕੀਤੀ ਗਈ ਇੱਕ ਮੌਤ ਆਡਿਟ ਰਿਪੋਰਟ ਵਿੱਚ ਸੰਕੇਤ ਦਿੱਤਾ ਗਿਆ ਹੈ ਕਿ ਭਗੀਰਥਪੁਰਾ ਵਿੱਚ 15 ਲੋਕਾਂ ਦੀ ਮੌਤ ਇਸ ਪ੍ਰਕੋਪ ਨਾਲ ਜੁੜੀ ਹੋ ਸਕਦੀ ਹੈ। ਪ੍ਰਸ਼ਾਸਨ ਨੇ ਭਾਗੀਰਥਪੁਰਾ ਵਿੱਚ ਉਲਟੀਆਂ ਅਤੇ ਦਸਤ ਦਾ ਪ੍ਰਕੋਪ ਸ਼ੁਰੂ ਹੋਣ ਤੋਂ ਬਾਅਦ ਆਪਣੀਆਂ ਜਾਨਾਂ ਗੁਆਉਣ ਵਾਲੇ 21 ਲੋਕਾਂ ਨੂੰ 2-2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਹੈ।



# ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਲੋਕਤੰਤਰ ਲਈ ਖ਼ਤਰੇ ਦੀ ਘੰਟੀ, ਆਰ.ਪੀ. ਸਿੰਘ ਨੇ ਘੇਰੀ 'ਆਪ' ਸਰਕਾਰ

## ਆਰ.ਪੀ. ਸਿੰਘ ਨੇ ਮੰਗ ਕੀਤੀ ਕਿ ਅਰਵਿੰਦ ਕੇਜਰੀਵਾਲ ਅਤੇ ਆਤਿਸ਼ੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਨਤਮਸਤਕ ਹੋ ਕੇ ਮਾਫ਼ੀ ਮੰਗਣੀ ਚਾਹੀਦੀ ਹੈ।



ਨਵੀਂ ਦਿੱਲੀ, 17 ਜਨਵਰੀ : ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਬੁਲਾਰੇ ਸਰਦਾਰ ਆਰ.ਪੀ. ਸਿੰਘ ਨੇ ਪੰਜਾਬ ਅਤੇ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਉਨ੍ਹਾਂ 'ਤੇ ਮੀਡੀਆ ਦੀ ਆਵਾਜ਼ ਦਬਾਉਣ ਅਤੇ ਸਿੱਖ ਗੁਰੂਆਂ ਦਾ ਅਪਮਾਨ ਕਰਨ ਦੇ ਗੰਭੀਰ ਦੋਸ਼ ਲਾਏ। ਭਾਜਪਾ ਮੁੱਖ ਦਫ਼ਤਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਤੰਤਰ ਦੇ ਚੌਥੇ ਥੰਮ?ਹ 'ਤੇ ਹਮਲਾ ਕਰ ਰਹੀ ਹੈ। ਕਾਨਫਰੰਸ ਦੌਰਾਨ ਆਰ.ਪੀ. ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਬਣ ਰਹੇ ਨਵੇਂ 'ਸ਼ੀਸ਼ ਮਹਿਲ' (ਮੁੱਖ ਮੰਤਰੀ ਦੀ ਰਿਹਾਇਸ਼) ਬਾਰੇ ਖ਼ਬਰ ਛਾਪਣ 'ਤੇ ਪੰਜਾਬ ਕੇਸਰੀ ਅਤੇ ਜਗ ਬਾਣੀ ਸਮੂਹ ਵਿਰੁੱਧ ਸਰਕਾਰੀ ਤੰਤਰ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 2 ਨਵੰਬਰ 2025 ਨੂੰ ਅਖ਼ਬਾਰ ਵੰਡਣ ਵਾਲੀਆਂ ਗੱਡੀਆਂ ਨੂੰ ਰੋਕ ਕੇ ਡਰਾਈਵਰਾਂ ਦੇ ਫ਼ੋਨ ਖੋਹ ਲਏ ਗਏ ਤਾਂ ਜੋ ਖ਼ਬਰਾਂ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਿਆ ਜਾ ਸਕੇ। ਇਸ ਤੋਂ ਇਲਾਵਾ, ਬਠਿੰਡਾ ਪ੍ਰੈੱਸ ਦੇ ਦਰਵਾਜ਼ੇ ਤੋੜ ਕੇ ਪੁਲਸ ਅੰਦਰ ਦਾਖ਼ਲ ਹੋਈ ਅਤੇ ਮੁਲਾਜ਼ਮਾਂ ਨਾਲ ਕੁੱਟਮਾਰ ਕੀਤੀ ਗਈ, ਜਿਸ ਕਾਰਨ ਕਈ ਕਰਮਚਾਰੀ ਹਸਪਤਾਲ ਦਾਖ਼ਲ ਹਨ। ਜਲੰਧਰ ਯੂਨਿਟ ਨੂੰ ਪ੍ਰਦੂਸ਼ਣ ਬੋਰਡ ਰਾਹੀਂ ਨੋਟਿਸ ਭੇਜ ਕੇ ਤੰਗ ਕੀਤਾ ਜਾ ਰਿਹਾ ਹੈ। ਆਰ.ਪੀ. ਸਿੰਘ ਨੇ ਇਸ ਦੀ ਤੁਲਨਾ 1975 ਦੀ ਐਮਰਜੈਂਸੀ ਨਾਲ ਕਰਦਿਆਂ ਕਿਹਾ ਕਿ ਕੇਜਰੀਵਾਲ ਸਰਕਾਰ ਮੀਡੀਆ ਨੂੰ 'ਮਾਈ ਵੇਅ ਜਾਂ ਹਾਈਵੇਅ' ਦੀ ਨੀਤੀ ਨਾਲ ਚਲਾਉਣਾ ਚਾਹੁੰਦੀ ਹੈ। ਦਿੱਲੀ ਵਿਧਾਨ ਸਭਾ ਦੀ ਘਟਨਾ ਦਾ ਜ਼ਿਕਰ ਕਰਦਿਆਂ ਭਾਜਪਾ ਆਗੂ ਨੇ ਕਿਹਾ ਕਿ ਆਤਿਸ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਚੱਲ ਰਹੀ ਚਰਚਾ ਦੌਰਾਨ ਗੁਰੂ ਸਾਹਿਬਾਨ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਘਟਨਾ ਨੂੰ ਛੁਪਾਉਣ ਲਈ ਇੱਕ 'ਕੱਟ-ਪੇਸਟ' ਕੀਤੀ ਹੋਈ ਜਾਅਲੀ ਵੀਡੀਓ ਅਤੇ ਫੋਰੈਂਸਿਕ ਰਿਪੋਰਟ ਪੇਸ਼ ਕੀਤੀ ਗਈ, ਜਦਕਿ ਅਸਲ ਵੀਡੀਓ ਵਿੱਚ ਅਪਮਾਨਜਨਕ ਸ਼ਬਦ ਸਾਫ਼ ਸੁਣੇ ਜਾ ਸਕਦੇ ਹਨ।

ਆਰ.ਪੀ. ਸਿੰਘ ਨੇ ਮੰਗ ਕੀਤੀ ਕਿ ਅਰਵਿੰਦ ਕੇਜਰੀਵਾਲ ਅਤੇ ਆਤਿਸ਼ੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਨਤਮਸਤਕ ਹੋ ਕੇ ਮਾਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਇਸ ਮਾਮਲੇ ਦੀ ਜਾਂਚ ਕਰੇਗੀ ਅਤੇ ਜਾਅਲੀ ਵੀਡੀਓ ਪੇਸ਼ ਕਰਨ ਵਾਲਿਆਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੇਸ਼ ਦੇ ਮੀਡੀਆ ਅਦਾਰਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਔਖੀ ਘੜੀ ਵਿੱਚ ਪੰਜਾਬ ਦੇ ਮੀਡੀਆ ਸਮੂਹਾਂ ਦਾ ਸਾਥ ਦੇਣ।

# ਅਤਿਸ਼ੀ ਦੇ ਬਿਆਨਾਂ 'ਤੇ ਬਾਜਵਾ ਦਾ ਵਾਰ, ਕਿਹਾ 'ਫੋਰੈਂਸਿਕ ਰਿਪੋਰਟ ਨੇ ਸੱਚ ਸਾਹਮਣੇ ਲਿਆਂਦਾ'



ਚੰਡੀਗੜ੍ਹ, 17 ਜਨਵਰੀ : ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਦੀ ਵਿਰੋਧੀ ਧਿਰ ਦੀ ਨੇਤਾ ਅਤਿਸ਼ੀ ਮਾਰਲੇਨਾ ਵੱਲੋਂ ਦਿੱਤੇ ਗਏ ਬਿਆਨ ਬਹੁਤ ਹੀ ਗਲਤ, ਅਪੱਤੀਜਨਕ ਅਤੇ ਸਿੱਖ ਸਮਾਜ ਲਈ ਅਪਮਾਨਜਨਕ ਸਨ। ਉਨ੍ਹਾਂ ਕਿਹਾ ਕਿ ਇਕ ਸੰਵਿਧਾਨਕ ਅਹੁਦਾ ਧਾਰਕ ਵੱਲੋਂ ਅਜਿਹੇ ਬਿਆਨ ਆਉਣਾ ਵਿਧਾਨ ਸਭਾ ਦੀ ਮਰਿਆਦਾ ਨੂੰ ਵੀ ਠੇਸ ਪਹੁੰਚਾਉਂਦਾ ਹੈ। ਬਾਜਵਾ ਨੇ ਕਿਹਾ ਕਿ ਇਹ ਮਾਮਲਾ ਹੁਣ ਰਾਜਨੀਤੀ ਤੱਕ ਸੀਮਿਤ ਨਹੀਂ ਰਿਹਾ, ਬਲਕਿ ਸੰਵਿਧਾਨਕ ਮਰਿਆਦਾ ਅਤੇ ਧਾਰਮਿਕ ਭਾਵਨਾਵਾਂ ਦੇ ਸਤਿਕਾਰ ਨਾਲ ਜੁੜਿਆ ਹੋਇਆ ਗੰਭੀਰ ਮੁੱਦਾ ਬਣ ਚੁੱਕਾ ਹੈ। ਉਨ੍ਹਾਂ ਦੱਸਿਆ ਕਿ 6 ਜਨਵਰੀ 2026 ਨੂੰ ਦਿੱਲੀ ਵਿਧਾਨ ਸਭਾ ਦੇ ਸਪੀਕਰ ਵੱਲੋਂ ਜਾਰੀ ਅਧਿਕਾਰਿਕ ਬੁਲੇਟਿਨ ਨੇ ਸਾਰੇ ਤੱਥ ਸਪੱਸ਼ਟ ਤੌਰ 'ਤੇ ਰਿਕਾਰਡ 'ਤੇ ਲਿਆ ਦਿੱਤੇ ਹਨ। ਉਨ੍ਹਾਂ ਕਿਹਾ ਕਿ ਬੁਲੇਟਿਨ ਵਿਚ ਦਰਜ ਹੈ ਕਿ ਪ੍ਰਧਾਨ ਅਧਿਕਾਰੀ ਨੂੰ ਫੋਰੈਂਸਿਕ ਲੈਬੋਰਟਰੀ ਦੀ ਰਿਪੋਰਟ ਪ੍ਰਾਪਤ ਹੋਈ, ਜਿਸ ਨੇ ਸਦਨ ਵਿਚ ਦਿੱਤੇ ਗਏ ਅਪੱਤੀਜਨਕ ਬਿਆਨਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ ਹੈ। ਬਾਜਵਾ ਨੇ ਕਿਹਾ ਕਿ ਜਦੋਂ ਵਿਧਾਨ ਸਭਾ ਦੇ ਅਧਿਕਾਰਿਕ ਰਿਕਾਰਡ ਅਤੇ ਫੋਰੈਂਸਿਕ ਸਬੂਤ ਮੌਜੂਦ ਹਨ ਤਾਂ ਇਨਕਾਰ ਜਾਂ ਟਾਲਮਟੋਲ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਬਾਜਵਾ ਨੇ ਕਿਹਾ ਕਿ ਪੰਜਾਬ ਅਤੇ ਦੁਨੀਆ ਭਰ ਦੇ ਸਿੱਖਾਂ ਵਿਚ ਭਾਰੀ ਰੋਸ ਦੇ ਬਾਵਜੂਦ ਅਤੀਸ਼ੀ ਮਾਰਲੇਨਾ ਵੱਲੋਂ ਨਾ ਕੋਈ ਸਪੱਸ਼ਟੀਕਰਨ ਆਇਆ ਅਤੇ ਨਾ ਹੀ ਮਾਫ਼ੀ ਮੰਗੀ ਗਈ। ਉਨ੍ਹਾਂ ਕਿਹਾ ਕਿ ਇਹ ਚੁੱਪੀ ਨੈਤਿਕ ਜ਼ਿੰਮੇਵਾਰੀ ਦੀ ਘਾਟ ਨੂੰ ਦਰਸਾਉਂਦੀ ਹੈ। ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਮਾਮਲੇ ਵਿਚ ਤੁਰੰਤ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਧਾਰਮਿਕ ਭਾਵਨਾਵਾਂ ਨੂੰ ਜਾਣਬੁੱਝ ਕੇ ਠੇਸ ਪਹੁੰਚਾਉਣ ਲਈ ਫੌਜਦਾਰੀ ਕੇਸ ਦਰਜ ਕੀਤਾ ਜਾਵੇ, ਬਿਨਾਂ ਕਿਸੇ ਸ਼ਰਤ ਦੇ ਜਨਤਕ ਮੁਆਫੀ ਮੰਗੀ ਜਾਵੇ ਅਤੇ ਅਤੀਸ਼ੀ ਮਾਰਲੇਨਾ ਨੂੰ ਦਿੱਲੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਤੁਰੰਤ ਹਟਾਇਆ ਜਾਵੇ। ਨਾਲ ਹੀ, ਆਮ ਆਦਮੀ ਪਾਰਟੀ ਦੀ ਨੇਤ੍ਰਿਤਵ ਨੂੰ ਵੀ ਇਸ ਮਾਮਲੇ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਜਲੰਧਰ ਵਿੱਚ ਵਿਰੋਧੀ ਨੇਤਾਵਾਂ ਖ਼?ਲਾਫ਼ ਦਰਜ ਕੀਤੀ ਗਈ ਐਫਆਈਆਰ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਵੀ ਕੀਤੀ, ਕਿਉਂਕਿ ਜਿਸ ਸਮੱਗਰੀ ਨੂੰ ਸਾਂਝਾ ਕਰਨ ਲਈ ਇਹ ਐਫਆਈਆਰ ਦਰਜ ਕੀਤੀ ਗਈ ਸੀ, ਉਹ ਹੁਣ ਦਿੱਲੀ ਵਿਧਾਨ ਸਭਾ ਵੱਲੋਂ ਅਧਿਕਾਰਿਕ ਤੌਰ 'ਤੇ ਪ੍ਰਮਾਣਿਤ ਹੋ ਚੁੱਕੀ ਹੈ। ਬਾਜਵਾ ਨੇ ਚੇਤਾਵਨੀ ਦਿੱਤੀ ਕਿ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਲਈ ਰਾਜ ਦੀ ਮਸ਼ੀਨਰੀ ਦੀ ਵਰਤੋਂ ਕਰਨਾ ਅਤੇ ਦੋਸ਼ੀਆਂ ਨੂੰ ਬਚਾਉਣਾ ਲੋਕਤੰਤਰ ਅਤੇ ਕਾਨੂੰਨ ਦੀ ਬਰਾਬਰੀ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਅੰਤ ਵਿੱਚ ਕਿਹਾ ਕਿ ਸਿੱਖ ਸਮਾਜ ਆਪਣੇ ਗੁਰੂਆਂ ਦੇ ਅਪਮਾਨ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ ਅਤੇ ਇਨਸਾਫ਼ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਜਾਂ ਇਨਕਾਰ ਅਸਵੀਕਾਰਯੋਗ ਹੈ।

## ਸੁਖਬੀਰ ਸਿੰਘ ਬਾਦਲ ਨੂੰ ਵੱਡੀ ਰਾਹਤ

ਚੰਡੀਗੜ੍ਹ, 17 ਜਨਵਰੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ਼ਨੀਵਾਰ ਨੂੰ ਮਾਣਹਾਨੀ ਮਾਮਲੇ ਵਿਚ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਇਹ ਮਾਮਲਾ 8 ਸਾਲ ਪੁਰਾਣਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਸੀ ਅਤੇ ਪੇਸ਼ ਨਾ ਹੋਣ 'ਤੇ ਉਨ੍ਹਾਂ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਸੀ। ਅਖੰਡ ਕੀਰਤਨੀ ਜਥੇ ਦੇ ਬੁਲਾਰੇ ਅਤੇ ਮੋਹਾਲੀ ਦੇ ਵਸਨੀਕ ਰਜਿੰਦਰ ਪਾਲ ਸਿੰਘ ਨੇ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਸੁਖਬੀਰ ਸਿੰਘ ਬਾਦਲ ਵਿਰੁੱਧ ਮਾਣਹਾਨੀ ਦੀ ਸ਼ਿਕਾਇਤ ਦਾਇਰ ਕੀਤੀ ਸੀ।

ਇਹ ਸ਼ਿਕਾਇਤ ਭਾਰਤੀ ਦੰਡ ਸੰਹਿਤਾ ਦੀ ਧਾਰਾ 499 ਤਹਿਤ ਦਾਇਰ ਕੀਤੀ ਗਈ ਸੀ।

## ਆਤਿਸ਼ੀ ਨੂੰ ਬਚਾ ਕੇ ਗੁਰੂ ਸਾਹਿਬ ਦੀ ਬੇਅਦਬੀ ਕਰ ਰਹੇ ਭਗਵੰਤ ਮਾਨ: ਅਸ਼ਵਨੀ ਸ਼ਰਮਾ

ਚੰਡੀਗੜ੍ਹ, 17 ਜਨਵਰੀ : ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਆਤਿਸ਼ੀ ਮਾਮਲੇ ਵਿਚ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ



ਸਭਾ ਵੱਲੋਂ ਕਰਵਾਈ ਫੋਰੈਂਸਿਕ ਜਾਂਚ ਵਿਚ ਇਹ ਸਪਸ਼ਟ ਹੋ ਗਿਆ ਹੈ ਕਿ ਆਤਿਸ਼ੀ ਨੇ ਗੁਰੂ ਮਹਾਰਾਜ ਲਈ ਅਪਮਾਨਜਨਕ ਸ਼ਬਦ ਬੋਲੇ ਹਨ, ਪਰ ਪੰਜਾਬ ਦੇ ਮੁੱਖ ਮੰਤਰੀ ਤੇ ਕੈਬਨਿਟ ਮੰਤਰੀ ਆਤਿਸ਼ੀ ਨੂੰ ਬਚਾ ਕੇ ਗੁਰੂ ਸਾਹਿਬ ਦੀ ਬੇਅਦਬੀ ਕਰ ਰਹੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਨੇ ਗੁਰੂ ਮਹਾਰਾਜ ਦੇ ਲਈ ਦਿੱਲੀ ਵਿਧਾਨਸਭਾ ਅੰਦਰ ਅਪਮਾਨਜਨਕ ਸ਼ਬਦ ਬੋਲੇ। ਜਿਸ ਦਿੱਲੀ ਵਿਧਾਨਸਭਾ ਦੇ ਕੋਲ ਅਸਲ ਵੀਡੀਓ ਹੈ, ਉਸ ਹੀ ਦਿੱਲੀ ਵਿਧਾਨਸਭਾ ਦੇ ਵਿਰੋਧੀ ਧਿਰ ਦੀ ਮੰਗ ਤੇ ਸਰਬਸੰਮਤੀ ਨਾਲ ਇਸ ਵੀਡੀਓ ਦੀ ਫੈਰੋਂਸਿਕ ਜਾਂਚ ਕਰਵਾਈ ਗਈ ਤੇ ਜਾਂਚ ਰਿਪੋਰਟ ਵਿਚ ਸਪੱਸ਼ਟ ਹੋ ਗਿਆ ਕੀ ਆਤਿਸ਼ੀ ਨੇ ਅਪਮਾਨਜਨਕ ਸ਼ਬਦ ਬੋਲੇ ਹਨ। ਭਾਜਪਾ ਵਿਧਾਇਕ ਨੇ ਅੱਗੇ ਕਿਹਾ ਕਿ ਜਿਸ ਪੰਜਾਬ ਸਰਕਾਰ ਦੇ ਕੋਲ ਅਸਲੀ ਵੀਡੀਓ ਹੀ ਨਹੀਂ ਫ਼?ਰ ਉਹ ਕਿਵੇਂ ਕਹਿ ਸਕਦੇ ਹਨ ਕੀ ਇਹ ਵੀਡੀਓ ਝੂਠ ਹੈ...? ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੇ ਕੈਬਨਿਟ ਮੰਤਰੀ ਗੁਰੂ ਸਾਹਿਬ ਦੇ ਲਈ ਅਪਮਾਨਜਨਕ ਸ਼ਬਦ ਬੋਲਣ ਵਾਲੀ ਆਤਿਸ਼ੀ ਨੂੰ ਬਚਾ ਕੇ ਉਸ ਪਾਪ ਦੇ ਖ਼ੁਦ ਭਾਗੀਦਾਰ ਬਣ ਰਹੇ ਹਨ ਅਤੇ ਖ਼ੁਦ ਗੁਰੂ ਸਾਹਿਬ ਜੀ ਦੀ ਬੇਅਦਬੀ ਕਰ ਰਹੇ ਹਨ।

## ਪਾਰਸਲਾਂ ਦੀ ਹੇਰਾ-ਫ਼ੇਰੀ ਕਰਨ 'ਤੇ ਕੋਰੀਅਰ ਕੰਪਨੀ ਦੇ ਮੁਲਾਜ਼ਮ 'ਤੇ ਪਰਚਾ ਦਰਜ

ਲੁਧਿਆਣਾ, 17 ਜਨਵਰੀ : ਸਲੇਮ ਟਾਬਰੀ ਥਾਣੇ ਦੀ ਪੁਲਸ ਨੇ ਇਕ ਕੋਰੀਅਰ ਕੰਪਨੀ ਵਿਚ ਕੰਮ ਕਰਨ ਵਾਲੇ ਇਕ ਕਰਮਚਾਰੀ ਵਿਰੁੱਧ ਪਾਰਸਲਾਂ ਦੀ ਹੇਰਾਫੇਰੀ ਦੇ ਦੋਸ਼ ਵਿਚ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਥਾਣੇਦਾਰ ਹਰਮੇਸ਼ ਲਾਲ ਨੇ ਦੱਸਿਆ ਕਿ ਸ਼ਿਕਾਇਤਕਰਤਾ, ਜੈਪੁਰ ਨਿਵਾਸੀ ਰਜਨੀਸ਼ ਚੌਧਰੀ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੇ ਜਲੰਧਰ ਬਾਈਪਾਸ ਚੌਂਕ 'ਤੇ ਇਕ ਕੋਰੀਅਰ ਕੰਪਨੀ ਖੋਲ੍ਹੀ ਹੈ। ਉੱਥੇ ਕੰਮ ਕਰਨ ਵਾਲੇ ਮਨੀਸ਼ ਕੁਮਾਰ ਨੇ ਕੰਪਨੀ ਦੇ 488 ਪਾਰਸਲ ਲੋਕਾਂ ਤੱਕ ਪਹੁੰਚਾਉਣ ਦੀ ਬਜਾਏ, ਉਨ੍ਹਾਂ ਪਾਰਸਲਾਂ ਨੂੰ ਆਪਣੇ ਕੋਲ ਰੱਖ ਕੇ ਹੇਰਾਫੇਰੀ ਕੀਤੀ ਹੈ। ਜਿਸ ਤੋਂ ਬਾਅਦ ਪੁਲਸ ਨੇ ਦੋਸ਼ੀ ਮਨੀਸ਼ ਕੁਮਾਰ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕੇਂਦਰੀ ਜੇਲ੍ਹ ਦੇ ਹਵਾਲਾਤੀਆਂ ਤੋਂ ਮੋਬਾਇਲ ਬਰਾਮਦ, ਪੁਲਸ ਵੱਲੋਂ ਮੁਕੱਦਮਾ ਦਰਜ

ਫਰੀਦਕੋਟ, 17 ਜਨਵਰੀ : ਕੇਂਦਰੀ ਜੇਲ੍ਹ ਫਰੀਦਕੋਟ ਦੇ ਸਹਾਇਕ ਸੁਪਰਡੈਂਟ ਵੱਲੋਂ ਥਾਣਾ ਸਿਟੀ ਕੋਤਵਾਲੀ ਪੁਲਸ ਨੂੰ ਪੱਤਰ ਲਿਖ ਕੇ ਯੋਗ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵੀਰਪਾਲ ਸਿੰਘ ਸਹਾਇਕ ਸੁਪਰਡੈਂਟ ਸਮੇਤ ਜੇਲ੍ਹ ਕਰਮਚਾਰੀਆਂ ਵੱਲੋਂ ਜੇਲ੍ਹ ਦੇ ਬਲਾਕ ਨੰਬਰ 3 ਦੀ ਬੈਰਕ ਨੰਬਰ 3 ਅਤੇ 4 ਦੀ ਅਚਾਨਕ ਤਲਾਸ਼ੀ ਕੀਤੀ ਗਈ। ਤਲਾਸ਼ੀ ਦੌਰਾਨ ਉਕਤ ਬੈਰਕਾਂ ਵਿਚ ਬੰਦ ਹਵਾਲਾਤੀ ਪਵਨਦੀਪ ਸਿੰਘ ਵਾਸੀ ਜ਼ਿਲ੍ਹਾ ਫਰੀਦਕੋਟ, ਹਵਾਲਾਤੀ ਪੀਟਰ ਮਸੀਹ ਵਾਸੀ ਜ਼ਿਲ੍ਹਾ ਗੁਰਦਾਸਪੁਰ, ਹਵਾਲਾਤੀ ਪ੍ਰੀਤ ਸਿੰਘ ਵਾਸੀ ਸੰਤ ਨਗਰ ਅਬੋਹਰ ਜ਼ਿਲ੍ਹਾ ਫਾਜ਼ਿਲਕਾ, ਹਵਾਲਾਤੀ ਕੰਵਲ ਸਿੰਘ ਵਾਸੀ ਜ਼ਿਲ੍ਹਾ ਫਾਜ਼ਿਲਕਾ, ਹਵਾਲਾਤੀ ਲਿਆਰਾ ਮਸੀਹ ਵਾਸੀ ਗੁਰਦਾਸਪੁਰ, ਹਵਾਲਾਤੀ ਸ਼ਿਵਾ ਵਾਸੀ ਜ਼ਿਲ੍ਹਾ ਫਾਜ਼ਿਲਕਾ ਦੇ ਕਬਜ਼ੇ ਵਿੱਚੋਂ 04 ਟੱਚ ਸਕਰੀਨ ਮੋਬਾਇਲ ਫੋਨ ਅਤੇ 4 ਕੀਪੈਡ ਮੋਬਾਇਲ ਫੋਨ ਬਰਾਮਦ ਕੀਤੇ ਗਏ।

## ਗੁਰਦਾਸਪੁਰ ਹਾਦਸੇ ਮਗਰੋਂ ਸਕੂਲਾਂ ਦਾ ਸਮਾਂ ਬਦਲਣ ਦੀ ਉੱਠੀ ਮੰਗ

ਫਤਿਹਗੜ੍ਹ ਚੂੜੀਆਂ, 17 ਜਨਵਰੀ : ਅੱਜ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਮਾਸਟਰ ਕੈਡਰ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਇੰਦਰਪਾਲ ਸਿੰਘ ਘਈ, ਜ਼ਿਲ੍ਹਾ ਸਰਪ੍ਰਸਤ ਰਜਿੰਦਰ ਸਿੰਘ ਬੰਦੇਸ਼ਾ, ਪੰਜਾਬ ਮੀਤ ਪ੍ਰਧਾਨ ਅਮਰਬੀਰ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਠੰਡ ਦੇ ਮੌਸਮ ਵਿਚ ਕਾਫੀ ਛੁੱਟੀਆਂ ਕੀਤੇ ਜਾਣ ਦੇ ਬਾਅਦ ਸਕੂਲ ਖੋਲ੍ਹੇ ਗਏ ਹਨ ਪਰ ਫਿਰ ਠੰਡ ਦਾ ਪ੍ਰਕੋਪ ਘੱਟਦਾ ਨਜ਼ਰ ਨਹੀਂ ਆ ਰਿਹਾ। ਗੁਰਦਾਸਪੁਰ ਤੋਂ ਆਉਂਦੇ ਹਨ, ਅੱਜ ਆਪਣੀ ਡਿਊਟੀ 'ਤੇ ਆ ਰਹੇ ਸੀ ਕਿ ਉਨ੍ਹਾਂ ਦੀ ਗੱਡੀ ਦਾ ਰਸਤੇ ਐਕਸੀਡੈਂਟ ਹੋ ਜਾਣ ਨਾਲ ਅਧਿਆਪਕਾਂ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਇਲਾਜ ਲਈ ਰੈਫਰ ਕੀਤਾ ਗਿਆ ਹੈ ਅਤੇ ਡੀ.ਸੀ. ਗੁਰਦਾਸਪੁਰ ਵਲੋਂ ਹਸਪਤਾਲ ਸਟਾਫ ਨੂੰ ਅਧਿਆਪਕਾਂ ਦੇ ਇਲਾਜ ਵਿਚ ਕੁਤਾਹੀ ਨਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਧੁੰਦ ਕਾਰਨ ਆਏ ਦਿਨ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਸ ਲਈ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇੰਨੀ ਸੰਘਣੀ ਧੁੰਦ ਕਾਰਨ ਸੜਕਾਂ 'ਤੇ ਵਿਜ਼ੀਬਿਲਟੀ ਨਾ ਹੋਣ ਕਰ ਕੇ ਹਾਦਸੇ ਹੁੰਦੇ ਹਨ, ਇਸ ਲਈ ਸਰਕਾਰ ਸਕੂਲਾਂ ਦਾ ਸਮਾਂ 10 ਵਜੇ ਦੀ ਬਜਾਏ 11 ਵਜੇ ਕਰਨ ਨੂੰ ਪਹਿਲ ਦੇਵੇ ਤਾਂ ਜੋ ਅਧਿਆਪਕ ਤੇ ਵਿਦਿਆਰਥੀ ਸਕੂਲਾਂ ਵਿਚ ਸੁਰੱਖਿਅਤ ਪਹੁੰਚ ਸਕਣ। ਇਸ ਮੌਕੇ ਰਜਿੰਦਰ ਸਿੰਘ, ਇੰਦਰਪਾਲ ਸਿੰਘ, ਨਰੇਸ਼ ਕੁਮਾਰ ਸੋਢੀ, ਕਰਮਜੀਤ ਬਾਠ, ਤਰਲੋਚਨ ਪਾਠਕ, ਸੁਧੀਰ ਜੋਸ਼ੀ, ਰਘੁਬੀਰ ਵਰਮਾ, ਰਾਜਨ ਮਸੀਹ, ਨਵਦੀਪ ਸਿੰਘ, ਜਸਬੀਰ ਕੌਰ, ਰਜਵੰਤ ਕੌਰ, ਸੁਖਬੀਰ ਕੌਰ, ਸੀਤੂ ਬਾਲਾ, ਬਲਦੇਵ ਸਿੰਘ, ਇਸ਼ਤਪ੍ਰੀਤ ਸਿੰਘ, ਅਮਰਬੀਰ ਸਿੰਘ ਤੇ ਹੋਰ ਅਧਿਆਪਕ ਆਗੂ ਹਾਜ਼ਰ ਸਨ।

# ਸੁਖਪਾਲ ਸਿੰਘ ਖਹਿਰਾ ਦਾ ਵੱਡਾ ਦਾਅਵਾ

**ਕੌਮੀ ਪੱਤ੍ਰਿਕਾ**



ਚੰਡੀਗੜ੍ਹ, 17 ਜਨਵਰੀ : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਕਥਿਤ ਵੀਡੀਓਜ਼ ਦੇ ਮਾਮਲੇ ਵਿਚ ਸਨਸਨੀਖੇਜ਼ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀਆਂ ਜੋ ਵੀਡੀਓਜ਼ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ, ਉਹ ਪੂਰੀ ਤਰ੍ਹਾਂ ਅਸਲੀ ਹਨ ਅਤੇ ਉਨ੍ਹਾਂ ਦੀ ਤਸਦੀਕ ਵਿਦੇਸ਼ੀ ਲੈਬਾਂ ਤੋਂ ਹੋ ਰਹੀ ਹੈ। ਖਹਿਰਾ ਨੇ ਜਗਮਨ ਸਮਰਾ ਵੱਲੋਂ ਕੈਨੇਡਾ ਦੇ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨਾਲ ਸਬੰਧਤ ਵੀਡੀਓਜ਼ ਦੀ ਜਾਂਚ ਕੈਨੇਡਾ ਦੀ ਇਕ ਫੋਰੈਂਸਿਕ ਲੈਬ DocuFraud ਤੋਂ ਕਰਵਾਈ ਗਈ ਹੈ। ਖਹਿਰਾ ਅਨੁਸਾਰ, ਜਗਮਨ ਸਮਰਾ ਨੇ ਤਸਦੀਕ ਕੀਤਾ ਹੈ ਕਿ ਇਨ੍ਹਾਂ ਵੀਡੀਓਜ਼ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਅਤੇ ਇਹ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦਾ ਕੰਮ ਨਹੀਂ ਹਨ। ਖਹਿਰਾ ਮੁਤਾਬਕ ਸਮਰਾ ਨੂੰ ਇਨ੍ਹਾਂ ਵੀਡੀਓਜ਼ ਦੀ ਰਿਪੋਰਟ ਈ-ਮੇਲ ਰਾਹੀਂ ਮਿਲ ਚੁੱਕੀ ਹੈ ਤੇ ਇਸ ਦੀ ਅਧਿਕਾਰਤ ਰਿਪੋਰਟ ਵੀ ਅਗਲੇ ਦੋ-ਤਿੰਨ ਦਿਨਾਂ ਵਿਚ ਪ੍ਰਾਪਤ ਹੋ ਜਾਵੇਗੀ। ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਨ੍ਹਾਂ ਵੀਡੀਓਜ਼ ਵਿਚ ਭਗਵੰਤ ਮਾਨ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਬਹੁਤ ਹੀ ਇਤਰਾਜ਼ਯੋਗ ਹਰਕਤਾਂ ਕਰਦਾ ਨਜ਼ਰ ਆ ਰਿਹਾ ਹੈ। ਇਸ ਤੋਂ ਇਲਾਵਾ ਇਕ ਰਸ਼ੀਅਨ ਕੁੜੀ ਵਾਲੀ ਵੀਡੀਓ ਵੀ ਕਾਫ਼ੀ ਚਰਚਾ ਦਾ ਵਿਸ਼ਾ ਰਹੀ ਸੀ, ਜਿਸ ਨੂੰ ਇਨ੍ਹਾਂ ਨੇ ਏ. ਆਈ. ਕਹਿ ਕੇ ਪਾਸਾ ਵੱਟ ਲਿਆ ਸੀ, ਪਰ ਹੁਣ ਫੋਰੈਂਸਿਕ ਜਾਂਚ ਵਿਚ ਇਹ ਦੋਵੇਂ ਵੀਡੀਓਜ਼ ਸਹੀ ਪਾਈਆਂ ਗਈਆਂ ਹਨ। ਸੁਖਪਾਲ ਖਹਿਰਾ ਨੇ ਆਮ ਆਦਮੀ ਪਾਰਟੀ ਨੂੰ 'ਨਾਸਤਿਕਾਂ ਦੀ ਪਾਰਟੀ' ਦੱਸਦਿਆਂ ਕਿਹਾ ਕਿ ਇਨ੍ਹਾਂ ਨੂੰ ਗੁਰੂ ਸਾਹਿਬਾਨ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਵੈਨਕੂਵਰ ਦੀ ਫੋਰੈਂਸਿਕ ਲੈਬ ਦੀ ਰਿਪੋਰਟ ਦੇ ਅਧਾਰ 'ਤੇ ਮੁੱਖ ਮੰਤਰੀ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਸਿੱਖੀ ਵਿਚ ਥੋੜ੍ਹਾ ਜਿਹਾ ਵੀ ਯਕੀਨ ਹੈ, ਤਾਂ ਉਹ ਇਨ੍ਹਾਂ ਵੀਡੀਓਜ਼ ਬਾਰੇ ਸਥਿਤੀ ਸਪੱਸ਼ਟ ਕਰਨ ਅਤੇ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਲੋਕਾਂ ਦੀ ਕਚਹਿਰੀ ਵਿਚ ਆਪਣਾ ਪੱਖ ਰੱਖਣ।

## ਫੋਰਚੂਨਰ ਸਵਾਰ ਸਮੇਤ ਪੰਜ ਲੋਕਾਂ ਦੀ ਮੌਤ

ਬਠਿੰਡਾ, 17 ਜਨਵਰੀ : ਬਠਿੰਡਾ-ਬੀਕਾਨੇਰ ਨੈਸ਼ਨਲ ਹਾਈਵੇ 'ਤੇ ਅੱਜ ਸਵੇਰੇ ਇਕ ਬੇਹੱਦ ਦਰਦਨਾਕ ਹਾਦਸਾ ਵਾਪਰ ਗਿਆ। ਸੰਘਣੀ ਧੁੰਦ ਕਾਰਨ ਵਾਪਰੇ ਇਸ ਦਿਲ ਕੰਬਾਅ ਦੇਣ ਵਾਲੇ ਹਾਦਸੇ ਵਿਚ ਇੱਕ ਔਰਤ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਮਿਲੀ ਜਾਣਕਾਰੀ ਅਨੁਸਾਰ, ਇਹ ਹਾਦਸਾ ਬਠਿੰਡਾ ਦੇ ਪਿੰਡ ਗੁੜਥੜੀ ਨੇੜੇ ਵਾਪਰਿਆ, ਜਿੱਥੇ ਇੱਕ ਗੁਜਰਾਤ ਨੰਬਰ ਦੀ ਫੋਰਚੂਨਰ ਗੱਡੀ ਅਚਾਨਕ ਬੇਕਾਬੂ ਹੋ ਕੇ ਡਿਵਾਈਡਰ ਨਾਲ ਜਾ ਟਕਰਾਈ।

## ਪੰਜਾਬ 'ਚ ਮੌਸਮ ਦੀ ਵੱਡੀ ਅਪਡੇਟ, ਇਨ੍ਹਾਂ ਜ਼ਿਲ੍ਹਿਆਂ 'ਚ ਕੱਲ੍ਹ ਪਵੇਗਾ ਮੀਂਹ

***ਏਜੰਸੀਆਂ***

ਜਲੰਧਰ, 17 ਜਨਵਰੀ : ਪੰਜਾਬ ਵਿੱਚ ਅਗਲੇ ਕੁਝ ਦਿਨਾਂ ਤੱਕ ਬਹੁਤ ਸੰਘਣੀ ਧੁੰਦ ਲੋਕਾਂ ਦੀ ਮੁਸ਼ਕਲ ਵਧਾ ਸਕਦੀ ਹੈ। ਭਾਰਤ ਮੌਸਮ ਵਿਭਾਗ (IMD) ਚੰਡੀਗੜ੍ਹ ਵੱਲੋਂ ਜਾਰੀ ਜ਼ਿਲ੍ਹਾਵਾਰ ਮੌਸਮੀ ਚੇਤਾਵਨੀ ਮੁਤਾਬਕ 18 ਜਨਵਰੀ ਤੋਂ 21 ਜਨਵਰੀ ਤੱਕ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਸੰਘਣੀ ਧੁੰਦ ਛਾਈ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਅਨੁਸਾਰ 18 ਜਨਵਰੀ ਨੂੰ ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਪੈਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।

ਕੁਝ ਥਾਵਾਂ 'ਤੇ ਵਿਜ਼ੀਬਿਲਟੀ ਬਹੁਤ ਘੱਟ ਰਹਿਣ ਦੀ ਸੰਭਾਵਨਾ ਹੈ, ਜਿਸ ਕਾਰਨ ਸੜਕ ਅਤੇ ਰੇਲ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ।

ਅਗਲੇ ਕੁਝ ਦਿਨਾਂ ਤੱਕ ਮੌਸਮ ਖ਼ੁਸ਼ਕ ਪਰ ਬੇਹੱਦ ਠੰਡਾ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ, ਜਦਕਿ 19 ਜਨਵਰੀ ਤੋਂ ਬਾਅਦ ਹਲਕੀ ਬਾਰਿਸ਼ ਹੋਣ ਦੀ ਪੇਸ਼ੀਨਗੋਈ ਵੀ ਕੀਤੀ ਗਈ ਹੈ। ਸੂਬੇ ਦੇ ਤਾਪਮਾਨ ਦੇ ਅੰਕੜਿਆਂ "ਤੇ ਨਜ਼ਰ ਮਾਰੀਏ ਤਾਂ ਪੰਜਾਬ ਵਿਚ ਠੰਡ ਨੇ ਪਿਛਲੇ ਕਈ ਰਿਕਾਰਡ ਤੋੜ ਦਿੱਤੇ ਹਨ।

## 'ਮੇਰੀ ਵਹੁਟੀ ਨੇ ਦੋ ਮੁੰਡਿਆਂ ਨਾਲ'; ਲੁਧਿਆਣਾ 'ਚ ਵਿਅਕਤੀ ਨੇ ਚੁੱਕ ਲਿਆ ਖ਼ੌਫ਼ਨਾਕ ਕਦਮ

ਲੁਧਿਆਣਾ, 17 ਜਨਵਰੀ : ਲੁਧਿਆਣਾ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਜੁਨੈਦ ਅਹਿਮਦ ਵਜੋਂ ਹੋਈ ਹੈ, ਜੋ ਚੂੜੀਆਂ ਦੀ ਦੁਕਾਨ ਚਲਾਉਂਦਾ ਸੀ ਅਤੇ ਦੋ ਬੱਚਿਆਂ ਦਾ ਪਿਤਾ ਸੀ। ਉਸ ਦੀ ਇਕ 9 ਸਾਲ ਦੀ ਧੀ ਅਤੇ 4 ਸਾਲ ਦਾ ਪੁੱਤਰ ਸੀ। ਜੁਨੈਦ ਨੇ ਆਪਣੇ ਘਰ 'ਚ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਜਦੋਂ ਗਲੀ ਵਿਚੋਂ ਲੰਘ ਰਹੇ ਲੋਕਾਂ ਨੇ ਲਾਸ਼ ਨੂੰ ਲਟਕਦਾ ਦੇਖਿਆ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਤਲਾਸ਼ੀ ਦੌਰਾਨ ਪੁਲਸ ਨੂੰ ਜੁਨੈਦ ਦੇ ਕਮਰੇ ਵਿਚੋਂ ਦੋ ਸੁਸਾਈਡ ਨੋਟ ਬਰਾਮਦ ਹੋਏ ਹਨ। ਪਹਿਲੇ ਸੁਸਾਈਡ ਨੋਟ ਵਿਚ ਜੁਨੈਦ ਨੇ ਲਿਖਿਆ ਕਿ ਉਸ ਦੀ ਪਤਨੀ ਨੇ ਦੋ ਨੌਜਵਾਨਾਂ ਨਾਲ ਮਿਲ ਕੇ ਉਸ ਨੂੰ ਡਰਾਇਆ-ਧਮਕਾਇਆ ਅਤੇ ਜ਼ਬਰਦਸਤੀ ਤਲਾਕ ਦੇ ਕਾਗਜ਼ਾਂ 'ਤੇ ਦਸਤਖਤ ਕਰਵਾ ਲਏ। ਉਸ ਨੇ ਇਨ੍ਹਾਂ ਤਿੰਨਾਂ ਨੂੰ ਹੀ ਆਪਣੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ ਹੈ। ਦੂਜਾ ਸੁਸਾਈਡ ਨੋਟ ਉਸ ਨੇ ਆਪਣੇ ਬੱਚਿਆਂ ਦੇ ਨਾਂ ਲਿਖਿਆ ਹੈ। ਇਸ ਵਿਚ ਉਸ ਨੇ ਆਪਣੀ ਧੀ ਨੂੰ ਦੱਸਿਆ ਕਿ ਉਸ ਦੀ ਮਾਂ ਪਹਿਲਾਂ ਉਸ ਨੂੰ ਪਿਆਰ ਕਰਦੀ ਸੀ, ਪਰ ਬਾਅਦ ਵਿਚ ਜਾਨ ਦੀ ਦੁਸ਼ਮਣ ਬਣ ਗਈ। ਉਸ ਨੇ ਇਹ ਵੀ ਖ਼ੁਲਾਸਾ ਕੀਤਾ ਕਿ ਉਸ ਦੀ ਪਤਨੀ ਧੀ ਨੂੰ ਪੇਟ ਵਿਚ ਹੀ ਮਾਰ ਦੇਣਾ ਚਾਹੁੰਦੀ ਸੀ।

# ਸਾਵਧਾਨ ! ਪਹਿਲਾਂ ਕੁੜੀਆਂ ਕਰਦੀਆਂ ਨੇ ਫੋਨ ਤੇ ਫਿਰ...

**ਕੌਮੀ ਪੱਤ੍ਰਿਕਾ**

ਅੰਮ੍ਰਿਤਸਰ, 17 ਜਨਵਰੀ : ਮੌਜੂਦਾ ਸਮੇਂ ਵਿਚ ਮੋਬਾਈਲ ਫੋਨ ਹੁਣ ਲਗਜਰੀ ਨਹੀਂ ਬਲਕਿ ਜ਼ਰੂਰਤ ਬਣ ਚੁੱਕੇ ਹਨ ਪਰ ਕੁਝ ਸ਼ਾਤਿਰ ਵਿਅਕਤੀ ਅਤੇ ਲੜਕੀਆਂ ਮੋਬਾਈਲ ਫੋਨ ਰਾਹੀਂ ਨਿਊਡ ਕਾਲਸ ਅਤੇ ਗਲਤ ਮੈਸੇਜਿੰਗ ਜ਼ਰੀਏ ਲੋਕਾਂ ਨਾਲ ਬਲੈਕਮੇਲਿੰਗ ਕਰਨ ਦਾ ਗੰਦਾ ਖੇਲ ਖੇਡ ਰਹੀਆਂ ਹਨ। ਲੋਕਾਂ ਨੂੰ ਹੁਣ ਇਸ ਗੰਦੇ ਖੇਡ ਤੋਂ ਬਚਣ ਦੀ ਜ਼ਰੂਰਤ ਹੈ। ਇਹ ਸਾਰਾ ਗੰਦਾ ਖੇਡ ਵਟ?ਹਸਅੱਪ ਰਾਹੀਂ ਵਾਪਰ ਰਿਹਾ ਹੈ। ਪਤਾ ਲੱਗਾ ਹੈ ਕਿ ਅੰਮ੍ਰਿਤਸਰ ਵਿਚ ਹੁਣ ਅਜਿਹੀ ਕਈ ਸ਼ਿਕਾਇਤਾਂ ਥਾਣਿਆਂ ਵਿਚ ਆ ਰਹੀਆਂ ਹਨ, ਜਿਸ ਵਿਚ ਕਾਫ਼ੀ ਲੋਕ ਬਲੈਕਮੇਲਿੰਗ ਦਾ ਸ਼ਿਕਾਰ ਹੋ ਕੇ ਹੁਣ ਪੁਲਸ ਦੀ ਸਹਾਇਤਾ ਲੈਣ ਦੀ ਮੰਗ ਕਰ ਰਹੇ ਹਨ। ਦੱਸਣਯੋਗ ਹੈ ਕਿ ਇਸ ਗੰਦੇ ਧੰਦੇ ਵਿਚ ਲੜਕੀਆਂ ਦੇ ਨਾਲ-ਨਾਲ ਕੁਝ ਲੋਕਾਂ ਨੇ ਗਰੁੱਪ ਬਣਾਏ ਹੋਏ ਹਨ ਜੋ ਕਿ ਪਹਿਲਾਂ ਵਟ?ਹਸਅੱਪ ਕਾਲ ਰਾਹੀਂ ਪਹਿਲਾਂ ਸੰਪਰਕ ਵਿਚ ਆਉਂਦੀਆ ਹਨ ਅਤੇ ਫਿਰ ਲੋਕਾਂ ਦੇ ਮੈਸਜਾਂ ਦੇ ਚਲਦੇ ਲੋਕਾਂ ਨੂੰ ਉਤੇਜਿਤ ਕਰ ਕੇ ਇਸ ਤੋਂ ਵਟ?ਹਸਅੱਪ 'ਤੇ ਨਿਊਡ ਕਾਲਸ ਕਰਦੇ ਹੋਏ ਵਿਅਕਤੀ ਦਾ ਚਿਹਰਾ ਉਕਤ ਨਿਊਡ ਕਾਲ ਦੇ ਦੌਰਾਨ ਬਣ ਰਹੀ ਵੀਡੀਓ ਵਿਚ ਲਿਆਉਣ ਨੂੰ ਕਿਹਾ ਜਾਂਦਾ ਹੈ ਅਤੇ ਜੇਕਰ ਵਿਅਕਤੀ ਆਪਣਾ ਚਿਹਰਾ ਉਸ ਵੀਡੀਓ ਕਾਲ ਦੌਰਾਨ ਸਾਹਮਣੇ ਵੀਡੀਓ ਵਿਚ ਲਿਆਂਦਾ ਹੈ ਤਾਂ ਫਿਰ ਉਸ ਤੋਂ ਬਾਅਦ ਖੇਡ ਸ਼ੁਰੂ ਹੁੰਦਾ ਹੈ ਬਲੈਕਮੇਲਿੰਗ ਦਾ। ਇਸ ਤੋਂ ਬਾਅਦ ਉਕਤ ਵਿਅਕਤੀ ਦੀ ਨਿਜਤਾ ਨੂੰ ਸਾਰਵਜਨਿਕ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਸ਼ਰਾਰਤੀ ਤੱਤ ਬੈਂਕ ਅਧਿਕਾਰੀ ਜਾਂ ਫਿਰ ਕਿਸੇ ਕੰਪਨੀ ਦੇ ਅਧਿਕਾਰੀ ਬਣ ਕੇ ਕੋਈ ਲਾਲਚ ਦੇ ਕੇ ਜਾਂ ਫਿਰ ਕਿਸੇ ਤਰ੍ਹਾਂ ਦਾ ਕਰਜ਼ਾ ਜਾਂ ਬਿਲ ਪੈਂਡਿੰਗ ਹੋਣ ਜਿਵੇਂ ਗਲਤ ਤਰ੍ਹਾਂ ਦੇ ਮੈਸੇਜ ਭੇਜ ਕੇ ਉਨ੍ਹਾਂ ਨੂੰ ਫਿਰ ਠੱਗਦੇ ਹਨ। ਹਾਲਾਕਿ ਇਸ ਸਬੰਧ ਵਿਚ ਪੁਲਸ ਪ੍ਰਸ਼ਾਸਨ ਕਾਫ਼ੀ ਕੰਮ ਕਰ ਰਿਹਾ ਹੈ ਅਤੇ ਨਾਲ ਹੀ ਇਸ ਸਬੰਧ ਵਿਚ ਕੁਝ ਇਕ ਗਰੁੱਪਾਂ ਦਾ ਪਦਾਰਫਾਸ਼ ਵੀ ਕੀਤਾ ਹੈ ਪਰ ਇਹ ਸਭ ਨਾਕਾਫੀ ਹੀ ਹੈ, ਕਿਉਕਿ ਜਿਸ ਤਰ੍ਹਾਂ ਨਾਲ ਜਿਸ ਗਿਣਤੀ ਵਿਚ ਇਹ ਮਾਮਲੇ ਸਾਹਮਣੇ ਆ ਰਹੇ ਹਨ, ਉਨ੍ਹਾਂ ਮਾਮਲਿਆਂ ਦੇ ਖੁਲਾਸੇ ਨਹੀਂ ਕੀਤੇ ਜਾ ਰਹੇ ਹਨ ਇਸ ਲਈ ਲੋਕਾਂ ਨੂੰ ਅਜਿਹੇ ਸ਼ਾਤਿਰ ਲੋਕਾਂ ਤੋਂ ਬੱਚਣ ਦੀ ਜ਼ਰੂਰਤ ਹੈ ਅਤੇ ਇਸ ਸਬੰਧੀ ਜਾਗਰੂਕਤਾ ਵੀ ਕਾਫ਼ੀ ਅਹਿਮ ਸਾਬਤ ਹੁੰਦੀ ਹੈ। ਨਿਊਡਸ ਕਾਲਸ ਦੇ ਮਾਮਲੇ ਵਿਚ ਤਾਂ ਜਾਗਰੂਕਤਾ ਨਾਲ ਕਾਫ਼ੀ ਸੰਭਲ ਕੇ ਵੀ ਰਹਿਣ ਦੀ ਜ਼ਰੂਰਤ। ਜੇਕਰ ਕੋਈ ਨਿਊਡ ਕਾਲਸ ਦੀ ਸ਼ਿਕਾਰ ਹੋ ਰਿਹਾ ਹੈ ਤਾਂ ਉਸ ਨੂੰ ਤੁਰੰਤ ਪੁਲਸ ਦੀ ਸਹਾਇਤਾ ਲੈਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵਟ?ਹਸਅੱਪ ਅਤੇ ਹੋਰ ਸਮਾਜਿਕ ਪਲੇਟਫਾਰਮਾਂ 'ਤੇ ਵੀ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਉਪਲੱਬਧ ਹੈ, ਜਿਸ ਨਾਲ ਤੁਸੀ ਅਜਿਹੀ ਕਾਲ ਨੂੰ ਇਗਨੋਰ ਕਰ ਸਕੋ। ਇਸ ਸੁਵਿਧਾਵਾਂ ਨੂੰ ਲਾਗੂ ਕਰ ਕੇ ਖ਼ੁਦ ਆਪਣੀ ਨਿਜਤਾ ਅਤੇ ਸੁਰੱਖਿਆ ਨੂੰ ਸੁਰੱਖਿਅਤ ਕਰ ਸਕਦੇ ਹੈ। ਇਸ ਪ੍ਰਤੀ ਲੋਕਾਂ ਨੂੰ ਪੂਰਾ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਨਿਊਡ ਕਾਲਸ ਰਾਹੀਂ ਬਲੈਕਮੇਲ ਕਰਨਾ ਬਹੁਤ ਗੰਭੀਰ ਵਿਸ਼ਾ ਹੈ ਅਤੇ ਇਸ ਮੁੱਦੇ ਨੂੰ ਹੱਲ ਕਰਨ ਦੇ ਕਈ ਉਪਾਅ ਹੋ ਸਕਦੇ ਹਨ , ਜਿਵੇ ਕਿ ਜਾਗਰੂਕਤਾ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਸਖ਼ਤ ਕਾਨੂੰਨੀ ਧਾਰਾਵਾਂ ਦਾ ਪਾਲਣ ਕਰਨ ਦੇ ਨਾਲ-ਨਾਲ ਸਮਾਜ ਵਿਚ ਇਸ ਸਬੰਧ ਵਿਚ ਬਿਨਾਂ ਕਿਸੇ ਹਿਚਿਕਾਹਟ ਦੇ ਜਾਣਕਾਰੀ ਉਪਲੱਬਧ ਕਰਵਾਈ ਜਾਣੀ ਚਾਹੀਦੀ ਹੈ।

## ਸ਼ਹੀਦਾਂ ਦੇ ਪਰਿਵਾਰ ਨੂੰ ਨਿਸ਼ਾਨਾ ਬਣਾ ਰਹੀ 'ਆਪ' ਸਰਕਾਰ, ਵਿਰੋਧੀ ਧਿਰਾਂ ਵੱਲੋਂ ਤਿੱਖੇ ਸੰਘਰਸ਼ ਦੀ ਚਿਤਾਵਨੀ



ਅੰਮ੍ਰਿਤਸਰ, 17 ਜਨਵਰੀ : ਪੰਜਾਬ ਸਰਕਾਰ ਵੱਲੋਂ ਪ੍ਰਿੰਟਿੰਗ ਪ੍ਰੈੱਸਾਂ ਅਤੇ ਹੋਰ ਸੰਸਥਾਵਾਂ 'ਤੇ ਲਗਾਤਾਰ ਮਾਰੀਆਂ ਜਾ ਰਹੀਆਂ ਰੇਡਾਂ ਨੂੰ ਲੈ ਕੇ ਵਿਰੋਧੀ ਧਿਰਾਂ 'ਚ ਭਾਰੀ ਰੋਸ ਹੈ। ਕਾਂਗਰਸ, ਅਕਾਲੀ ਦਲ, ਭਾਜਪਾ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਨੇ ਇਨ੍ਹਾਂ ਕਾਰਵਾਈਆਂ ਦੀ ਸਖਤ ਨਿੰਦਾ ਕਰਦਿਆਂ ਇਸ ਨੂੰ ਪੰਜਾਬ 'ਚ ਅਣ-ਐਲਾਨੀ ਐਮਰਜੈਂਸੀ ਵਰਗੇ ਹਾਲਾਤ ਦੱਸਿਆ ਹੈ। ਸਾਬਕਾ ਕੈਬਨਿਟ ਮੰਤਰੀ ਡਾ. ਰਾਜਕੁਮਾਰ ਵੇਰਕਾ, ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਅਤੇ ਕੌਂਸਲਰ ਅਮਨ ਐਰੀ ਨੇ ਕਹਾ ਕਿ ਭਗਵੰਤ ਮਾਨ ਸਰਕਾਰ ਦਬਾਅ ਦੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਆਪਣੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਲਈ ਮੀਡੀਆ ਅਤੇ ਉਸ ਨਾਲ ਜੁੜੀਆਂ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਡਾ. ਵੇਰਕਾ ਨੇ ਕਿਹਾ ਕਿ ਪ੍ਰੈੱਸ 'ਤੇ ਦਬਾਅ ਬਣਾਉਣਾ ਲੋਕਤੰਤਰ ਦੀ ਆਤਮਾ 'ਤੇ ਹਮਲਾ ਹੈ। ਮੀਡੀਆ ਜਨਤਾ ਦੀ ਆਵਾਜ਼ ਹੈ ਅਤੇ ਇਸ ਨੂੰ ਡਰਾ ਕੇ ਸਰਕਾਰ ਸੱਚਾਈ ਨੂੰ ਦਬਾਉਣਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਕੇਸਰੀ ਸਮੂਹ ਨੇ ਪੰਜਾਬ 'ਚ ਅੱਤਵਾਦ ਦੇ ਸਭ ਤੋਂ ਔਖੇ ਦੌਰ 'ਚ ਵੀ ਕਦੇ ਹਾਰ ਨਹੀਂ ਮੰਨੀ। ਉਸ ਸਮੇਂ ਜਦੋਂ ਹਾਲਾਤ ਬੇਹੱਦ ਨਾਜ਼ੁਕ ਸਨ, ਉਦੋਂ ਪੰਜਾਬ ਕੇਸਰੀ ਨੇ ਨਿਡਰ ਹੋ ਕੇ ਸੱਚ ਲਿਖਿਆ ਅਤੇ ਦੇਸ਼ ਤੇ ਸਮਾਜ ਦੀ ਭਲਾਈ ਲਈ ਆਪਣੀ ਆਵਾਜ਼ ਬੁਲੰਦ ਰੱਖੀ। ਉਨ੍ਹਾਂ ਕਿਹਾ ਕਿ ਇਹ ਕੋਈ ਸਾਧਾਰਨ ਸੰਸਥਾ ਨਹੀਂ, ਸਗੋਂ ਸ਼ਹੀਦਾਂ ਦਾ ਪਰਿਵਾਰ ਹੈ, ਜਿਸ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ। ਅਜਿਹੇ ਰਾਸ਼ਟਰਭਗਤ ਮੀਡੀਆ ਸਮੂਹ 'ਤੇ ਕੀਤਾ ਗਿਆ ਹਮਲਾ ਸਿਰਫ਼ ਇਕ ਅਖ਼ਬਾਰ 'ਤੇ ਨਹੀਂ, ਸਗੋਂ ਦੇਸ਼ ਦੀ ਆਵਾਜ਼ 'ਤੇ ਹਮਲਾ ਹੈ।

# ਟਾਂਡਾ 'ਚ ਗੋਲੀਆਂ ਮਾਰ ਕਤਲ ਕੀਤੇ ਬਲਵਿੰਦਰ ਦੇ ਮਾਮਲੇ 'ਚ ਨਵਾਂ ਮੋੜ ! ਇੰਸਟਾਗ੍ਰਾਮ 'ਤੇ ਲਈ ਜ਼ਿੰਮੇਵਾਰੀ

**ਕੌਮੀ ਪੱਤ੍ਰਿਕਾ**

ਟਾਂਡਾ ਉੜਮੁੜ, 17 ਜਨਵਰੀ : ਟਾਂਡਾ ਵਿਚ ਗੋਲੀਆਂ ਮਾਰ ਕਤਲ ਕੀਤੇ ਦੁਕਾਨਦਾਰ ਬਲਵਿੰਦਰ ਸਿੰਘ ਦੇ ਮਾਮਲੇ ਵਿਚ ਨਵਾਂ ਮੋੜ ਸਾਹਮਣੇ ਆਇਆ ਹੈ। ਇੰਸਟਾਗ੍ਰਾਮ 'ਤੇ ਕੁਝ ਵਿਅਕਤੀਆਂ ਨੇ ਪੋਸਟ ਪਾ ਕੇ ਕਤਲ ਦੀ ਜ਼ਿੰਮੇਵਾਰੀ ਹੈ। ਇਸ ਕਤਲ ਦੀ ਜ਼ਿੰਮੇਵਾਰੀ ਅਮਰੀਕਾ ਵਿਚ ਜੇਲ੍ਹ ਵਿਚ ਬੈਠੇ ਗੁਰਦੇਵ ਜੱਸਲ ਅਤੇ ਉਸ ਦੇ ਭਰਾ ਗੁਰਲੇਲ ਰੁਦਿਆਨਾ ਨੇ ਚੁੱਕੀ ਹੈ। ਇੰਸਟਾਗ੍ਰਾਮ 'ਤੇ ਗੁਰਲੇਲ ਰੁਧਿਆਨਾ ਵੱਲੋਂ ਪਾਈ ਗਈ ਪੋਸਟ ਵਿਚ ਕਿਹਾ ਗਿਆ ਹੈ ਕਿ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ, ਜੋ ਪਿੰਡ ਮਿਆਣੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆਮ ਆਦਮੀ ਪਾਰਟੀ ਦੇ ਆਗੂ ਬਲਵਿੰਦਰ ਸਿੰਘ ਦਾ ਕਤਲ ਹੋਇਆ ਹੈ, ਇਸ ਦੀ ਜ਼ਿੰਮੇਵਾਰੀ ਮੈਂ ਜੱਸਲ ਚੰਬਲ ਅਤੇ ਮੇਰਾ ਨਿੱਕਾ ਭਰਾ ਗੁਰਲੇਲ ਰੁਧਿਆਨਾ ਲਹਿੰਦੇ ਹਾਂ। ਇਸ ਨੇ ਸਾਡੇ ਭਰਾਵਾਂ ਦਾ ਨੁਕਸਾਨ ਕਰਵਾਇਆ ਸੀ, ਨਾਲੇ ਪੁਲਸ ਨੂੰ ਬੰਦੇ ਫੜਾਉਂਦਾ ਸੀ, ਜਿਹੜਾ ਸਾਡੇ ਐਂਟੀਆਂ ਨਾਲ ਵਰਤੂਗਾ, ਉਨ੍ਹਾਂ ਦਾ ਸੇਮ ਰਿਜ਼ਲਟ ਇਹੀ ਹੋਵੇਗਾ...ਵੇਟ ਐਂਡ ਵਾਚ। ਉਥੇ ਹੀ ਪੁਲਸ ਨੇ ਇਸ ਨੂੰ ਧਿਆਨ ਭਟਕਾਊ ਦੱਸਿਆ ਹੈ। ਦੁਕਾਨਦਾਰ 'ਆਪ' ਆਗੂ ਬਲਵਿੰਦਰ ਸਿੰਘ ਸਤਿ ਕਰਤਾਰ ਦੇ ਕਾਤਲਾਂ ਤੱਕ ਪਹੁੰਚਣ ਅਤੇ ਇਸ ਵਾਰਦਾਤ ਪਿੱਛੇ ਸਾਜ਼ਿਸ਼ ਦਾ ਪਤਾ ਲਾਉਣ ਲਈ ਪੁਲਸ ਪ੍ਰਸ਼ਾਸਨ ਵੱਲੋਂ ਲਗਾਤਾਰ ਉੱਦਮ ਕੀਤੇ ਜਾ ਰਹੇ ਹਨ। ਵਾਰਦਾਤ ਨੂੰ ਅੰਜਾਮ ਦੇ ਕੇ ਸ੍ਰੀ ਹਰਗੋਬਿੰਦਪੁਰ ਰੋਡ ਵੱਲ ਫਰਾਰ ਹੋਏ ਮੋਟਰਸਾਈਕਲ ਸਵਾਰ 3 ਸ਼ੂਟਰਾਂ ਦੀ ਪੈੜ ਵੀ ਪੁਲਸ ਨੇ ਨੱਪੀ ਹੋਈ ਹੈ। ਹਾਲਾਂਕਿ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਵੱਖ-ਵੱਖ ਥਿਊਰੀਆਂ 'ਤੇ ਕੰਮ ਕਰ ਰਹੀ ਪੁਲਸ ਨੇ ਅਜੇ ਤੱਕ ਕੋਈ ਵੱਡਾ ਖ਼ੁਲਾਸਾ ਨਹੀਂ ਨਹੀਂ ਕੀਤਾ। ਲਿਹਾਜ਼ਾ ਇਸ ਦੌਰਾਨ ਸੋਸ਼ਲ ਮੀਡੀਆ 'ਤੇ ਇੰਸਟਾਗ੍ਰਾਮ ਦੇ ਇਕ ਅਕਾਊਂਟ 'ਤੇ ਆਪਣੇ ਆਪ ਨੂੰ ਗੈਂਗਸਟਰ ਕਹਿਲਾਉਣ ਵਾਲੇ 2 ਵਿਅਕਤੀਆਂ ਨੇ ਪੋਸਟ ਪਾ ਕੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ, ਜਿਸ ਬਾਰੇ ਡੀ. ਐੱਸ. ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ ਨੇ ਆਖਿਆ ਕਿ ਉਨ੍ਹਾਂ ਦੇ ਨੋਟਿਸ ਵਿਚ ਇਹ ਪੋਸਟ ਆਈ ਹੈ। ਇਹ ਜਾਂਚ ਦੌਰਾਨ ਧਿਆਨ ਭਟਕਾਉਣ ਲਈ ਵੀ ਹੋ ਸਕਦੀ ਹੈ, ਫਿਰ ਵੀ ਪੁਲਸ ਇਸ ਦੀ ਵੀ ਜਾਂਚ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸੀ. ਸੀ. ਟੀ. ਵੀ. ਫੁਟੇਜ ਵਿਚ 3 ਸ਼ੂਟਰਾਂ ਨੂੰ ਵੇਖਿਆ ਗਿਆ ਸੀ ਅਤੇ ਉਨ੍ਹਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਤੱਕ ਪਹੁੰਚਣ ਲਈ ਪੁਲਸ ਲਗਾਤਾਰ ਉੱਦਮ ਕਰ ਰਹੀ ਹੈ। ਐੱਸ. ਐੱਸ. ਪੀ. ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਟਾਂਡਾ ਪੁਲਸ ਅਤੇ ਸੀ. ਆਈ. ਏ. ਦੀਆਂ ਵੱਖ-ਵੱਖ ਟੀਮਾਂ ਵੱਲੋਂ ਵੱਖ-ਵੱਖ ਥਿਊਰੀਆਂ 'ਤੇ ਜਾਂਚ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫਿਲਹਾਲ ਫਿਰੌਤੀ ਬਾਰੇ ਕੋਈ ਗੱਲ ਫਿਲਹਾਲ ਸਾਹਮਣੇ ਨਹੀਂ ਆਈ। ਉਨ੍ਹਾਂ ਦੱਸਿਆ ਕਿ ਬਲਵਿੰਦਰ ਸਿੰਘ ਆਪਣੇ ਰਿਸ਼ਤੇਦਾਰ ਰਹੇ ਰਿਸ਼ਤੇਦਾਰ ਨਾਲ ਵਿਵਾਦ ਦੇ ਐਂਗਲ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਲਦ ਕਾਤਲਾਂ ਨੂੰ ਕਾਬੂ ਕਰ ਲਿਆ ਜਾਵੇਗਾ। ਪੁਲਸ ਨੇ ਵਾਰਦਾਤ ਦੌਰਾਨ ਗੋਲ?ੀ ਲੱਗਣ ਕਾਰਨ ਜ਼ਖ਼ਮੀ ਹੋਏ ਲਖਵਿੰਦਰ ਸਿੰਘ ਦੇ ਬਿਆਨ ਦੇ ਆਧਾਰ 'ਤੇ ਉਸ ਨੂੰ ਅਤੇ ਬਲਵਿੰਦਰ ਸਿੰਘ ਨੂੰ ਗੋਲ?ੀਆਂ ਮਾਰਨ ਵਾਲੇ ਅਣਪਛਾਤੇ 3 ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਬਲਵਿੰਦਰ ਸਿੰਘ ਦਾ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਉਸ ਦੇ ਪੁੱਤਰ ਹਰਜੋਤ ਸਿੰਘ ਦੇ ਕੈਨੇਡਾ ਤੋਂ ਵਾਪਸ ਪਰਤਣ 'ਤੇ ਕੀਤਾ ਜਾਵੇਗਾ।

## 20 ਤਾਰੀਖ ਨੂੰ ਲੈ ਕੇ ਹੋ ਗਿਆ ਵੱਡਾ ਐਲਾਨ, ਬੰਦ ਰਹੇਗਾ ਇਹ ਪੂਰਾ ਸ਼ਹਿਰ

ਬੁਢਲਾਡਾ, 17 ਜਨਵਰੀ : 20 ਜਨਵਰੀ ਨੂੰ ਬੁਢਲਾਢਾ ਸ਼ਹਿਰ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਦਰਅਸਲ ਸਥਾਨਕ ਸ਼ਹਿਰ ਅੰਦਰ ਆਬਾਦੀ ਵਿਚਕਾਰ ਬਣੇ ਕੂੜੇ ਦੇ ਡੰਪ ਨੂੰ ਹਟਾਉਣ ਲਈ ਸ਼ਹਿਰ ਦੇ ਲੋਕਾਂ ਵੱਲੋਂ ਲਗਾਇਆ ਧਰਨਾ 34ਵੇਂ ਦਿਨ ਵਿਚ ਦਾਖਲ ਹੋ ਚੁੱਕਾ ਹੈ, ਜਿੱਥੇ ਤਹਿਸੀਲਦਾਰ ਬੁਢਲਾਡਾ ਮਨਵੀਰ ਸਿੰਘ ਢਿਲੋਂ ਨੇ ਧਰਨਾਕਾਰੀਆਂ ਨਾਲ ਗੱਲਬਾਤ ਕਰਦਿਆਂ ਕੂੜੇ ਦੇ ਡੰਪ ਦਾ ਹੱਲ ਜਲਦ ਕਰਨ ਦਾ ਭਰੋਸਾ ਦਿੱਤਾ। ਉਧਰ ਧਰਨਾਕਾਰੀਆਂ ਨੇ ਕਿਹਾ ਕਿ ਕੌਂਸਲ ਅਧਿਕਾਰੀ ਅਤੇ ਵਿਧਾਇਕ ਹੱਲ ਕੱਢਣ ਦੀ ਬਜਾਏ ਡੰਗ ਟਪਾਊ ਨੀਤੀ ਅਪਨਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਕੂੜੇ ਦੇ ਡੰਪ ਤੇ 34 ਦਿਨਾਂ ਤੋਂ ਕੇਵਲ ਸਿਆਸੀ ਲੋਕਾਂ ਵੱਲੋਂ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਪ੍ਰੰਤੂ ਇਸ ਦੇ ਹੱਲ ਲਈ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ। ਧਰਨੇ ਨੂੰ ਸੰਬੋਧਨ ਕਰਦਿਆਂ ਨਗਰ ਸੁਧਾਰ ਸਭਾ ਦੇ ਬੁਲਾਰੇ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚਰਨਜੀਤ ਸਿੰਘ ਚੰਨੀ, ਕੌਂਸਲਰ ਹਰਵਿੰਦਰਦੀਪ ਸਿੰਘ ਸਵੀਟੀ, ਕੌਂਸਲਰ ਸੁਖਜੀਤ ਸਿੰਘ ਸੋਨੀ ਦੇ ਆਧਾਰਿਤ ਹਾਜ਼ਰ ਲੋਕਾਂ ਨੇ ਐਲਾਨ ਕੀਤਾ ਕਿ ਪ੍ਰਸ਼ਾਸਨ ਦੀ ਡੰਗ ਟਪਾਊ ਨੀਤੀ ਖਿਲਾਫ 20 ਜਨਵਰੀ ਨੂੰ ਬੁਢਲਾਡਾ ਸ਼ਹਿਰ ਬੰਦ ਕਰਨ ਦਾ ਐਲਾਨ ਕੀਤਾ ਅਤੇ ਸ਼ਹਿਰੀਆਂ ਨੂੰ ਅਪੀਲ ਕੀਤੀ ਕਿ ਗਲੀ ਗਲੀ ਲੱਗੇ ਕੂੜੇ ਦੇ ਢੇਰਾ ਤੋਂ ਨਿਯਾਤ ਦਵਾਉਣ ਲਈ 20 ਜਨਵਰੀ ਦੇ ਬੁਢਲਾਡਾ ਬੰਦ ਨੂੰ ਸਫਲ ਬਨਾਉਣ ਅਤੇ ਸ਼ਹਿਰ ਦੀ ਸੁੰਦਰਤਾ ਲਈ ਸਹਿਯੋਗ ਦੇਣ। ਉਨ੍ਹਾਂ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ 34 ਦਿਨਾਂ ਤੋਂ ਚੱਲ ਰਹੇ ਧਰਨੇ ਵਿਚ ਪਹੁੰਚ ਕੇ ਆਪਣੀ ਸ਼ਮੂਲੀਅਤ ਯਕੀਨੀ ਬਨਾਉਣ। ਉਨ੍ਹਾਂ ਕਿਹਾ ਕਿ ਇਹ ਕੂੜੇ ਦਾ ਡੰਪ ਆਬਾਦੀ ਦੇ ਬਿਲਕੁੱਲ ਵਿਚਕਾਰ ਹੈ ਜਿੱਥੇ ਵੱਖ-ਵੱਖ ਧਰਮਾਂ ਨਾਲ ਸਬੰਧਤ ਮੰਦਰ, ਗੁਰਦੁਆਰਾ, ਮਸਜਿਦ ਸਥਾਪਤ ਹਨ। ਨਗਰ ਕੌਂਸਲ 'ਚ ਜਨਰਲ ਮੀਟਿੰਗ ਦੌਰਾਨ ਹਲਕਾ ਵਿਧਾਇਕ ਨੇ ਵਾਰਡ ਵਾਸੀਆਂ ਨੂੰ ਭਰੋਸਾ ਦਿੱਤਾ ਸੀ ਕਿ ਨਗਰ ਕੌਂਸਲ ਜਲਦ ਨਵੀਂ ਜਗ?ਹਾ ਦੀ ਭਾਲ ਕਰਕੇ ਕੂੜੇ ਦਾ ਡੰਪ ਜਲਦ ਹੀ ਤਬਦੀਲ ਕਰ ਦਿੱਤਾ ਜਾਵੇਗਾ। ਹੈਰਾਨੀ ਦੀ ਗੱਲ ਹੈ ਕਿ ਸਮੱਸਿਆ ਨੂੰ ਲੈ ਕੇ ਸੰਘਰਸ਼ ਕਰ ਰਹੇ ਲੋਕਾਂ ਦੀ ਸਾਰ ਲੈਣ ਲਈ ਵਿਧਾਇਕ ਸਮੇਤ ਸਰਕਾਰ ਦਾ ਕੋਈ ਵੀ ਵਿਅਕਤੀ ਧਰਨੇ ਵਾਲੀ ਜਗ?ਹਾ 'ਤੇ ਨਹੀਂ ਪਹੁੰਚਿਆ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸੁਖਬੀਰ ਬਾਦਲ ਨੇ ਸਪੀਕਰ ਵਿਜੇਂਦਰ ਗੁਪਤਾ ਨੂੰ ਲਿਖਿਆ ਪੱਤਰ, ਆਤਿਸ਼ੀ ਖ਼ਲਾਫ਼ ਮਾਮਲਾ ਦਰਜ ਕਰਨ ਦੀ ਮੰਗ

**ਕੌਮੀ ਪਤ੍ਰਿਕਾ**



ਜਲੰਧਰ/ਨਵੀਂ ਦਿੱਲੀ, 17 ਜਨਵਰੀ : ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੂੰ ਪੱਤਰ ਲਿਖ ਕੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਨੂੰ ਵਿਧਾਨ ਸਭਾ ਤੋਂ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਆਤਿਸ਼ੀ ਵਿਰੁੱਧ ਕ੍ਰਿਮੀਨਲ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਜਾਵੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਤਿਸ਼ੀ ਨੇ ਗੁਰੂ ਸਾਹਿਬਾਨ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਅਤੇ ਤੌਹੀਨ ਵਾਲੀਆਂ ਟਿੱਪਣੀਆਂ ਕੀਤੀਆਂ ਹਨ, ਜਿਸ ਕਾਰਨ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਸੱਟ ਪਹੁੰਚੀ ਹੈ। ਇਸ ਮਾਮਲੇ ਸਬੰਧੀ ਉਨ੍ਹਾਂ ਨੇ ਵਿਜੇਂਦਰ ਗੁਪਤਾ ਨੂੰ ਵੀ ਜਾਣੂ ਕਰਵਾਇਆ ਹੈ ਅਤੇ ਇਸ ਗੰਭੀਰ ਮੁੱਦੇ 'ਤੇ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਆਤਿਸ਼ੀ ਵੱਲੋਂ ਸਿੱਖ ਗੁਰੂਆਂ ਬਾਰੇ ਕਥਿਤ ਟਿੱਪਣੀਆਂ ਨਾਲ ਸਬੰਧਤ ਵੀਡੀਓ ਨੂੰ ਲੈ ਕੇ ਸਿਆਸੀ ਹਲਚਲ ਹੁਣ ਹੋਰ ਜ਼ਿਆਦਾ ਤੇਜ਼ ਹੋ ਗਈ ਹੈ, ਕਿਉਂਕਿ ਇਸ ਵੀਡੀਓ ਦੀ ਫੋਰੈਂਸਿਕ ਰਿਪੋਰਟ ਹੁਣ ਜਨਤਕ ਹੋ ਚੁੱਕੀ ਹੈ। ਦਿੱਲੀ ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਇਸ ਸਬੰਧ ਵਿਚ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਵੱਡਾ ਖ਼ੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਫੋਰੈਂਸਿਕ ਸਾਇੰਸ ਲੈਬਾਰਟਰੀ (FSL) ਦੀ ਰਿਪੋਰਟ ਮੁਤਾਬਕ ਆਤਿਸ਼ੀ ਦੀ ਆਡੀਓ-ਵੀਡੀਓ ਬਿਲਕੁਲ ਅਸਲੀ ਹੈ। ਇਸ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਛੇੜਛਾੜ ਨਹੀਂ ਕੀਤੀ ਗਈ। ਉਨ੍ਹਾਂ ਖ਼ੁਲਾਸੇ ਕਰਦੇ ਕਿਹਾ ਕਿ ਵਿਰੋਧੀ ਪਾਰਟੀ 'ਆਪ' ਦੀ ਬੇਨਤੀ 'ਤੇ 8 ਜਨਵਰੀ ਨੂੰ ਇਹ ਕਲਿੱਪ ਫੋਰੈਂਸਿਕ ਜਾਂਚ ਲਈ ਭੇਜੀ ਗਈ ਸੀ। ਆਡੀਓ-ਵੀਡੀਓ ਮਾਮਲੇ ਦੀ ਡਿਟੇਲ ਜਾਂਚ ਹੋਈ ਹੈ। ਫੋਰੈਂਸਿਕ ਲੈਬ ਦੀ ਰਿਪੋਰਟ ਵਿਚ ਇਸ ਨੂੰ ਸਹੀ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਤਿਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਸਟੇਟ ਏਜੰਸੀਆਂ ਦਾ ਇਸਤੇਮਾਲ ਕੀਤਾ ਹੈ। ਸਪੀਕਰ ਗੁਪਤਾ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਜਲਦੀ ਵਿੱਚ ਆਪਣੀ ਫੋਰੈਂਸਿਕ ਜਾਂਚ ਕਰਵਾਈ ਅਤੇ ਉਸ ਦੇ ਆਧਾਰ 'ਤੇ ਮਾਮਲੇ ਵਿੱਚ ਐੱਫ਼. ਆਈ. ਆਰ. ਵੀ ਦਰਜ ਕਰਵਾ ਦਿੱਤੀ। ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਉਹ ਪੂਰੇ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ) ਤੋਂ ਜਾਂਚ ਅਤੇ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਵੀਡੀਓ ਕਲਿੱਪ ਦੀ ਫੋਰੈਂਸਿਕ ਜਾਂਚ ਕਰਵਾਉਣ ਦੀ ਮੰਗ ਕਰਨਗੇ।

## ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀਆਂ ਦੇ ਹੁਕਮ

ਤਰਨਤਾਰਨ, 17 ਜਨਵਰੀ : ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਤਰਨਤਾਰਨ ਦੇ ਪਿੰਡਾਂ ਕੱਕਾ ਕੰਡਿਆਲਾ ਅਤੇ ਕਾਜ਼ੀਕੋਟ ਵਿਚ ਸਰਪੰਚਾਂ/ਪੰਚਾਂ ਦੀਆਂ ਆਮ ਚੋਣਾਂ ਮਿਤੀ 18 ਜਨਵਰੀ 2026 ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕਰਵਾਈਆਂ ਜਾ ਰਹੀਆਂ ਹਨ ਅਤੇ ਵੋਟਾਂ ਦੀ ਗਿਣਤੀ ਵੀ ਉਨ੍ਹਾਂ ਪੋਲਿੰਗ ਸਟੇਸ਼ਨ/ਬੂਥਾਂ ਉਪਰ ਉਸੇ ਸ਼ਾਮ ਕਰਕੇ ਚੋਣਾਂ ਦਾ ਨਤੀਜਾ ਐਲਾਨਿਆ ਜਾਵੇਗਾ। ਗ੍ਰਾਮ ਪੰਚਾਇਤ ਕੱਕਾ ਕੰਡਿਆਲਾ ਦੇ ਬੂਥ ਨੰਬਰ 39, ਵਾਰਡ ਨੰਬਰ 03 ਦਾ ਬੂਥ ਸਰਕਾਰੀ ਐਲੀਮੈਂਟਰੀ ਸਕੂਲ ਕੱਕਾ ਕੰਡਿਆਲਾ (ਸੱਜਾ ਪਾਸਾ) ਅਤੇ ਪਿੰਡ ਕਾਜ਼ੀਕੋਟ ਦੇ ਬੂਥ ਨੰਬਰ 51, ਵਾਰਡ ਨੰਬਰ 05 ਦਾ ਬੂਥ ਸਰਕਾਰੀ ਐਲੀਮੈਂਟਰੀ ਸਕੂਲ ਕਾਜ਼ੀਕੋਟ (ਖੱਬਾ ਪਾਸਾ) ਹੋਵੇਗਾ। ਇਨ੍ਹਾਂ ਚੋਣਾਂ ਮੌਕੇ ਅਮਨ-ਸ਼ਾਂਤੀ ਤੇ ਕਾਨੂੰਨ ਦੀ ਸਥਿਤੀ ਨੂੰ ਬਣਾਏ ਰੱਖਣ/ਲੋਕ ਹਿੱਤ ਵਿਚ ਸ਼ਾਂਤੀ ਬਰਕਰਾਰ ਰੱਖਣ ਅਤੇ ਚੋਣਾਂ ਨੂੰ ਸੁਚੱਜੇ/ਸ਼ਾਂਤਮਈ ਢੰਗ ਨਾਲ ਨੇਪਰੇ ਮੈਜਿਸਟਰੇਟ ਤਰਨਤਾਰਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 16 ਜਨਵਰੀ 2026 ਦੀ ਸ਼ਾਮ 4:00 ਵਜੇ ਤੋਂ ਮਿਤੀ 18 ਜਨਵਰੀ 2026 ਤੱਕ (ਚੋਣ ਪ੍ਰੀਕ੍ਰਿਆ ਮੁਕੰਮਲ ਹੋਣ ਤੱਕ) ਜ਼ਿਲਾ ਤਰਨਤਾਰਨ ਦੇ ਉਕਤ ਪੋਲਿੰਗ ਸਟੇਸ਼ਨਾਂ/ਬੂਥਾਂ ਦੇ 100 ਮੀਟਰ ਦੇ ਘੇਰੇ ਅੰਦਰ ਹੇਠ ਲਿਖੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ।

# ਸੂਬਾ ਸਰਕਾਰ ਵੱਲੋਂ 'ਪੰਜਾਬ ਕੇਸਰੀ ਗਰੁੱਪ' ਤੇ ਪ੍ਰੈੱਸ ਦੀ ਆਜ਼ਾਦੀ 'ਤੇ ਕੀਤਾ ਜਾ ਰਿਹੈ ਹਮਲਾ ਨਿੰਦਣਯੋਗ: ਦੇਸ ਰਾਜ ਧੁੱਗਾ



ਟਾਂਡਾ ਉੜਮੁੜ, 17 ਜਨਵਰੀ : ਪੰਜਾਬ ਦੀ ਮੌਜੂਦਾ ਮਾਨ ਸਰਕਾਰ ਸੂਬੇ ਅੰਦਰ ਕਾਨੂੰਨ ਵਿਵਸਥਾ ਨੂੰ ਠੀਕ ਤੇ ਸਹੀ ਢੰਗ ਨਾਲ ਚਲਾਉਣ ਦੀ ਬਜਾਏ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਕਰ ਰਹੀ ਹੈ ਜੋਕਿ ਅਤਿ ਨਿੰਦਣਯੋਗ ਵਰਤਾਰਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਅਕਾਲੀ ਆਗੂ ਅਤੇ ਸਾਬਕਾ ਸੰਸਦੀ ਸਕੱਤਰ ਦੇਸ਼ ਰਾਜ ਸਿੰਘ ਧੁੱਗਾ ਟਾਂਡਾ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਕੇਸਰੀ ਗਰੁੱਪ ਦੇ ਬਠਿੰਡਾ ਸਥਿਤ ਪ੍ਰਿੰਟਿਗ ਪ੍ਰੈੱਸ, ਦਫ਼ਤਰ 'ਤੇ ਕੀਤੀ ਘਿਨਾਉਣੀ ਅਤੇ ਝੂਠੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਹਰ ਇਕ ਫਰੰਟ 'ਤੇ ਫੇਲ੍ਹ ਹੋਈ ਹੈ ਅਤੇ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਸਰਕਾਰ ਵੱਲੋਂ ਲੋਕਤੰਤਰ ਦੇ ਚੌਥੇ ਥੰਮ?ਹ 'ਤੇ ਹਮਲਾ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਕੇਸਰੀ ਗਰੁੱਪ ਇਕ ਅਜਿਹਾ ਅਦਾਰਾ ਹੈ, ਜਿਸ ਨੇ ਹਮੇਸ਼ਾ ਹੀ ਦੇਸ਼ ਕੌਮ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਬਿਨਾਂ ਕਿਸੇ ਡਰ ਅਤੇ ਲਾਲਚ ਤੋਂ ਬਗੈਰ ਕੀਤੀ ਹੈ। ਕਿਸੇ ਵੀ ਹਾਲਾਤ ਵਿੱਚ ਪੰਜਾਬ ਕੇਸਰੀ ਨੇ ਸਰਕਾਰਾਂ ਦੀ ਨਹੀਂ ਮੰਨੀ, ਇਸ ਕਰਕੇ ਸਰਕਾਰ ਨੂੰ ਸੱਤਾ ਦਾ ਨਸ਼ਾ ਤਿਆਗ ਕਰਕੇ ਘਿਨੌਣੀਆਂ ਕਾਰਵਾਈਆਂ ਬੰਦ ਕਰਨੀਆਂ ਚਾਹੀਦੀਆਂ ਹਨ। ਸੰਸਦੀ ਸਕੱਤਰ ਦੇਸ ਰਾਜ ਸਿੰਘ ਧੁੱਗਾ ਨੇ ਹੋਰ ਕਿਹਾ ਕਿ ਜੇਕਰ ਅੱਜ ਪੰਜਾਬ ਅੰਦਰ ਕਾਨੂੰਨ ਵਿਵਸਥਾ ਦੀ ਗੱਲ ਕਰੀਏ ਤਾਂ ਅੱਜ ਪੰਜਾਬ ਵਿੱਚ ਹਰ ਪਾਸੇ ਕਤਲੋਗਾਰਤ ਦੀਆਂ ਘਟਨਾਵਾਂ ਨਿਤ ਦਿਨ-ਦਿਹਾੜੇ ਹੀ ਵਾਪਰ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਵਿੱਚ ਡਰ ਅਤੇ ਭੈ ਦਾ ਮਾਹੌਲ ਪੈਦਾ ਹੋਇਆ ਹੈ। ਜੇਕਰ ਗੱਲ ਕਰੀਏ ਅੱਜ ਦੇ ਹਾਲਾਤ ਦੀ ਤਾਂ ਕੋਈ ਵੀ ਆਮ ਖਾਸ ਵਿਅਕਤੀ ਸੁਰੱਖਿਅਤ ਨਹੀਂ ਹੈ। ਉਸ ਤੋਂ ਇਲਾਵਾ ਉਨ੍ਹਾਂ ਹੋਰ ਕਿਹਾ ਕਿ ਜੇਕਰ ਗੱਲ ਕਰੀਏ ਪੰਜਾਬ 'ਚ ਵਿਕਾਸ ਦੀ ਤਾਂ ਅੱਜ ਪੰਜਾਬ ਹਰ ਵਿਕਾਸ ਪੱਖੋਂ ਸੱਖਣਾ ਹੈ ਅਤੇ ਲਗਾਤਾਰ ਕਰਜ਼ੇ ਦੀ ਮਾਰ ਹੇਠ ਆ ਰਿਹਾ ਹੈ, ਜੋਕਿ ਆਉਣ ਵਾਲੇ ਸਮੇਂ ਲਈ ਪੰਜਾਬ ਵਾਸਤੇ ਬਹੁਤ ਹੀ ਘਾਤਕ ਸਾਬਤ ਹੋਵੇਗਾ। ਸਾਬਕਾ ਸੰਸਦੀ ਸਕੱਤਰ ਧੁੱਗਾ ਨੇ ਰਾਜਪਾਲ ਪੰਜਾਬ ਤੋਂ ਮੰਗ ਕੀਤੀ ਕਿ ਸਰਕਾਰ ਦੀਆਂ ਇਨ੍ਹਾਂ ਕਾਰਵਾਈਆਂ 'ਤੇ ਲਗਾਮ ਲਗਾਈ ਜਾਵੇ ਤਾਂ ਜੋ ਪ੍ਰੈੱਸ ਦੀ ਆਜ਼ਾਦੀ ਨੂੰ ਹਮੇਸ਼ਾ ਲਈ ਬਹਾਲ ਰੱਖਿਆ ਜਾਵੇ। ਇਸ ਮੌਕੇ ਉਨ੍ਹਾਂ ਨੇ ਪੰਜਾਬ ਕੇਸਰੀ ਗਰੁੱਪ ਦੇ ਪ੍ਰਬੰਧਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਘੜੀ ਵਿੱਚ ਉਨ੍ਹਾਂ ਦੇ ਨਾਲ ਹਨ ਅਤੇ ਕੋਈ ਵੀ ਕੁਰਬਾਨੀ ਕਰਨ ਨੂੰ ਵੀ ਤਿਆਰ ਹਨ।

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
ਇਸ ਮੌਕੇ ਪੰਜਾਬ ਕਾਂਗਰਸ ਦੇ ਇੰਚਾਰਜ ਤੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਆਖਿਆ ਕਿ ਮੋਦੀ ਸਰਕਾਰ ਦਾ ਮਨਰੇਗਾ ਨੂੰ ਖਤਮ ਕਰਕੇ ਜੀ ਰਾਮ ਜੀ ਸ਼ੁਰੂ ਕਰਨ ਦਾ ਸਿੱਧਾ ਮਕਸਦ ਗਰੀਬਾਂ ਤੋਂ ਰੋਟੀ ਖੋਹਣਾ ਹੈ। ਉਨ੍ਹਾਂ ਆਖਿਆ ਕਿ 40 ਫੀਸਦੀ ਹਿੱਸਾ ਸੂਬੇ ਪਾ ਹੀ ਨਹੀਂ ਸਕਦੇ ਕਿਉਂਕਿ ਸੂਬਿਆਂ ਕੋਲ ਪਹਿਲਾਂ ਹੀ ਫੰਡਾਂ ਦੀ ਘਾਟ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਗਰੀਬ ਮਜਦੂਰ ਦੀ ਲੜਾਈ ਲੜ ਰਹੀ ਹੈ ਤੇ ਲੜਦੀ ਰਹੇਗੀ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਵੀ ਮੌਜੂਦਾ ਸਰਕਾਰ ਨੇ ਪੰਜਾਬ ਦਾ ਬੇੜਾਗਰਕ ਕਰ ਦਿੱਤਾ ਹੈ। ਇਸ ਮੌਕੇ ਬੋਲਦਿਆਂ ਵਿਧਾਨ ਸਭਾ ਵਿਚ ਕਾਂਗਰਸ ਦੇ ਨੇਤਾ ਅਤੇ ਸਾਬਕਾ ਮੰਤਰੀ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਕਿ ਪੰਜਾਬ ਨੂੰ ਅੱਜ ਬਚਾਉਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਸਰਕਾਰ ਪਰਚੇ ਕਰਨ ਵਾਲੀ ਸਰਕਾਰ ਬਣ ਗਈ ਹੈ। ਨਾ ਪੰਜਾਬੀਆਂ ਨੂੰ ਪੈਨਸ਼ਨਾਂ ਮਿਲੀਆਂ, ਨਾ ਇਕ ਹਜ਼ਾਰ ਰੁਪਏ ਬੀਬੀਆਂ ਨੂੰ ਮਿਲਿਆ। ਹੁਣ ਮਨਰੇਗਾ ਨੂੰ ਖ਼ਤਮ ਕਰਕੇ ਪੰਜਾਬ ਦੇ ਦਿਹਾੜੀਦਾਰਾਂ ਤੋਂ ਰੋਟੀ ਖੋਹੀ ਜਾ ਰਹੀ ਹੈ।

ਉਨ੍ਹਾਂ ਆਖਿਆ ਕਿ ਵਿਧਾਨ ਸਭਾ ਵਿਚ ਹਰ ਮੁੱਦੇ ਤੋਂ ਜਵਾਬ ਦੇਣ ਤੋਂ ਸਰਕਾਰ ਭੱਜਦੀ ਹੈ ਤੇ ਜਿਹੜਾ ਸਰਕਾਰ ਖਿਲਾਫ ਬੋਲਦਾ ਹੈ, ਉਸ ਉਪਰ ਕੇਸ ਦਰਜ ਕਰਦੀ ਹੈ। ਇਥੋਂ ਤੱਕ ਕਿ ਪੱਤਰਕਾਰਾਂ ਖਿਲਾਫ ਵੀ ਕੇਸ ਦਰਜ ਕਰ ਦਿੱਤੇ ਗਏ ਹਨ। ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਕਿ ਪੰਜਾਬ ਵਿਚ ਕਾਂਗਰਸ ਹੀ ਸਹੀ ਤੇ ਸੁਚਜਾ ਰਾਜ ਪੰਜਾਬੀਆਂ ਨੂੰ ਦੇ ਸਕਦੀ ਹੈ। ਉਨਾ ਆਖਿਆ ਕਿ ਪੰਜਾਬ ਨੂੰ ਬਚਾਉਣ ਲਈ ਕਾਗਰਸ ਸਰਕਾਰ ਬਣਦੇ ਹੀ ਯੂਰੇਸ਼ੀਆ ਦਾ ਬਾਰਡਰ ਖੁਲਵਾਵਾਗੇ ਤਾਂ ਜੋ ਪੰਜਾਬ ਦਾ ਵਪਾਰ ਵਧ ਸਕੇ ਤੇ ਬਿਜਨੈਸ ਵਿਚ ਪ੍ਰਫੁਲਤਾ ਆ ਸਕੇ ਤੇ ਪੰਜਾਬ ਅੰਦਰ ਖੁਸ਼ਹਾਲੀ ਵਧ ਸਕੇ।

# ਗੰਨ ਕਲਚਰ ਖਿਲਾਫ਼ ਕਾਰਵਾਈ: ਹਰਿਆਣਾ ਪੁਲਿਸ ਨੇ ਡਿਜੀਟਲ ਪਲੇਟਫਾਰਮਾਂ ਤੋਂ ਹਟਾਏ 67 ਇਤਰਾਜ਼ਯੋਗ ਗੀਤ

## ਨੌਜਵਾਨਾਂ ਨੂੰ ਅਪਰਾਧ ਤੋਂ ਬਚਾਉਣਾ ਸਾਡਾ ਮਕਸਦ: DGP

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪੁਲਿਸ ਨੇ ਗੈਂਗਸਟਰ ਕਲਚਰ, ਹਥਿਆਰਾਂ ਦੀ ਨੁਮਾਇਸ਼ ਅਤੇ ਹਿੰਸਾ ਨੂੰ ਵਧਾਵਾ ਦੇਣ ਵਾਲੇ ਗੀਤਾਂ ਖ਼ਿਲਾਫ਼ ਇੱਕ ਵੱਡੀ ਕਾਰਵਾਈ ਕਰਦਿਆਂ ਵੱਖ-ਵੱਖ ਡਿਜੀਟਲ ਪਲੇਟਫਾਰਮਾਂ ਤੋਂ 67 ਗੀਤਾਂ ਨੂੰ ਹਟਾ ਦਿੱਤਾ ਹੈ।

ਸੂਬੇ ਦੇ ਡੀਜੀਪੀ ਅਜੈ ਸਿੰਘਲ ਨੇ ਦੱਸਿਆ ਕਿ ਇਹ ਕਾਰਵਾਈ ਇੱਕ ਵਿਆਪਕ ਮੁਹਿੰਮ ਦਾ ਹਿੱਸਾ ਹੈ, ਜਿਸ ਤਹਿਤ ਸਾਈਬਰ ਯੂਨਿਟ ਅਤੇ ਸਪੈਸ਼ਲ ਟਾਸਕ ਫੋਰਸ (STF) ਵੱਲੋਂ ਸੋਸ਼ਲ ਮੀਡੀਆ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।

ਪੁਲੀਸ ਅਨੁਸਾਰ ਇਹ ਗੀਤ ਨੌਜਵਾਨਾਂ ਨੂੰ ਅਪਰਾਧ ਦੀ ਦੁਨੀਆ ਵੱਲ ਧੱਕ ਰਹੇ ਸਨ ਅਤੇ ਅਪਰਾਧੀਆਂ ਨੂੰ ਨਾਇਕ ਵਜੋਂ ਪੇਸ਼ ਕਰਕੇ ਇੱਕ ਗਲਤ ਪ੍ਰਭਾਵ ਪਾ ਰਹੇ ਸਨ।

ਹਾਲਾਂਕਿ ਪੁਲੀਸ ਨੇ ਗੀਤਾਂ ਦੇ ਨਾਂ ਜਨਤਕ ਨਹੀਂ ਕੀਤੇ ਪਰ ਸੂਤਰਾਂ ਅਨੁਸਾਰ ਇਸ ਵਿੱਚ ਕਈ ਮਸ਼ਹੂਰ ਹਰਿਆਣਵੀ ਰੈਪਰਾਂ ਅਤੇ ਗਾਇਕਾਂ ਦੇ ਗੀਤ ਸ਼ਾਮਲ ਹਨ, ਜਿਨ੍ਹਾਂ ਵਿੱਚ ਮਾਸੂਮ ਸ਼ਰਮਾ ਦੇ ਕੁਝ ਟਰੈਕ ਵੀ ਪਹਿਲਾਂ ਹਟਾਏ ਗਏ ਸਨ। STF ਦੇ ਆਈਜੀ ਸਤੀਸ਼ ਬਾਲਨ ਨੇ ਸਪੱਸ਼ਟ ਕੀਤਾ ਕਿ ਪੁਲੀਸ ਨਾ ਸਿਰਫ਼ ਗੀਤਾਂ ਨੂੰ ਹਟਾ ਰਹੀ ਹੈ, ਸਗੋਂ ਉਨ੍ਹਾਂ ਲੋਕਾਂ 'ਤੇ ਵੀ ਨਜ਼ਰ ਰੱਖ ਰਹੀ ਹੈ ਜੋ ਸੋਸ਼ਲ ਮੀਡੀਆ 'ਤੇ ਅਪਰਾਧੀਆਂ ਦੀਆਂ ਪੋਸਟਾਂ ਨੂੰ ਲਾਈਕ ਜਾਂ ਸ਼ੇਅਰ ਕਰਦੇ ਹਨ।



ਉਨ੍ਹਾਂ ਕਿਹਾ ਕਿ ਗੈਂਗਸਟਰ ਇਨ੍ਹਾਂ ਪਲੇਟਫਾਰਮਾਂ ਦੀ ਵਰਤੋਂ ਨੌਜਵਾਨਾਂ ਨੂੰ ਭਰਮਾਉਣ ਅਤੇ ਆਪਣੇ ਨੈੱਟਵਰਕ ਵਿੱਚ ਸ਼ਾਮਲ ਕਰਨ ਲਈ ਕਰਦੇ ਹਨ। ਪੁਲੀਸ ਨੇ ਕਲਾਕਾਰਾਂ ਅਤੇ ਕੰਟੈਂਟ ਕ੍ਰਿਏਟਰਾਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਬਚਾਇਆ ਜਾ ਸਕੇ।

ਇਸ ਡਿਜੀਟਲ ਕਾਰਵਾਈ ਦੇ ਨਾਲ-ਨਾਲ STF ਨੇ ਵਿਦੇਸ਼ਾਂ ਤੋਂ ਚੱਲ ਰਹੇ ਅਤਿਵਾਦੀ-ਗੈਂਗਸਟਰ ਗੱਠਜੋੜ ਨੂੰ ਤੋੜਨ ਵਿੱਚ ਵੀ ਵੱਡੀ ਸਫਲਤਾ ਹਾਸਲ ਕੀਤੀ ਹੈ, ਜਿਸ ਨਾਲ ਸੂਬੇ ਦੀ ਅੰਦਰੂਨੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੀ ਹੈ।

# ਮਮਤਾ ਰਾਣੀ (ਪੀ.ਟੀ.ਆਈ.) ਦਾ ਜੱਸੀ ਢੱਲ ਮੈਮੋਰੀਅਲ ਸਪੋਰਟਸ ਕਲੱਬ ਵੱਲੋਂ ਕੀਤਾ ਗਿਆ ਸਨਮਾਨ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੱਸੀ ਢੱਲ ਮੈਮੋਰੀਅਲ ਸਪੋਰਟਸ ਕਲੱਬ (ਰਜਿ.) ਵੱਲੋਂ ਤੀਜੀ ਜੱਸੀ ਢੱਲ ਮੈਮੋਰੀਅਲ ਬੇਸਬਾਲ ਚੈਂਪੀਅਨਸ਼ਿਪ ਸ.ਕੋ.ਐੱਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਈ ਗਈ। ਇਸ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਦੇ ਵੱਖ ਵੱਖ ਸਥਾਨਾਂ ਤੋਂ ਟੀਮਾਂ ਨੇ ਭਾਗ ਲਿਆ। ਇਸ ਚੈਂਪੀਅਨਸ਼ਿਪ ਦਾ ਹਰ ਮੈਚ ਬਹੁਤ ਹੀ ਰੋਮਾਂਚਕ ਰਿਹਾ ਅਤੇ ਦਰਸ਼ਕਾਂ ਵਿੱਚ ਵੀ ਇਸ ਚੈਂਪੀਅਨਸ਼ਿਪ ਨੂੰ ਵੇਖਣ ਦਾ ਬਹੁਤ ਉਤਸ਼ਾਹ ਰਿਹਾ। ਇਸ ਚੈਂਪੀਅਨਸ਼ਿਪ ਦੌਰਾਨ ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਵਿਸ਼ੇਸ਼ ਤੌਰ ਤੇ ਪਹੁੰਚੇ। ਚੈਂਪੀਅਨਸ਼ਿਪ ਦੇ ਪ੍ਰਬੰਧਕਾਂ ਅਤੇ ਸ੍ਰੀ ਭਗਵਾਨ ਦਾਸ ਜੁਨੇਜਾ ਜੀ ਵੱਲੋਂ ਸ੍ਰੀਮਤੀ ਮਮਤਾ ਰਾਣੀ ਜੀ ਦਾ ਚੈਂਪੀਅਨਸ਼ਿਪ ਵਿੱਚ ਪਹੁੰਚਣ ਤੇ ਸਨਮਾਨ ਕੀਤਾ ਗਿਆ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਨੂੰ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ।



ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਇਹ ਚੈਂਪੀਅਨਸ਼ਿਪ ਬੇਸਬਾਲ ਨੂੰ ਭਾਰਤ ਵਿੱਚ ਨਵੀਆਂ ਉਚਾਈਆਂ ਤੇ ਲੈ ਕੇ ਜਾਵੇਗੀ। ਸ੍ਰੀਮਤੀ ਮਮਤਾ ਰਾਣੀ ਜੀ ਨੇ ਦੱਸਿਆ ਕਿ ਚੈਂਪੀਅਨਸ਼ਿਪ ਦੇ ਪ੍ਰਬੰਧ ਬਹੁਤ ਹੀ ਉੱਚੇ ਦਰਜੇ ਦੇ ਹਨ ਅਤੇ ਖਿਡਾਰੀਆਂ ਦੀ ਹਰ ਸਹੂਲਤ ਦਾ ਧਿਆਨ ਰੱਖਿਆ ਗਿਆ ਹੈ। ਇਸ ਮੌਕੇ ਤੇ ਸ੍ਰੀ ਹਰੀਸ਼ ਸਿੰਘ, ਸ੍ਰੀ ਯਾਦਵਿੰਦਰ ਸਿੰਘ ਵਾਲੀਆ, ਸ੍ਰੀ ਵਿਕਰਮ ਸਿੰਘ, ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਗੁਰਜੀਤ ਸਿੰਘ, ਸ੍ਰੀਮਤੀ ਕੁਲਦੀਪ ਕੌਰ, ਸ੍ਰੀ ਮਨਦੀਪ ਸਿੰਘ, ਸ੍ਰੀ ਦੀਪਇੰਦਰ ਸਿੰਘ, ਸ੍ਰੀ ਜਸਵਿੰਦਰ ਸਿੰਘ ਅਤੇ ਹੋਰ ਕੋਚ ਮੌਜੂਦ ਸਨ।

## ਦੂਜੇ ਪੜਾਅ ਵਿੱਚ ਨਗਰ ਨਿਗਮ ਕੌਂਸਲਰਾਂ ਨੂੰ ਮੁੜ ਵੰਡੇ ਗਏ

# ਸਾਰੇ ਕੰਮਕਾਜ ਨੂੰ ਪਾਰਦਰਸ਼ੀ, ਤੇਜ਼ ਅਤੇ ਲੋਕ-ਪੱਖੀ ਬਣਾਉਣਾ ਮਕਸਦ: ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਜੀਤ ਸਿੰਘ



**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨਗਰ ਨਿਗਮ ਵੱਲੋਂ ਡਿਜੀਟਲ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਅੱਜ ਦੂਜੇ ਪੜਾਅ ਵਿੱਚ ਨਗਰ ਨਿਗਮ ਦੇ ਹੋਰ 14 ਦੇ ਕਰੀਬ ਕੌਂਸਲਰਾਂ ਨੂੰ ਟੈਬਲੇਟ ਵੰਡੇ ਗਏ। ਇਸ ਮੌਕੇ ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਇਸ ਉਪਰਾਲੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਪਟਿਆਲਾ ਨੂੰ ਤਕਨੀਕੀ ਤੌਰ 'ਤੇ ਅੱਗੇ ਲਿਜਾਣਾ ਅਤੇ ਨਗਰ ਨਿਗਮ ਦੇ ਸਾਰੇ ਕੰਮਕਾਜ ਨੂੰ ਪਾਰਦਰਸ਼ੀ, ਤੇਜ਼ ਅਤੇ ਜਵਾਬਦੇਹ ਬਣਾਉਣਾ ਹੀ ਇਸ ਮੁਹਿੰਮ ਦਾ ਮੁੱਖ ਉਦੇਸ਼ ਹੈ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਡਿਜੀਟਲ ਪਲੇਟਫਾਰਮ ਦੇ ਜ਼ਰੀਏ ਨਗਰ ਨਿਗਮ ਦਾ ਹਰ ਫ਼ੈਸਲਾ, ਏਜੰਡਾ ਅਤੇ ਕਾਰਵਾਈ ਹੁਣ ਤੁਰੰਤ ਉਪਲਬਧ ਹੋ ਸਕੇਗੀ। ਉਨ੍ਹਾਂ ਕਿਹਾ ਕਿ ਟੈਬਲੇਟ ਮਿਲਣ ਨਾਲ ਕੌਂਸਲਰਾਂ ਨੂੰ ਮੀਟਿੰਗਾਂ ਦੀ ਤਿਆਰੀ ਕਰਨ ਵਿੱਚ ਸੁਵਿਧਾ ਮਿਲੇਗੀ ਅਤੇ ਜਨਰਲ ਹਾਊਸ ਦੀਆਂ ਮੀਟਿੰਗਾਂ ਵਿੱਚ ਚਰਚਾ ਹੋਰ ਤਰਤੀਬਬੱਧ ਅਤੇ ਮੱਤਵਪੂਰਨ ਬਣੇਗੀ। ਉਨ੍ਹਾ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਨਗਰ ਨਿਗਮ ਦਾ ਕੰਮ ਸਿਰਫ਼ ਦਫ਼ਤਰਾਂ ਤੱਕ ਸੀਮਤ ਨਾ ਰਹੇ, ਬਲਕਿ ਹਰ ਨਾਗਰਿਕ ਤੱਕ ਪਾਰਦਰਸ਼ੀ ਢੰਗ ਨਾਲ ਪਹੁੰਚੇ। ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਇਹ ਦੂਜਾ ਪੜਾਅ ਨਿਗਮ ਦੀ ਡਿਜੀਟਲ ਯਾਤਰਾ ਦਾ ਅਹਿਮ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਟੈਬ ਲੇਟਾਂ ਦੇ ਮਾਧਿਅਮ ਨਾਲ ਹੁਣ ਸਾਰੇ ਏਜੰਡੇ, ਫ਼ੈਸਲੇ ਅਤੇ ਰਿਕਾਰਡ ਡਿਜੀਟਲ ਰੂਪ ਵਿੱਚ ਸੰਭਾਲੇ ਜਾ ਸਕਣਗੇ, ਜਿਸ ਨਾਲ ਕਾਗਜ਼ੀ ਕਾਰਵਾਈ ਵਿੱਚ ਵੱਡੀ ਕਮੀ ਆਵੇਗੀ ਅਤੇ ਕੰਮਕਾਜ ਹੋਰ ਸੁਚਾਰੂ ਬਣੇਗਾ। ਅਸੀਂ ਚਾਹੁੰਦੇ ਹਾਂ ਕਿ ਹਰ ਕੌਂਸਲਰ ਤਕਨੀਕ ਨਾਲ ਜੁੜ ਕੇ ਸ਼ਹਿਰ ਦੀ ਭਲਾਈ ਲਈ ਤੇਜ਼ੀ ਨਾਲ ਫ਼ੈਸਲੇ ਲਏ। ਇਸ ਨਾਲ ਨਾਗਰਿਕਾਂ ਦੀਆਂ ਸ਼ਿਕਾਇਤਾਂ, ਸੁਝਾਵ ਅਤੇ ਅਰਜ਼ੀਆਂ ਦਾ ਨਿਪਟਾਰਾ ਵੀ ਤੇਜ਼ ਹੋਵੇਗਾ।

ਮੇਅਰ ਅਤੇ ਕਮਿਸ਼ਨਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਨਗਰ ਨਿਗਮ ਦੀਆਂ ਕਈ ਹੋਰ ਸੇਵਾਵਾਂ ਨੂੰ ਵੀ ਆਨਲਾਈਨ ਕੀਤਾ ਜਾਵੇਗਾ, ਤਾਂ ਜੋ ਸ਼ਹਿਰ ਵਾਸੀਆਂ ਨੂੰ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਪਟਿਆਲਾ ਨੂੰ ਇੱਕ ਆਧੁਨਿਕ, ਤਕਨੀਕੀ ਅਤੇ ਲੋਕ-ਪੱਖੀ ਸ਼ਹਿਰ ਬਣਾਉਣ ਵੱਲ ਇੱਕ ਹੋਰ ਮਜ਼ਬੂਤ ਕਦਮ ਹੈ ਅਤੇ ਇਸ ਨਾਲ ਸ਼ਹਿਰ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੇਗੀ।

ਇਸ ਮੌਕੇ ਕੌਂਸਲਰ ਸ੍ਰੀ ਜਸਬੀਰ ਸਿੰਘ ਵਾਰਡ ਨੰਬਰ 6, ਸ੍ਰੀਮਤੀ ਨੇਹਾ ਵਾਰਡ ਨੰਬਰ 9, ਕੌਂਸਲਰ ਸ੍ਰੀ ਮਨਦੀਪ ਸਿੰਘ ਵਾਰਡ ਨੰਬਰ 4, ਕੌਂਸਲਰ ਸ੍ਰੀਮਤੀ ਨਵਦੀਪ ਕੌਰ ਵਾਰਡ ਨੰਬਰ 25, ਕੌਂਸਲਰ ਸ੍ਰੀ ਹਰੀ ਭਵਨ ਨੰਬਰ 24, ਕੌਂਸਲਰ ਸ੍ਰੀਮਤੀ ਕੁਲਬੀਰ ਕੌਰ ਵਾਰਡ ਨੰਬਰ 7, ਕੌਂਸਲਰ ਸ੍ਰੀਮਤੀ ਰੇਨੂ ਬਾਲਾ ਵਾਰਡ ਨੰਬਰ 3, ਕੌਂਸਲਰ ਸ੍ਰੀਮਤੀ ਝਿਰਮੋਲਜੀਤ ਕੌਰ ਵਾਰਡ ਨੰਬਰ 13, ਕੌਂਸਲਰ ਸ੍ਰੀ ਕੁਲਵੰਤ ਸਿੰਘ ਵਾਰਡ ਨੰਬਰ 26, ਕੌਂਸਲਰ ਸ਼੍ਰੀ ਸਾਗਰ ਵਾਰਡ ਨੰਬਰ 52, ਕੌਂਸਲਰ ਸ਼੍ਰੀਮਤੀ ਨੇਹਾ ਸਿੱਧੂ ਵਾਰਡ ਨੰਬਰ 49 , ਕੌਂਸਲਰ ਸ੍ਰੀ ਗੁਰ ਕਿਰਪਾਲ ਸਿੰਘ ਵਾਰਡ ਨੰਬਰ 14, ਕੌਂਸਲਰ ਸ੍ਰੀ ਗਿਆਨ ਚੰਦ ਵਾਰਡ ਨੰਬਰ 18, ਕੌਂਸਲਰ ਸ੍ਰੀਮਤੀ ਸੋਨੀਆ ਵਾਰਡ ਨੰਬਰ 1 ਨੂੰ ਟੈਬਲੇਟ ਦਿੱਤੇ ਗਏ।

## ਨਗਰ ਨਿਗਮ ਪਟਿਆਲਾ ਦੇ ਵਿਹੜੇ ਵਿੱਚ ਸੈਂਕੜੇ ਮੁਲਾਜ਼ਮਾਂ ਨੇ ਮਿਲ ਕੇ ਮਨਾਈ ਲੋਹੜੀ

# ਸ਼ਹਿਰ ਵਾਸੀਆਂ ਨੂੰ ਮਿਲਣ ਵਾਲੀਆਂ ਬੁਨਿਆਦੀ ਸੁਵਿਧਾਵਾਂ ਕਰਮਚਾਰੀਆਂ ਦੀ ਮਿਹਨਤ ਦਾ ਨਤੀਜਾ: ਮੇਅਰ, ਕਮਿਸ਼ਨਰ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਦੇ ਵਿਹੜੇ ਵਿੱਚ ਲੋਹੜੀ ਦਾ ਤਿਉਹਾਰ ਸੈਂਕੜੇ ਮੁਲਾਜ਼ਮਾਂ ਦੀ ਭਾਗੀਦਾਰੀ ਨਾਲ ਉਤਸ਼ਾਹ, ਸਾਂਝ ਅਤੇ ਪਿਆਰ ਦੇ ਮਾਹੌਲ ਵਿੱਚ ਮਨਾਇਆ ਗਿਆ। ਇਸ ਸਬੰਧ ਵਿੱਚ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਲੋਹੜੀ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਹੈ, ਜੋ ਸਾਨੂੰ ਇਕ ਦੂਜੇ ਨਾਲ ਜੋੜਦੀ ਹੈ ਅਤੇ ਆਪਸੀ ਸਾਂਝ, ਪਿਆਰ ਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ। ਮੇਅਰ ਨੇ ਕਿਹਾ ਕਿ ਨਗਰ ਨਿਗਮ ਦੇ ਕਰਮਚਾਰੀ ਸ਼ਹਿਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਅਜਿਹੇ ਮੌਕੇ ਰਲ ਕੇ ਮਨਾਉਣ ਨਾਲ ਉਨ੍ਹਾਂ ਨੂੰ ਹੋਰ ਉਤਸ਼ਾਹ ਮਿਲਦਾ ਹੈ । ਇਸ ਮੌਕੇ ਨਗਰ ਨਿਗਮ ਦੇ ਹਰ ਵਿਭਾਗ ਦੇ ਕਰਮਚਾਰੀ ਮੌਜੂਦ ਰਹੇ।



ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਮੁਲਾਜ਼ਮਾਂ ਨੇ ਰਵਾਇਤੀ ਢੰਗ ਨਾਲ ਲੋਹੜੀ ਦੀ ਅੱਗ ਜਲਾਈ, ਇਕ ਦੂਜੇ ਨੂੰ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਅਤੇ ਰੇਵੜੀਆਂ, ਗੱਚਕ, ਮੂੰਗਫਲੀ ਅਤੇ ਤਿਲ-ਗੁੜ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਤਿਉਹਾਰ ਮਨਾਉਣ ਦੀ ਰਸਮ ਨਹੀਂ, ਸਗੋਂ ਉਹ ਮੌਕਾ ਹੈ ਜਦੋਂ ਨਗਰ ਨਿਗਮ ਦਾ ਹਰ ਕਰਮਚਾਰੀ ਇੱਕ ਪਰਿਵਾਰ ਵਾਂਗ ਇਕੱਠਾ ਹੋ ਕੇ ਖੁਸ਼ੀਆਂ ਸਾਂਝੀਆਂ ਕਰਦਾ ਹੈ ਅਤੇ ਨਵੇਂ ਸਾਲ ਲਈ ਸਾਂਝੇ ਟੀਚੇ ਤੈਅ ਕਰਦਾ ਹੈ।

ਦੋਹਾਂ ਨੇ ਸਾਂਝੇ ਤੌਰ ਤੇ ਕਿਹਾ ਕਿ ਨਗਰ ਨਿਗਮ ਪਟਿਆਲਾ ਦਾ ਹਰ ਕਰਮਚਾਰੀ ਦਿਨ-ਰਾਤ ਸ਼ਹਿਰ ਦੀ ਸਫ਼ਾਈ, ਵਿਕਾਸ ਅਤੇ ਨਾਗਰਿਕ ਸਹੂਲਤਾਂ ਲਈ ਸਮਰਪਿਤ ਹੈ। ਸੜਕਾਂ, ਨਾਲੀਆਂ, ਸਫ਼ਾਈ, ਪਾਣੀ ਸਪਲਾਈ, ਰੋਸ਼ਨੀ ਅਤੇ ਹੋਰ ਬੁਨਿਆਦੀ ਸੇਵਾਵਾਂ ਵਿੱਚ ਜੋ ਸੁਧਾਰ ਨਜ਼ਰ ਆ ਰਿਹਾ ਹੈ, ਉਹ ਸਾਡੇ ਕਰਮਚਾਰੀਆਂ ਦੀ ਮਿਹਨਤ ਦਾ ਨਤੀਜਾ ਹੈ। ਪ੍ਰਸ਼ਾਸਨ ਕਰਮਚਾਰੀਆਂ ਦੀ ਭਲਾਈ, ਸੁਰੱਖਿਆ ਅਤੇ ਕੰਮਕਾਜੀ ਸੁਵਿਧਾਵਾਂ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਲੋਹੜੀ ਵਰਗੇ ਤਿਉਹਾਰ ਸਾਨੂੰ ਇਕਜੁੱਟਤਾ ਦਾ ਪਾਠ ਪੜ੍ਹਾਉਂਦੇ ਹਨ। ਜਿਵੇਂ ਅਸੀਂ ਅੱਜ ਇਕੱਠੇ ਹੋ ਕੇ ਅੱਗ ਦੇ ਗੇੜ ਲਗਾਏ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ ਹਨ, ਓਸੇ ਤਰ੍ਹਾਂ ਅਸੀਂ ਸਾਲ ਭਰ ਇਕਜੁੱਟ ਹੋ ਕੇ ਸ਼ਹਿਰ ਵਾਸੀਆਂ ਨੂੰ ਬਿਹਤਰ ਸੇਵਾਵਾਂ ਮੁਹੱਈਆ ਕਰਵਾਵਾਂਗੇ। ਸਾਡਾ ਟੀਚਾ ਸਿਰਫ਼ ਵਿਕਾਸ ਨਹੀਂ, ਸਗੋਂ ਸੁਚੱਜਾ ਪ੍ਰਸ਼ਾਸਨ, ਪਾਰਦਰਸ਼ਤਾ ਅਤੇ ਜਵਾਬਦੇਹੀ ਹੈ। ਮੇਅਰ ਅਤੇ ਕਮਿਸ਼ਨਰ ਨੇ ਕਿਹਾ ਕਿ ਨਵਾਂ ਸਾਲ ਨਗਰ ਨਿਗਮ ਪਟਿਆਲਾ ਲਈ ਨਵੇਂ ਪ੍ਰਾਜੈਕਟਾਂ, ਬੁਨਿਆਦੀ ਢਾਂਚੇ ਦੇ ਸੁਧਾਰ, ਸਫ਼ਾਈ ਅਭਿਆਨਾਂ ਅਤੇ ਨਾਗਰਿਕ ਸੁਵਿਧਾਵਾਂ ਨੂੰ ਮਜ਼ਬੂਤ ਕਰਨ ਦਾ ਸਾਲ ਹੋਵੇਗਾ। ਅਸੀਂ ਸ਼ਹਿਰ ਨੂੰ ਹੋਰ ਸੁੰਦਰ, ਸਾਫ਼-ਸੁਥਰਾ ਅਤੇ ਰਹਿਣਯੋਗ ਬਣਾਉਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੇ ਹਾਂ। ਹਰ ਕਰਮਚਾਰੀ ਦੀ ਭੂਮਿਕਾ ਇਸ ਮਿਸ਼ਨ ਵਿੱਚ ਮਹੱਤਵਪੂਰਨ ਹੈ ਅਤੇ ਅਸੀਂ ਸਭ ਮਿਲ ਕੇ ਪਟਿਆਲਾ ਨੂੰ ਇੱਕ ਮਿਸਾਲੀ ਸ਼ਹਿਰ ਬਣਾਵਾਂਗੇ । ਅੰਤ ਵਿੱਚ ਦੋਹਾਂ ਨੇ ਸਾਂਝੇ ਤੌਰ ਤੇ ਨਗਰ ਨਿਗਮ ਦੇ ਸਾਰੇ ਮੁਲਾਜ਼ਮਾਂ ਅਤੇ ਸ਼ਹਿਰ ਵਾਸੀਆਂ ਨੂੰ ਲੋਹੜੀ ਅਤੇ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਾਂਝ, ਸੇਵਾ ਅਤੇ ਇਮਾਨਦਾਰੀ ਦੇ ਨਾਲ ਅੱਗੇ ਵਧ ਕੇ ਹੀ ਪਟਿਆਲਾ ਦੀ ਤਰੱਕੀ ਸੰਭਵ ਹੈ। ਅਸੀਂ ਇੱਕ ਟੀਮ ਵਾਂਗ ਕੰਮ ਕਰਦੇ ਹੋਏ ਸ਼ਹਿਰ ਨੂੰ ਖੁਸ਼ਹਾਲੀ ਦੇ ਰਾਹ 'ਤੇ ਲੈ ਕੇ ਜਾਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ? ਨਿਸ਼ਚਿਤ ਹਾਂ।

## ਸੰਪਾਦਕੀ

# ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਹਰ ਕਰਮਚਾਰੀ/ ਕਿਰਤੀ ਦਾ ਕਾਨੂੰਨੀ ਤੇ ਮਨੁੱਖੀ ਅਧਿਕਾਰ

ਦੇਸ਼ ਵਿਚ ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਹਰ ਕਰਮਚਾਰੀ/ ਕਿਰਤੀ ਦਾ ਕਾਨੂੰਨੀ ਤੇ ਮਨੁੱਖੀ ਅਧਿਕਾਰ ਹੈ। ਨਿੱਜੀ ਅਦਾਰਿਆਂ, ਅਸੰਗਠਿਤ ਖੇਤਰ ਜਾਂ ਗ਼ੈਰ-ਸਰਕਾਰੀ ਖੇਤਰ ਵਿੱਚ ਰੰਗ, ਨਸਲ ਜਾਂ ਕਿਸੇ ਵੀ ਹੋਰ ਪੱਖ ਨੂੰ ਲੈ ਕੇ ਆਨੇ-ਬਹਾਨੇ ਮਿਹਨਤਾਨੇ ਸਬੰਧੀ ਪੱਖਪਾਤ ਕੀਤਾ ਜਾਂਦਾ ਹੈ। ਜਦੋਂ ਕਿਸੇ ਕਰਮਚਾਰੀ ਜਾਂ ਕਿਰਤੀ ਨਾਲ ਵਿਤਕਰਾ ਉਸ ਦੇ ਮਰਦ ਜਾਂ ਔਰਤ ਹੋਣ ਕਾਰਨ ਹੋਵੇ ਤਾਂ ਇਸ ਨੂੰ ਮਿਹਨਤਾਨੇ ਵਿੱਚ ਲਿੰਗ ਆਧਾਰਿਤ ਵਿਤਕਰਾ ਕਹਾਂਗੇ। ਅਮਰੀਕਾ, ਕੈਨੇਡਾ ਅਤੇ ਸਾਰੇ ਹੋਰ ਵਿਕਸਿਤ ਦੇਸ਼ਾਂ ਵਿੱਚ ਇਹ ਵਿਤਕਰਾ ਆਮ ਵਰਤਾਰਾ ਹੈ। ਔਰਤਾਂ ਦੀ ਸਾਖਰਤਾ ਦਰ ਵਧਣ ਕਾਰਨ ਰੁਜ਼ਗਾਰ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਵਧ ਰਹੀ ਹੈ। ਅਜੋਕੇ ਸਮੇਂ ਵਿੱਚ ਔਰਤਾਂ ਉਨ੍ਹਾਂ ਕਿੱਤਿਆਂ ਤੇ ਖਿੱਤਿਆਂ ਵਿੱਚ ਵੀ ਰੁਜ਼ਗਾਰਯਾਫ਼ਤਾ ਹਨ, ਜਿਹੜੇ ਕਿਸੇ ਸਮੇਂ ਸਿਰਫ਼ ਮਰਦਾਂ ਲਈ ਹੀ ਰਾਖਵੇਂ ਸਨ। ਪਰ ਔਰਤਾਂ ਨੂੰ ਹੋਣ ਵਾਲੀ ਕੁੱਲ ਕਮਾਈ ਮਰਦਾਂ ਨਾਲੋਂ ਹਰ ਪੱਖੋਂ ਘੱਟ ਹੁੰਦੀ ਹੈ। ਕੌਮਾਂਤਰੀ ਮਜ਼ਦੂਰ ਸੰਗਠਨ (ਆਈ ਐੱਲ ਓ) ਮੁਤਾਬਿਕ 2022 ਵਿੱਚ ਵਿਸ਼ਵ ਪੱਧਰ ’ਤੇ 90.6 ਫ਼ੀਸਦੀ ਮਰਦ ਅਤੇ 61.4 ਫ਼ੀਸਦੀ ਔਰਤਾਂ ਕੰਮਕਾਜੀ ਸਨ। ਮਰਦਾਂ ਨੂੰ ਦਿੱਤੇ ਜਾਂਦੇ ਪ੍ਰਤੀ ਡਾਲਰ ਮਿਹਨਤਾਨੇ ਦੇ ਮੁਕਾਬਲੇ ਔਰਤਾਂ ਨੂੰ 78-79 ਸੈਂਟ ਤੋਂ ਲੈ ਕੇ 81-82 ਸੈਂਟ ਤੱਕ ਦਿੱਤੇ ਜਾਂਦੇ ਸਨ। ਪਿਛਲੇ ਦੋ ਦਹਾਕਿਆਂ ਦੌਰਾਨ ਅਤੇ ਖ਼ਾਸਕਰ ਕੋਵਿਡ-19 ਮਹਾਮਾਰੀ ਮਗਰੋਂ ਮਿਹਨਤਾਨੇ ਵਿੱਚ ਪਾੜਾ ਹੋਰ ਵੀ ਵਧਿਆ ਹੈ। ਕੀ ਕਾਰਨ ਹਨ ਕਿ ਹੁਨਰਮੰਦ ਅਤੇ ਸਿੱਖਿਅਤ ਹੋਣ ਦੇ ਬਾਵਜੂਦ ਨਿੱਜੀ ਕੰਪਨੀਆਂ ਜਾਂ ਗ਼ੈਰ-ਸਰਕਾਰੀ ਖੇਤਰਾਂ ਵਿੱਚ ਉੱਚੇ ਅਹੁਦਿਆਂ ਅਤੇ ਲੀਡਰਸ਼ਿਪ ਰੋਲ ਵਿੱਚ ਔਰਤਾਂ ਦੀ ਨੁਮਾਇੰਦਗੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ ? ਮਰਦਾਂ ਦੇ ਮੁਕਾਬਲੇ ਔਰਤਾਂ ਦਾ ਮਿਹਨਤਾਨਾ ਘੱਟ ਕਿਉਂ ਹੈ ? ਕੀ ਇਹ ਰੁਝਾਨ ਸਾਡੇ ਮਰਦ ਪ੍ਰਧਾਨ ਸਮਾਜ ਦੀ ਮਾਨਸਿਕਤਾ ਕਾਰਨ ਹੈ ਜਾਂ ਸਮਾਜਿਕ ਰੂੜੀਵਾਦੀ ਵਰਤਾਰਾ, ਜਿਸ ਤਹਿਤ ਔਰਤ ਕੋਲੋਂ ਖ਼ਾਸ ਤਰ੍ਹਾਂ ਦੀਆਂ ਸਮਾਜਿਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੀ ਆਸ ਕੀਤੀ ਜਾਂਦੀ ਹੈ ? ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐੱਮ) ਅਹਿਮਦਾਬਾਦ ਨੇ 2022 ਵਿੱਚ 200 ਕੰਪਨੀਆਂ ਵਿੱਚ ਔਰਤਾਂ ਦੇ ਸਰਬਉੱਚ ਅਹੁਦਿਆਂ ’ਤੇ ਪਹੁੰਚਣ ਵਿੱਚ ਆਉਂਦੀਆਂ ਰੁਕਾਵਟਾਂ ਬਾਰੇ ਅਧਿਐਨ ਕਰਨ ਉਪਰੰਤ ਦੱਸਿਆ ਕਿ ਇਨ੍ਹਾਂ 200 ਕੰਪਨੀਆਂ ਵਿੱਚ ਸਿਰਫ਼ 76 ਔਰਤਾਂ ਉੱਚ ਅਹੁਦਿਆਂ ’ਤੇ ਸਨ। ਉਨ੍ਹਾਂ ਵਿੱਚੋਂ 21 ਕੰਪਨੀਆਂ ਵਿੱਚ ਸਿਰਫ਼ ਇੱਕ ਔਰਤ ਇਸ ਸੀਟ ਉੱਪਰ ਸੀ। ਸਿਰਫ਼ 7 ਫ਼ੀਸਦੀ ਔਰਤਾਂ ਸੀਨੀਅਰ ਮੈਨੇਜਮੈਂਟ ਵਿੱਚ ਸਨ। ਅਦਿੱਖ ਰੋਕਾਂ ਤੋੜਨ ਦੇ ਬਾਵਜੂਦ ਉਹ ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਹਾਸਲ ਨਹੀਂ ਕਰ ਸਕੀਆਂ। ਪਿਰਿਆਡਿਕ ਲੇਬਰ ਫੋਰਸ ਸਰਵੇ 2022-23 ਅਨੁਸਾਰ ਭਾਰਤ ਵਿੱਚ ਮਰਦਾਂ ਨੂੰ ਮਿਲਦੇ 100 ਰੁਪਏ ਦੇ ਮੁਕਾਬਲੇ ਔਰਤਾਂ ਨੂੰ 61 ਰੁਪਏ ਦੀ ਅਦਾਇਗੀ ਹੁੰਦੀ ਹੈ। ਅਮਰੀਕਾ ਦੀ ਵਿੱਤੀ ਮਾਹਿਰ ਅਲੈਕਸ ਗੈਲੀ ਨੇ ਬੈਂਕਰੇਟ ਅਨੈਲੇਸਿਸ ਲਈ 2022-24 ਵਿੱਚ ਕੀਤੇ ਅਧਿਐਨ ਵਿੱਚ ਖੁਲਾਸਾ ਕੀਤਾ ਹੈ ਕਿ ਇੱਥੇ ਮਰਦਾਂ ਨੂੰ ਮਿਲਣ ਵਾਲੇ ਹਰ ਡਾਲਰ ਪਿੱਛੇ ਔਰਤਾਂ ਨੂੰ 81 ਸੈਂਟ ਮਿਲਦੇ ਹਨ। ਸਿਆਹਫਾਮ ਜਾਂ ਹੋਰ ਗੂੜ੍ਹੇ ਰੰਗਾਂ ਦੀਆਂ ਔਰਤਾਂ ਨੂੰ 67 ਸੈਂਟ ਅਤੇ ਹਿਸਪੈਨਿਕ ( ਔਰਤਾਂ ਨੂੰ ਸਿਰਫ਼ 58 ਸੈਂਟ ਮਿਲਦੇ ਹਨ। ਕੈਨੇਡਾ ਦੇ ਲੇਬਰ ਫੋਰਸ ਸਰਵੇ 2021-22 ਅਨੁਸਾਰ ਰੁਜ਼ਗਾਰ ਵਿੱਚ ਔਰਤਾਂ ਦੀ ਸ਼ਮੂਲੀਅਤ ਵਿੱਚ 2011 ਤੋਂ 2021 ਤੱਕ ਵਾਧਾ ਦਰਜ ਕੀਤਾ ਗਿਆ ਹੈ ਪਰ ਇੱਥੇ ਵੀ ਪ੍ਰਤੀ ਘੰਟਾ ਔਰਤ ਦੀ ਕਮਾਈ 30.57 ਡਾਲਰ ਹੈ ਜਦੋਂਕਿ ਮਰਦ 35 ਤੋਂ 36 ਡਾਲਰ ਕਮਾਉਂਦਾ ਹੈ। ਕੌਮਾਂਤਰੀ ਪੱਧਰ ’ਤੇ ਤਨਖ਼ਾਹ ਅਤੇ ਮਜ਼ਦੂਰੀ ਵਿੱਚ ਅਦਾਇਗੀਆਂ ਵਿੱਚ ਲਿੰਗ ਆਧਾਰਿਤ ਵਖਰੇਵੇਂ ਦਾ ਮੁੱਖ ਕਾਰਨ ਔਰਤਾਂ ਦੁਆਰਾ ਜ਼ਿਆਦਾਤਰ ਚੁਣੇ ਜਾਂਦੇ ਖ਼ਾਸ ਪ੍ਰਕਾਰ ਦੇ ਖੇਤਰ ਹਨ, ਜਿੱਥੇ ਦੂਜੇ ਖੇਤਰਾਂ ਮੁਕਾਬਲੇ ਤਨਖ਼ਾਹਾਂ ਭਾਵੇਂ ਘੱਟ ਹੋਣ ਪਰ ਉਹ ਕਿੱਤੇ ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਵਿੱਚ ਰੁਕਾਵਟ ਨਾ ਬਣਦੇ ਹੋਣ, ਜਿਵੇਂ ਅਧਿਆਪਨ ਕਾਰਜ, ਨਰਸਿੰਗ, ਦੇਖਭਾਲ ਦੀਆਂ ਸੇਵਾਵਾਂ ਆਦਿ। ਪਿਛਲੇ ਕੁਝ ਸਮੇਂ ਤੋਂ ਭਾਰਤ ਵਿੱਚ ਖੇਤੀਬਾੜੀ ਖੇਤਰ, ਘਰੇਲੂ-ਛੋਟੇ-ਦਰਮਿਆਨੇ ਤੇ ਮੁੱਢਲੇ ਉਦਯੋਗ ਅਤੇ ਨਿਰਮਾਣ ਦੇ ਖੇਤਰ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵਧ ਰਹੀ ਹੈ। ਕੈਨੇਡਾ ਵਿੱਚ ਵੱਡੇ ਉਦਯੋਗ, ਭਵਨ ਨਿਰਮਾਣ ਤੇ ਮਾਹਿਰ ਡਾਕਟਰਾਂ ਵਿੱਚ 14 ਫ਼ੀਸਦੀ ਮਰਦ ਅਤੇ ਸਿਰਫ਼ 3 ਫ਼ੀਸਦੀ ਔਰਤਾਂ ਹਨ, ਜਿੱਥੇ ਪ੍ਰਤੀ ਘੰਟਾ ਉਜਰਤ 35 ਤੋਂ 45 ਡਾਲਰ ਤੱਕ ਹੈ। ਦੂਜੇ ਪਾਸੇ ਸਿਹਤ ਸੇਵਾਵਾਂ, ਮੁੱਖ ਡੈਸਕ ’ਤੇ ਬੈਠਣਾ ਜਾਂ ਰਿਸੈਪਸ਼ਨਿਸਟ ਦਾ ਕੰਮ ਅਤੇ ਹੋਰ ਸਮਾਜਿਕ ਸੇਵਾਵਾਂ ਜਿਵੇਂ ਬਜ਼ੁਰਗਾਂ ਦੀ ਦੇਖਭਾਲ, ਸਾਫ਼ ਸਫ਼ਾਈ ਦਾ ਕੰਮ ਆਦਿ ਕਿੱਤਿਆਂ ਵਿੱਚ 14 ਫ਼ੀਸਦੀ ਔਰਤਾਂ ਦੇ ਮੁਕਾਬਲੇ 2 ਫ਼ੀਸਦੀ ਮਰਦ ਹਨ। ਇੱਥੇ ਪ੍ਰਤੀ ਘੰਟਾ ਆਮਦਨ ਜਾਂ ਕਮਾਈ 24-25 ਡਾਲਰ ਹੈ। ਮਤਲਬ ਵਧੇਰੇ ਕਮਾਈ ਵਾਲੇ ਕਿੱਤਿਆਂ ਵਿੱਚ ਮਰਦਾਂ ਦਾ ਅਨੁਪਾਤ ਜ਼ਿਆਦਾ ਹੈ। ਦੂਜਾ, ਕੰਪਨੀਆਂ ਵਿੱਚ ਅਦਾਇਗੀ ਦਾ ਸਿਸਟਮ ਪਾਰਦਰਸ਼ੀ ਨਾ ਹੋਣ ਕਾਰਨ ਇੱਕੋ ਸਥਾਨ ’ਤੇ ਬਰਾਬਰ ਦਾ ਕੰਮ ਕਰਨ ’ਤੇ ਵੀ ਉਜਰਤ ਦਾ ਵਖਰੇਵਾਂ ਹੈ। ਤੀਜਾ ਵੱਡਾ ਕਾਰਨ ਹੈ ਕਿ ਔਰਤਾਂ ਨੂੰ ਆਪਣੀਆਂ ਕੰਮਕਾਜੀ ਥਾਵਾਂ ’ਤੇ ਕਾਰਜ ਕੁਸ਼ਲਤਾ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਵਿੱਚ ਤਾਲਮੇਲ ਰੱਖਣਾ ਪੈਂਦਾ ਹੈ। ਛੋਟੇ ਬੱਚਿਆਂ ਅਤੇ ਘਰ ਦੇ ਬਜ਼ੁਰਗਾਂ ਦੀ ਦੇਖਭਾਲ ਕਰਨਾ ਮੁੱਖ ਤੌਰ ’ਤੇ ਔਰਤ ਦੀ ਜ਼ਿੰਮੇਵਾਰੀ ਮੰਨੀ ਜਾਂਦੀ ਹੈ। ਇਸ ਲਈ ਬਹੁਤੀ ਵਾਰ ਔਰਤ ਨੂੰ ਆਪਣੀ ਪਦ-ਉੱਨਤੀ ਜਾਂ ਤਰੱਕੀ ਨੂੰ ਵੀ ਠੁਕਰਾਉਣਾ ਪੈਂਦਾ ਹੈ। ਇਹ ਆਮਦਨ ਵਖਰੇਵਾਂ ਔਰਤਾਂ ਦੇ ਰੁਜ਼ਗਾਰ ਮੰਡੀ ਵਿੱਚ ਸ਼ਾਮਿਲ ਹੋਣ ਦੇ ਪਹਿਲੇ ਪੜਾਅ ’ਤੇ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਇੰਟਰਵਿਊ ਦੌਰਾਨ ਹੀ ਉਸ ਦੇ ਵਿਆਹੁਤਾ ਜੀਵਨ ਬਾਰੇ ਅਣਸੁਖਾਵੇਂ ਸਵਾਲ ਪੁੱਛੇ ਜਾਂਦੇ ਹਨ। ਚੌਥਾ, ਔਰਤਾਂ ਆਮ ਤੌਰ ’ਤੇ ਤਨਖ਼ਾਹ ਬਾਰੇ ਘੱਟ ਹੀ ਗੱਲਬਾਤ ਕਰਦੀਆਂ ਹਨ। 25 ਤੋਂ 40 ਸਾਲ ਉਮਰ ਵਰਗ ਦੀਆਂ ਔਰਤਾਂ ਵਧੇਰੇ ਕਰਕੇ ਕੰਮ ਦੇ ਸੁਖਾਵੇਂ ਘੰਟਿਆਂ ਨੂੰ ਤਰਜੀਹ ਦਿੰਦੀਆਂ ਹਨ। ਪੰਜਵਾਂ, ਔਰਤ ਨੂੰ ਸਭ ਤੋਂ ਵਧੇਰੇ ਨੁਕਸਾਨ ਉਸ ਵੇਲੇ ਹੁੰਦਾ ਹੈ ਜਦੋਂ ਉਹ ਮਾਂ ਬਣਨ ਦੀ ਸਮਾਜਿਕ ਅਤੇ ਪਰਿਵਾਰਕ ਜ਼ਿੰਮੇਵਾਰੀ ਨਿਭਾਉਂਦੀ ਹੈ। ਜਿਉਂ ਜਿਉਂ ਉਮਰ ਵਧਦੀ ਹੈ ਅਤੇ ਉਹ ਵਿਆਹ ਉਪਰੰਤ ਪਰਿਵਾਰਕ ਜ਼ਿੰਮੇਵਾਰੀਆਂ ਵਿੱਚ ਪੈਂਦੀਆਂ ਹਨ ਤਾਂ ਇਹ ਵਿਤਕਰਾ ਵਧਣ ਲੱਗਦਾ ਹੈ। ਬੱਚੇ ਨੂੰ ਜਨਮ ਦੇਣਾ ਤੇ ਮੁੱਢਲੀ ਦੇਖਭਾਲ ਦੌਰਾਨ ਉਹ ਮਰਦਾਂ ਨਾਲੋਂ ਤਿੰਨ ਚਾਰ ਸਾਲ ਆਪਣੇ ਕਰੀਅਰ ਵਿੱਚ ਵੀ ਪਿੱਛੇ ਰਹਿ ਜਾਂਦੀਆਂ ਹਨ। ਔਰਤ ਦੇ ਸਿੱਖਿਅਤ ਹੋਣ ਦੇ ਨਾਲ ਨਾਲ ਉਸ ਦਾ ਕੰਮਕਾਜੀ ਹੋਣਾ ਆਰਥਿਕ, ਸਮਾਜਿਕ ਅਤੇ ਪਰਿਵਾਰਕ ਦ੍ਰਿਸ਼ਟੀਕੋਣ ਤੋਂ ਵਧੀਆ ਮੰਨਿਆ ਜਾਂਦਾ ਹੈ। ਕੋਵਿਡ-19 ਮਹਾਮਾਰੀ ਮਗਰੋਂ ਕੰਮ ਦੇ ਤਰੀਕੇ ਅਤੇ ਤਰਤੀਬ ਵਿੱਚ ਤਬਦੀਲੀ ਆਈ ਹੈ। ਇਸ ਨਾਲ ਘਰੋਂ ਕੰਮ ਕਰਨਾ, ਮਰਜ਼ੀ ਦੀ ਸ਼ਿਫਟ ਜਾਂ ਦਫ਼ਤਰ ਦੀ ਬਰਾਂਚ ਆਦਿ ਬਾਰੇ ਆਪਣੀ ਸਹੂਲਤ ਅਨੁਸਾਰ ਕੰਮ ਕਰਨ ਦੀ ਸੁਵਿਧਾ ਪ੍ਰਾਪਤ ਹੋ ਗਈ ਸੀ। ਇਹ ਪ੍ਰਣਾਲੀ ਮੈਨੇਜਮੈਂਟ ਅਤੇ ਕਾਮਿਆਂ ਦੋਹਾਂ ਨੂੰ ਰਾਸ ਆਈ ਹੈ।

ਇਸ ਲਈ ਮਰਦਾਂ ਦੇ ਮੁਕਾਬਲੇ ਔਰਤਾਂ ਪਾਰਟ ਟਾਈਮ ਕੰਮ ਨੂੰ ਤਰਜੀਹ ਦੇਣ ਲੱਗੀਆਂ ਹਨ। ਔਰਤ ਦਾ ਰੁਜ਼ਗਾਰ ਵਿੱਚ ਹੋਣਾ ਨਾ ਸਿਰਫ਼ ਆਪਣੇ ਨਿੱਜੀ ਪਰਿਵਾਰ ਲਈ ਸਗੋਂ ਸਮੁੱਚੇ ਸਮਾਜ ਤੇ ਦੇਸ਼ ਲਈ ਵੀ ਲਾਹੇਵੰਦ ਹੈ। ਔਰਤਾਂ ਦੀ ਇਸ ਦੇਣ ਨੂੰ ਪਛਾਣਦਿਆਂ ਕੈਨੇਡਾ ਦੀ ਸਰਕਾਰ ਨੇ 2021 ਦੀਆਂ ਚੋਣਾਂ ਤੋਂ ਬਾਅਦ ਔਰਤਾਂ ਬਾਰੇ ਕੁਝ ਠੋਸ ਕਦਮ ਚੁੱਕੇ ਸਨ, ਜਿਨ੍ਹਾਂ ਨੂੰ ਫੈਮਿਲੀ ਫਰੈਂਡਲੀ ਪਾਲਸੀਆਂ ਕਿਹਾ ਜਾਂਦਾ ਹੈ। ਲੋੜਵੰਦ ਔਰਤਾਂ ਨੂੰ ਪ੍ਰਤੀ ਬੱਚਾ ਭੱਤਾ ਦੇਣ ਦੀ ਦਾ ਵੀ ਉਨ੍ਹਾਂ ਪ੍ਰਬੰਧ ਕੀਤਾ ਹੋਇਆ ਹੈ। ਕਈ ਮੁਲਕਾਂ ਵਿੱਚ ਕੰਮਕਾਜੀ ਥਾਵਾਂ ਉੱਤੇ ਹੀ ਨਵੀਆਂ ਬਣੀਆਂ ਮਾਵਾਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਕਰੈੱਸ਼ ਹੁੰਦੇ ਹਨ। ਉਸ ਮਗਰੋਂ ਦੋ ਤੋਂ ਚਾਰ ਸਾਲਾਂ ਤੱਕ ਦੇ ਬੱਚਿਆਂ ਲਈ ਸਕੂਲ ਤੋਂ ਪਹਿਲਾਂ ਤੇ ਸਕੂਲ ਤੋਂ ਬਾਅਦ ਦੇਖ-ਰੇਖ ਦੀ ਵਿਵਸਥਾ ਵੀ ਹੈ। ਰੁਜ਼ਗਾਰ ਦੇ ਮੌਕਿਆਂ ਦੀ ਅਣਹੋਂਦ ਕਾਰਨ ਔਰਤਾਂ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਹੋ ਰਹੀਆਂ ਹਨ। ਭਾਰਤ ਦੇ ਪਿਰਿਆਡਕ ਲੇਬਰ ਫੋਰਸ ਸਰਵੇ 2022-23 ਅਨੁਸਾਰ ਕੁੱਲ ਕੰਮਕਾਜੀ ਔਰਤਾਂ ਵਿੱਚੋਂ 65.3 ਫ਼ੀਸਦੀ ਔਰਤਾਂ ਸਵੈ-ਰੁਜ਼ਗਾਰ ਵਿੱਚ ਸਨ। ਇਹ ਅਨੁਪਾਤ 2023-24 ਵਿੱਚ ਵਧ ਕੇ 67.4 ਫ਼ੀਸਦੀ ਹੋ ਗਿਆ ਸੀ। ਰੈਗੂਲਰ ਰੁਜ਼ਗਾਰ ਵਿੱਚ ਸਿਰਫ਼ 16 ਫ਼ੀਸਦੀ ਅਤੇ ਕੈਜ਼ੂਅਲ ਰੁਜ਼ਗਾਰ ਵਿੱਚ 16.6 ਫ਼ੀਸਦੀ ਔਰਤਾਂ ਸਨ। ਕੁੱਲ ਕੰਮਕਾਜੀ ਔਰਤਾਂ ਵਿੱਚੋਂ 61.2 ਫ਼ੀਸਦੀ ਔਰਤਾਂ ਗ਼ੈਰ-ਰਸਮੀ ਖੇਤਰ ਵਿੱਚ ਸਨ। ਯੂ ਐਨ ਓ ਦੇ ਮਨੁੱਖੀ ਅਧਿਕਾਰ ਐਲਾਨਨਾਮੇ 1948 ਅਨੁਸਾਰ, ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ/ਮਿਹਨਤਾਨਾ ਹਰ ਵਿਅਕਤੀ ਦਾ ਮੁੱਢਲਾ ਅਧਿਕਾਰ ਹੈ। ਇਸ ਐਲਾਨਨਾਮੇ ’ਤੇ ਭਾਰਤ ਸਰਕਾਰ ਵੱਲੋਂ ਦਸਤਖ਼ਤ ਕੀਤੇ ਹੋਏ ਹਨ। ਇਸੇ ਕਰਕੇ ਦੇਸ਼ ਵਿੱਚ ਬਰਾਬਰ ਮਿਹਨਤਾਨਾ ਐਕਟ 1976 ਬਣਾਇਆ ਗਿਆ ਸੀ। ਬਾਅਦ ਵਿੱਚ 2019 ਵਿੱਚ ਇਸ ਨੂੰ ਕੋਡ ਆਨ ਵੇਜਿਜ਼ ਦੇ ਰੂਪ ਵਿੱਚ ਲਿਆਂਦਾ ਗਿਆ।

# ਨਸ਼ਿਆਂ ਵਿਰੁੱਧ ਯੁੱਧ ਨੂੰ ਮਿਲੇਗੀ ਹੋਰ ਤਾਕਤ, ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਅਹਿਮ ਸਮੀਖਿਆ ਮੀਟਿੰਗ



**ਲੁਧਿਆਣਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਦੇ ਖ਼ਿਲਾਫ਼ ਚਲ ਰਹੇ ਸੂਬਾ ਪੱਧਰੀ ਅਭਿਆਨ ਯੁੱਧ ਨਸ਼ਿਆਂ ਵਿਰੁੱਧ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਮਕਸਦ ਨਾਲ ਹਲਕਾ ਦੱਖਣੀ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਸ੍ਰੀਮਤੀ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਲੋਹਾਰਾ-ਈਸਟਮੈਨ ਰੋਡ ਸਥਿਤ ਆਰ.ਐਸ. ਮੈਰਿਜ ਪੈਲੇਸ ਵਿੱਚ ਇੱਕ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਵਿੱਚ ਸਮੇਤ ਵੱਖ-ਵੱਖ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਅਭਿਆਨ ਨਾਲ ਜੁੜੀ ਟੀਮ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਨਸ਼ਿਆਂ ਦੇ ਵਪਾਰ ਅਤੇ ਸਪਲਾਈ ਚੇਨ ਖ਼ਿਲਾਫ਼ ਸਖ਼ਤ ਕਾਰਵਾਈ, ਭਵਿੱਖ ਦੀ ਰਣਨੀਤੀ ਅਤੇ ਜਨ-ਜਾਗਰੂਕਤਾ ਅਭਿਆਨਾਂ ਨੂੰ ਹੋਰ ਤੇਜ਼ ਕਰਨ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿੱਚ ਕਿਸੇ ਵੀ ਪੱਧਰ ‘ਤੇ ਕੋਈ ਢਿਲਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਨੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਕਿ ਨਸ਼ਾ ਤਸਕਰਾਂ ਖ਼ਿਲਾਫ਼ ਕਾਨੂੰਨ ਅਨੁਸਾਰ ਕੜੀ ਕਾਰਵਾਈ ਕੀਤੀ ਜਾਵੇ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਕੂਲਾਂ, ਕਾਲਜਾਂ ਅਤੇ ਪਿੰਡ-ਮੁਹੱਲਿਆਂ ਵਿੱਚ ਜਾਗਰੂਕਤਾ ਮੁਹਿੰਮਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ।

ਉਨ੍ਹਾਂ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਸਿਰਫ਼ ਸਰਕਾਰੀ ਅਭਿਆਨ ਨਹੀਂ, ਸਗੋਂ ਸਮਾਜਕ ਜ਼ਿੰਮੇਵਾਰੀ ਹੈ, ਜਿਸ ਵਿੱਚ ਲੋਕਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ। ਵਿਧਾਇਕ ਨੇ ਭਰੋਸਾ ਦਿਵਾਇਆ ਕਿ ਇਹ ਅਭਿਆਨ ਪੂਰੀ ਤਾਕਤ ਅਤੇ ਨਿਰੰਤਰਤਾ ਨਾਲ ਜਾਰੀ ਰਹੇਗਾ ਤਾਂ ਜੋ ਨਸ਼ਾ-ਮੁਕਤ ਸਮਾਜ ਦੀ ਨਿਰਮਾਣ ਵੱਲ ਮਜ਼ਬੂਤ ਕਦਮ ਚੁੱਕੇ ਜਾ ਸਕਣ।

# ਡਿਪਟੀ ਕਮਿਸ਼ਨਰ ਨੇ ਬਜ਼ੁਰਗਾਂ ਨਾਲ ਮਨਾਇਆ ਲੋਹੜੀ ਦਾ ਤਿਉਹਾਰ

**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਓਲਡ ਏਜ ਹੋਮ ਵਿਖੇ ਪਹੁੰਚ ਕੇ ਉਥੇ ਰਹਿ ਰਹੇ ਬਜ਼ੁਰਗਾਂ ਨਾਲ ਲੋਹੜੀ ਦਾ ਤਿਉਹਾਰ ਮਨਾਇਆ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਬਜ਼ੁਰਗਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਹਾਲ-ਚਾਲ ਜਾਣਿਆ ਅਤੇ ਉਨ੍ਹਾਂ ਨੂੰ ਕੰਬਲ, ਮੂੰਗਫਲੀ, ਰਿਓੜੀਆਂ ਆਦਿ ਦੀ ਵੰਡ ਕੀਤੀ।

ਡਾ. ਅਗਰਵਾਲ ਨੇ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦਾ ਕੀਮਤੀ ਸਰਮਾਇਆ ਹਨ ਅਤੇ ਉਨ੍ਹਾਂ ਦਾ ਤਜ਼ੁਰਬਾ ਨਵੀਂ ਪੀੜ੍ਹੀ ਲਈ ਮਾਰਗਦਰਸ਼ਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਸਾਰੇ ਨਾਗਰਿਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਖ਼ਾਸ ਕਰ ਬਜ਼ੁਰਗਾਂ ਦੀ ਦੇਖਭਾਲ ਅਤੇ ਸਹਾਇਤਾ ਲਈ ਹਰ ਸਮੇਂ ਤਤਪਰ ਹੈ।

ਉਨ੍ਹਾਂ ਬਜ਼ੁਰਗਾਂ ਨੂੰ ਭਰੋਸਾ ਦਿਵਾਇਆ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰਸ਼ਾਸਨਿਕ ਮਦਦ ਦੀ ਲੋੜ ਹੋਵੇ, ਤਾਂ ਉਹ ਬੇਝਿਕ ਪ੍ਰਸ਼ਾਸਨ ਨਾਲ ਸੰਪਰਕ ਕਰ ਸਕਦੇ ਹਨ।

ਇਸ ਤੋਂ ਪਹਿਲਾਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸੁਰਜੀਤ ਲਾਲ ਨੇ ਓਲਡ ਏਜ ਹੋਮ ਪਹੁੰਚਣ ‘ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦਾ ਸਵਾਗਤ ਕੀਤਾ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ।

ਇਸ ਮੌਕੇ ਅਕਾਊਂਟੈਂਟ ਨੇਕ ਰਾਮ, ਐਡਵੋਕੇਟ ਰਾਕੇਸ਼ ਕੁਮਾਰ, ਮੈਨੇਜਰ ਰਾਮਲਾਲ, ਸੁਰੇਂਦਰ ਸਿੰਘ, ਸੁਰੇਖਾ ਸ਼ਰਮਾ ਆਦਿ ਵੀ ਮੌਜੂਦ ਸਨ।

# ਪਸ਼ੂਆਂ ਦੇ ਰੱਖ-ਰਖਾਵ ਦੇ ਮੱਦੇਨਜ਼ਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ



**ਬਠਿੰਡਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਪਸ਼ੂਆਂ ਦੇ ਰੱਖ-ਰਖਾਵ ਦੇ ਮੱਦੇਨਜ਼ਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਹੋਈ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਪਸ਼ੂਆਂ ਦੀ ਸੰਭਾਲ ਸਬੰਧੀ ਲੋੜੀਂਦੇ ਆਦੇਸ਼ ਵੀ ਦਿੱਤੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਮੈਡਮ ਪੂਨਮ ਸਿੰਘ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਜ਼ਿਲ੍ਹੇ ਵਿੱਚ ਪਸ਼ੂ ਸ਼ੈਲਟਰ ਬਣਾਉਣ, ਪਸ਼ੂਆਂ ਦੀ ਸੁਰੱਖਿਆ, ਪਸ਼ੂ ਸ਼ੈਲਟਰ ਬਣਾਉਣ ਤੋਂ ਇਲਾਵਾ ਪਸ਼ੂਆਂ ਦੀ ਸੰਭਾਲ ਤੋਂ ਇਲਾਵਾ ਹੋਰ ਵੱਖ-ਵੱਖ ਅਹਿਮ ਮੁੱਦਿਆਂ ‘ਤੇ ਵਿਚਾਰ-ਚਰਚਾ ਕੀਤੀ।

ਉਨ੍ਹਾਂ ਇਹ ਵੀ ਕਿਹਾ ਕਿ ਡੇਅਰੀ ਵਿਭਾਗ ਨਾਲ ਤਾਲਮੇਲ ਕਰਦੇ ਹੋਏ ਉਹਨਾਂ ਲੋਕਾਂ ਨੂੰ ਵੀ ਮੈਂਬਰਸ਼ਿਪ ਦਿੱਤੀ ਜਾਵੇ, ਜੋ ਪਸ਼ੂ ਪਾਲਣ ਲਈ ਲੋਨ ਲੈਂਦੇ ਹਨ, ਤਾਂ ਜੋ ਉਹ ਪਸ਼ੂ ਕਲਿਆਣ ਦੇ ਕੰਮਾਂ ਵਿੱਚ ਭਾਗੀਦਾਰ ਬਣ ਸਕਣ। ਇਸ ਨਾਲ ਨਾ ਸਿਰਫ ਪਸ਼ੂਆਂ ਦੀ ਸੰਭਾਲ ਵਿੱਚ ਸੁਧਾਰ ਆਵੇਗਾ, ਸਗੋਂ ਲੋਕਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਵੀ ਵਧੇਗੀ। ਉਨ੍ਹਾਂ ਨਗਰ ਨਿਗਮ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਝੂੰਬਾ ਭਾਈਕਾ ਅਤੇ ਹਰਰਾਏਪੁਰ ਗਊਸ਼ਾਲਾਵਾਂ ਵਿੱਚ ਟੈਗਿੰਗ ਕਰਕੇ ਪਸ਼ੂਆਂ ਨੂੰ ਛੱਡਿਆ ਜਾਵੇ ਤਾਂ ਜੋ ਪਸ਼ੂਆਂ ਦੀ ਪਛਾਣ, ਦੇਖਭਾਲ ਅਤੇ ਪ੍ਰਬੰਧਨ ਹੋਰ ਸੁਚੱਜੇ ਢੰਗ ਨਾਲ ਕੀਤਾ ਜਾ ਸਕੇ।

ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਸਹਾਇਕ ਡਾਇਰੈਕਟਰ ਡਾ. ਚਮਨਦੀਪ ਕੌਰ ਤੋਂ ਇਲਾਵਾ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

# ਮਾਘੀ ਦੇ ਜੋੜ ਮੇਲ ਤੇ ਲਗਾਇਆ ਦਸਤਾਰ ਕੈਂਪ ਅੱਠਵਾਂ ਫਰੀ ਦਸਤਾਰ ਸਿਖਲਾਈ ਕੈਂਪ ਰਿਹਾ ਸ.ਫਲ



**ਘਨੌਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਘਨੌਰ ਦੇ ਘੁੱਗ ਵੱਸਦੇ ਪਿੰਡ ਜੰਡ ਮੰਗੋਲੀ ਵਿਖੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਨਥਾਣਾ ਸਾਹਿਬ ਵਿਖੇ ਸਿੱਖ ਨੌਜਵਾਨ ਸੇਵਾ ਸੁਸਾਇਟੀ ਘਨੌਰ ਦੇ ਸਮੂਹ ਸੇਵਾਦਾਰਾਂ ਵੱਲੋਂ 8ਵਾਂ ਫਰੀ ਦਸਤਾਰ ਦੁਮਾਲਾ ਸਿਖਲਾਈ ਕੈਂਪ ਲਗਾਇਆ ਗਿਆ। ਮਾਸਟਰ ਜਸਵਿੰਦਰ ਸਿੰਘ ਚਪੜ੍ਹ ਸਟੇਟ ਐਵਾਰਡੀ ਨੇ ਦੱਸਿਆ ਕਿ ਜਿਹੜੇ ਵੀਰ -ਭੈਣਾਂ ਨੇ ਕੇਸ ਰੱਖਣ ਦਾ ਪ੍ਰਣ ਕੀਤਾ- ਉਨ੍ਹਾਂ ਨੂੰ ਸਰਟੀਫਿਕੇਟ - ਮੈਡਲਜ਼ ਅਤੇ ਦਸਤਾਰ ਨਾਲ ਵਿਸ਼ੇਸ਼ ਸਨਮਾਨਿਤ ਕੀਤਾ ਗਿਆ।

ਅੱਜ ਇਥੇ 160 ਭੈਣ-ਵੀਰਾਂ ਦੇ ਸਿਰਾਂ ਤੇ ਦਸਤਾਰਾਂ ਸਿਖਾ ਕੇ ਸਜਾਈਆਂ ਗਈਆਂ। ਕੈਂਪ ਦੇ ਮੁੱਖ ਸੇਵਾਦਾਰ ਰਣਬੀਰ ਸਿੰਘ ਘਨੌਰ, ਸੁਰਿੰਦਰ ਸਿੰਘ ਘੁਮਾਣਾ, ਮਨਜੀਤ ਸਿੰਘ ਜੰਡ ਮੰਗੋਲੀ, ਸਤਪਾਲ ਸਿੰਘ ਮਹਿਮਦਪੁਰ, ਬੇਅੰਤ ਸਿੰਘ ਝੁੰਗੀਆਂ, ਸਰਬਜੀਤ ਸਿੰਘ ਕਾਮੀ ਕਲ੍ਹਾ, ਇੰਦਰਵੀਰ ਸਿੰਘ, ਗੁਰਪ੍ਰੀਤ ਸਿੰਘ ਸ਼ੇਖੂਪੁਰ, ਗੁਰਵਿੰਦਰ ਸਿੰਘ ਪਿੱਪਲ ਮੰਗੋਲੀ, ਨੇ ਕਈ ਦਿਨਾਂ ਤੋਂ ਸੇਵਾ ਨਿਭਾਈ। ਕੈਂਪ ਵਿਚ ਦਸਤਾਰ ਕੋਚ ਕਰਮਜੀਤ ਸਿੰਘ ਡਕਾਲਾ, ਨਵਰਿੰਦਰ ਸਿੰਘ ਸਰਹਿੰਦ, ਗੁਰਪ੍ਰੀਤ ਸਿੰਘ ਬਪਰੌਰ, ਗੁਰਪ੍ਰੀਤ ਸਿੰਘ ਕਬੂਲਪੁਰ, ਸੰਦੀਪ ਸਿੰਘ ਅਹਿਮਦਗੜ੍ਹ, ਗੁਰੂਰੂਪ ਕੌਰ, ਜਸਪ੍ਰੀਤ ਕੌਰ, ਨਵਨੀਤ ਕੌਰ, ਹਰਪ੍ਰੀਤ ਕੌਰ ਨੇ ਦਸਤਾਰ - ਦੁਮਾਲੇ ਸਜਾਏ। ਕੈਂਪ ਵਿਚ ਵਿਸ਼ੇਸ਼ ਤੌਰ ਤੇ ਸ. ਜਸਮੇਰ ਸਿੰਘ ਲਾਛੜੂ, ਸਰਬਜੀਤ ਸਿੰਘ ਝਿੰਜਰ, ਲਾਲ ਸਿੰਘ ਮਰਦਾਂਪੁਰ, ਬਲਵੰਤ ਸਿੰਘ ਘਨੌਰ, ਸਤਪਾਲ ਬੈਰਾਗੀ, ਜਸਵੀਰ ਸਿੰਘ ਪਹੁੰਚੇ।

# ਫੋਕਲ ਪੁਆਇੰਟ ਹੁਸ਼ਿਆਰਪੁਰ ‘ਚ 2 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ



**ਹੁਸ਼ਿਆਰਪੁਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਫੋਕਲ ਪੁਆਇੰਟ ਹੁਸ਼ਿਆਰਪੁਰ ਵਿਚ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦਾ ਰਸਮੀ ਉਦਘਾਟਨ ਕੀਤਾ। ਇਨ੍ਹਾਂ ਵਿਕਾਸ ਕਾਰਜਾਂ ਵਿੱਚ ਕਮਿਊਨਿਟੀ ਹਾਲ ਦੀ ਉਸਾਰੀ, ਆਧੁਨਿਕ ਪਾਰਕ ਦਾ ਵਿਕਾਸ, ਟਾਇਲਟ ਬਲਾਕ, ਚਾਰਦੀਵਾਰੀ ਦੀ ਉਸਾਰੀ ਅਤੇ ਅੰਦਰੂਨੀ ਸੜਕਾਂ ਦੀ ਉਸਾਰੀ ਸ਼ਾਮਿਲ ਹੈ। ਇਹ ਪ੍ਰੋਜੈਕਟ ਫੋਕਲ ਪੁਆਇੰਟ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਗੇ ਅਤੇ ਉਦਯੋਗਪਤੀਆਂ ਅਤੇ ਕਾਮਿਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਗੇ।

ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਉਦਯੋਗ ਕਿਸੇ ਵੀ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਫੋਕਲ ਪੁਆਇੰਟ ਵਰਗੇ ਉਦਯੋਗਿਕ ਖੇਤਰਾਂ ਨੂੰ ਪਿਛਲੀਆਂ ਸਰਕਾਰਾਂ ਨੇ ਲੰਬੇ ਸਮੇਂ ਤੋਂ ਅਣਗੌਲਿਆ ਕੀਤਾ, ਜਿਸ ਕਾਰਨ ਇਥੇ ਬੁਨਿਆਦੀ ਸਹੂਲਤਾਂ ਦੀ ਘਾਟ ਸੀ। ਮੌਜੂਦਾ ਸਰਕਾਰ ਨੇ ਇਸ ਸਥਿਤੀ ਨੂੰ ਗੰਭੀਰਤਾ ਨਾਲ ਸਮਝਦੇ ਹੋਏ, ਉਦਯੋਗਿਕ ਖੇਤਰਾਂ ਦੇ ਸਰਵਪੱਖੀ ਵਿਕਾਸ ਨੂੰ ਤਰਜੀਹ ਦਿੱਤੀ ਹੈ।

ਵਿਧਾਇਕ ਨੇ ਕਿਹਾ ਕਿ ਫੋਕਲ ਪੁਆਇੰਟ ਵਿੱਚ ਕੀਤੇ ਜਾ ਰਹੇ ਇਨ੍ਹਾਂ ਵਿਕਾਸ ਕਾਰਜਾਂ ਨਾਲ ਨਾ ਸਿਰਫ਼ ਉਦਯੋਗਿਕ ਗਤੀਵਿਧੀਆਂ ਨੂੰ ਹੁਲਾਰਾ ਮਿਲੇਗਾ ਸਗੋਂ ਸਥਾਨਕ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਉਨ੍ਹਾਂ ਉਦਯੋਗਪਤੀਆਂ ਨੂੰ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਬਲਵਿੰਦਰ ਬਿੰਦੀ, ਦ੍ਰਿਪਨ ਸੈਣੀ, ਕੁਲਵਿੰਦਰ ਸਿੰਘ ਹੁੰਦਲ ਸਮੇਤ ਕਈ ਉਦਯੋਗਪਤੀ ਅਤੇ ਫੋਕਲ ਪੁਆਇੰਟ ਦੇ ਪਤਵੰਤੇ ਹਾਜ਼ਰ ਸਨ। ਸਾਰਿਆਂ ਨੇ ਵਿਕਾਸ ਕਾਰਜਾਂ ਦੀ ਸ਼ੁਰੂਆਤ ’ਤੇ ਖੁਸ਼ੀ ਪ੍ਰਗਟ ਕੀਤੀ ਅਤੇ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਸਮੂਹ ਸਟਾਫ ਨੂੰ ਦਿੱਤੀਆਂ ਲੋਹੜੀ ਦੇ ਤਿਉਹਾਰ ਦੀਆਂ ਸੁਭਕਾਮਨਾਵਾਂ

**ਫਾਜ਼ਿਲਕਾ,17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਜਿ ?ਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਅਧਿਕਾਰੀਆਂ, ਦਫਤਰ ਡਿਪਟੀ ਕਮਿਸ਼ਨਰ ਦੀਆਂ ਸਮੂਹ ਸ਼ਾਖਾਵਾਂ ਦੇ ਮੁਖੀਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ ਕਰਮਚਾਰੀਆਂ ਨਾਲ ਲੋਹੜੀ ਦਾ ਤਿਓਹਾਰ ਮਨਾਇਆ। ਇਸ ਮੌਕੇ ਉਨ੍ਹਾਂ ਸਮੂਹ ਸਟਾਫ ਨੂੰ ਲੋਹੜੀ ਅਤੇ ਮਾਘੀ ਦੇ ਤਿਓਹਾਰ ਦੀਆਂ ਸੁਭਕਾਮਨਾਵਾਂ ਦਿੱਤੀਆਂ ਅਤੇ ਸਭ ਦੇ ਉਜੱਵਲ ਭਵਿੱਖ ਦੀ ਅਰਦਾਸ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿ) ਸੁਭਾਸ਼ ਚੰਦਰ ਤੇ ਐਸ.ਡੀ.ਐਮ. ਅਬੋਹਰ ਕ੍ਰਿਸ਼ਨ ਪਾਲ ਰਾਜਪੂਤ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਤਿਓਹਾਰ ਆਪਸੀ ਭਾਈਚਾਰਾ ਮਜਬੂਤ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਟਾਫ ਵਿਚ ਨਵਾਂ ਉਤਸਾਹ ਭਰਦੇ ਹਨ। ਉਨ੍ਹਾਂ ਨੇ ਸਮੂਹ ਸਟਾਫ ਨੂੰ ਕਿਹਾ ਕਿ ਉਹ ਸਮਾਜਿਕ ਬਰਾਬਰਤਾ ਪ੍ਰਤੀ ਜਾਗਰੂਕਤਾ ਲਈ ਹਮੇਸ਼ਾ ਕੰਮ ਕਰਦੇ ਰਹਿਣ ਤੇ ਦਫਤਰ ਵਿਖੇ ਆਉਣ ਵਾਲੇ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਤੇ ਯੋਜਨਾਵਾ ਦਾ ਲਾਭ ਸੁਖਾਵੇਂ ਮਾਹੌਲ ਵਿਚ ਮੁਹੱਈਆ ਕਰਵਾਉਣ। ਉਨ੍ਹਾਂ ਕਾਮਨਾ ਕੀਤੀ ਕਿ ਇਹ ਤਿਉਹਾਰ ਸਭ ਦੇ ਜੀਵਨ ਵਿਚ ਖੁ ?ਸੀਆਂ ਲੈ ਕੇ ਆਵੇ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਸਾਨੂੰ ਸਾਡੀ ਵਿਰਾਸਤ ਨਾਲ ਜੋੜਦਾ ਹੈ ।ਇਸ ਦੌਰਾਨ ਸਮੂਹ ਵਿਭਾਗਾਂ/ ਸ਼ਾਖਾਵਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਡਿਪਟੀ ਕਮਿਸ਼ਨਰ ਸਮੇਤ ਉਚ ਅਧਿਕਾਰੀਆਂ ਨੂੰ ਲੋਹੜੀ ਦੇ ਤਿਉਹਾਰ ਦੀ ਵਧਾਈ ਦਿੱਤੀ।

ਇਸ ਮੌਕੇ ਸੁਪਰਡੰਟ ਪ੍ਰਦੀਪ ਗਖੜ ਤੋਂ ਇਲਾਵਾ ਹੋਰ ਵੱਖ-ਵੱਖ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਧੂਰੀ ਵਾਸੀਆਂ ਨੂੰ ਗੁੰਮਰਾਹ ਕਰ ਰਹੇ ਹਨ: ਚੇਅਰਮੈਨ

**ਧੂਰੀ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਅਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਧੂਰੀ ਸ਼ਹਿਰ ਦਾ ਪੁੱਲ ਪੰਜਾਬ ਸਰਕਾਰ ਵੱਲੋਂ ਬਣਾਇਆ ਜਾਣਾ ਹੈ ਅਤੇ ਇਸ ਸਬੰਧੀ ਸਾਰੀ ਪ੍ਰਸ਼ਾਸਕੀ, ਤਕਨੀਕੀ ਅਤੇ ਵਿੱਤੀ ਤਿਆਰੀ ਪੂਰੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਸਪਸ਼ਟ ਤੌਰ ’ਤੇ ਕਿਹਾ ਕਿ ਹੁਣ ਕੇਂਦਰ ਸਰਕਾਰ ਵੱਲੋਂ ਸਿਰਫ਼ ਐਨਓਸੀ (©®3) ਜਾਰੀ ਕਰਨੀ ਬਾਕੀ ਹੈ ਅਤੇ ਜਿਸ ਦਿਨ ਇਹ ਮਨਜ਼ੂਰੀ ਮਿਲਦੀ ਹੈ, ਉਸੇ ਦਿਨ ਪੰਜਾਬ ਸਰਕਾਰ ਵੱਲੋਂ ਟੈਂਡਰ ਜਾਰੀ ਕਰ ਦਿੱਤਾ ਜਾਵੇਗਾ। ਉਹਨਾਂ ਇਹ ਪ੍ਰਗਟਾਵਾ ਸਾਬਕਾ ਵਿਧਾਇਕ ਧੂਰੀ ਦਲਬੀਰ ਸਿੰਘ ਗੋਲਡੀ ਵੱਲੋਂ ਅੱਜ ਧੂਰੀ ਦੇ ਪੁੱਲ ਸਬੰਧੀ ਕੀਤੀ ਪ੍ਰੈਸ ਵਾਰਤਾ ਵਿੱਚ ਦਿੱਤੇ ਗਲਤ ਤੱਥਾਂ ਨੂੰ ਸਪਸ਼ਟ ਕਰਨ ਲਈ ਕੀਤੀ ਪ੍ਰੈਸ ਵਾਰਤਾ ਦੌਰਾਨ ਕੀਤਾ।

ਦਲਵੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਧੂਰੀ ਪੁਲ ਦੇ ਨਿਰਮਾਣ ਲਈ ਪੰਜਾਬ ਇਨਫ਼ਰਾਸਟਰਕਚਰ ਡਿਵੈਲਪਮੈਂਟ ਬੋਰਡ (♦942) ਕੋਲ 54.76 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਰਿਜ਼ਰਵ ਪਈ ਹੈ, ਜੋ ਇਸ ਗੱਲ ਦਾ ਸਪਸ਼ਟ ਸਬੂਤ ਹੈ ਕਿ ਪੰਜਾਬ ਸਰਕਾਰ ਇਸ ਪ੍ਰੋਜੈਕਟ ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਅਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਿੱਤੀ ਪੱਖੋਂ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਹੈ।

ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੋ ਹੋਰਨਾ ਵਿਭਾਗਾਂ ਦੀਆਂ ਮਨਜ਼ੂਰੀਆਂ ਹਨ ਉਹ ਵੀ ਪ੍ਰਾਪਤ ਕੀਤੀਆਂ ਜਾ ਚੁੱਕੀਆਂ ਹਨ, ਜਿਸ ਵਿੱਚ ਜੰਗਲਾਤ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ, ਜਲ ਸਰੋਤ ਵਿਭਾਗ ਦੀਆਂ ਮਨਜ਼ੂਰੀਆਂ ਵੀ ਪ੍ਰਾਪਤ ਕੀਤੀਆਂ ਜਾ ਚੁੱਕੀਆਂ ਹਨ ਅਤੇ ਵੱਖ-ਵੱਖ ਵਿਭਾਗਾਂ ਵਿੱਚ ਜਮਾ ਕਰਵਾਈ ਜਾਣ ਵਾਲੀ ਰਾਸ਼ੀ ਅਤੇ ਜਮੀਨ ਦੀ ਤਬਦੀਲੀ ਵੀ ਕੀਤੀ ਜਾ ਚੁੱਕੀ ਹੈ

ਚੇਅਰਮੈਨ ਨੇ ਕਿਹਾ ਕਿ ਪੁੱਲ ਦੇ ਸਾਈਟ ਮੈਪ ਸਬੰਧੀ ਸਾਰੀ ਕਾਰਵਾਈ ਪੂਰੀ ਹੋ ਚੁੱਕੀ ਹੈ ਅਤੇ ਹੁਣ ਸਿਰਫ਼ ਰੇਲਵੇ ਦੇ ਚੀਫ਼ ਇੰਜਨੀਅਰ (ਬ੍ਰਿਜ) ਦੇ ਦਸਤਖ਼ਤ ਬਾਕੀ ਹਨ। ਇਸ ਤੋਂ ਬਾਅਦ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਕੋਈ ਵੀ ਤਕਨੀਕੀ ਜਾਂ ਪ੍ਰਸ਼ਾਸਕੀ ਰੁਕਾਵਟ ਨਹੀਂ ਰਹੇਗੀ।

ਦਲਵੀਰ ਸਿੰਘ ਢਿੱਲੋਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਜਾਣ-ਬੁੱਝ ਕੇ ਪੰਜਾਬ ਵਿੱਚ ਵਿਕਾਸ ਕਾਰਜਾਂ ਨੂੰ ਰੋਕਣ ਲਈ ਕੋਝੀਆਂ ਚਾਲਾਂ ਚੱਲ ਰਹੀ ਹੈ ਅਤੇ ਧੂਰੀ ਪੁੱਲ ਵਰਗੇ ਅਹਿਮ ਪ੍ਰੋਜੈਕਟ ਨੂੰ ਬਿਨਾਂ ਵਜ੍ਹਾ ਲਟਕਾਇਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਸ਼੍ਰੀ ਰਵਨੀਤ ਸਿੰਘ ਬਿੱਟੂ ਪੁੱਲ ਬਣਾਉਣ ਵਿੱਚ ਅੜੀਕਾ ਪਾ ਰਹੇ ਹਨ ਅਤੇ ਪੰਜਾਬੀਆਂ ਪਾਸੋਂ ਆਪਣੀ ਹਾਰ ਦਾ ਬਦਲਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਧੂਰੀ ਪੁੱਲ ਸਬੰਧੀ ਜੋ ਵੀ ਤੱਥ ਲੋਕਾਂ ਸਾਹਮਣੇ ਰੱਖੇ ਗਏ ਹਨ, ਉਹ ਪੂਰੀ ਤਰ੍ਹਾਂ ਸਹੀ ਹਨ ਅਤੇ ਪੰਜਾਬ ਸਰਕਾਰ ਵੱਲੋਂ ਆਪਣਾ ਸਾਰਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਚੁੱਕਾ ਹੈ।

ਚੇਅਰਮੈਨ ਨੇ ਕਿਹਾ ਕਿ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਧੂਰੀ ਵਾਸੀਆਂ ਨੂੰ ਗਲਤ ਜਾਣਕਾਰੀ ਦੇ ਕੇ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਬਰਦਾਸ਼ਤਯੋਗ ਨਹੀਂ। ਉਨ੍ਹਾਂ ਅਪੀਲ ਕੀਤੀ ਕਿ ਲੋਕ ਝੂਠੇ ਬਿਆਨਾਂ ਤੋਂ ਬਚ ਕੇ ਸੱਚਾਈ ਨੂੰ ਸਮਝਣ।

ਦਲਵੀਰ ਸਿੰਘ ਢਿੱਲੋਂ ਤੇ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਧੂਰੀ ਪੁੱਲ ਦਾ ਨਿਰਮਾਣ ਪੂਰਾ ਹੋਣ ਨਾਲ ਸ਼ਹਿਰ ਦੀ ਤਕਦੀਰ ਬਦਲ ਜਾਵੇਗੀ। ਰੇਲਵੇ ਫਾਟਕਾਂ ’ਤੇ ਲੱਗਣ ਵਾਲੇ ਜਾਮ ਤੋਂ ਰਾਹਤ ਮਿਲੇਗੀ ਅਤੇ ਵਪਾਰਕ, ਉਦਯੋਗਿਕ ਤੇ ਸਮਾਜਿਕ ਵਿਕਾਸ ਨੂੰ ਨਵਾਂ ਹੁੰਗਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਧੂਰੀ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਕੀਮਤ ’ਤੇ ਲੋਕਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਅਨਿਲ ਮਿੱਤਲ, ਸ਼ਾਮ ਸਿੰਗਲਾ, ਹਰਜਿੰਦਰ ਸਿੰਘ ਕਾਂਝਲਾ, ਨਰੇਸ਼ ਸਿੰਗਲਾ ਵੀ ਮੌਜੂਦ ਸਨ।

# ਸੀਮਾ ਦਰਪਨ ਡਾਇਰੈਕਟਰੀ ਲਾਂਚ

**ਫਾਜ਼ਿਲਕਾ,17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਫਾਜਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਅਤੇ ਮੈਡਮ ਖੁਸ਼ਬੂ ਸਵਨਾ ਨੇ ਸੀਮਾ ਦਰਪਨ ਦੀ ਟੀਮ ਵੱਲੋਂ ਤਿਆਰ ਕੀਤੀ ਡਾਇਰੈਕਟਰੀ ਲਾਂਚ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਡਾਇਰੈਕਟਰੀ ਵਿਚ ਸੂਬੇ ਦੇ ਅਧਿਕਾਰੀ, ਰਾਜਨੇਤਾ, ਸਰਪੰਚਾਂ ਆਦਿ ਦੇ ਨੰਬਰ ਮੌਜੂਦ ਹਨ।ਉਨ੍ਹਾਂ ਕਿਹਾ ਕਿ ਇਕੋਂ ਥਾਂਈ ਡਾਕਟਾ ਇਕਠਾ ਹੋਣ ਨਾਲ ਲੋਕਾਂ ਨੂੰ ਕਿਸੇ ਦਾ ਵੀ ਨੰਬਰ ਲਭਣ ਵਿਚ ਆਸਾਨੀ ਹੋਵੇਗੀ ਤੇ ਉਹ ਸੁਖਾਵੇ ਤਰੀਕੇ ਨਾਲ ਕਿਸੇ ਵੀ ਅਧਿਕਾਰੀ, ਰਾਜਨੇਤਾ, ਸਰਪੰਚ ਆਦਿ ਨੁਮਾਇੰਦੇ ਨਾਲ ਤਾਲਮੇਲ ਕਰ ਸਕਣਗੇ। ਉਨ੍ਹਾਂ ਕਿਹਾ ਕਿ ਡਾਇਰੈਕਟਰੀ ਤਿਆਰ ਕਰਨ ਵਾਲੀ ਟੀਮ ਵਧਾਈ ਦੀ ਪਾਤਰ ਹੈ ਜਿਨ੍ਹਾਂ ਨੇ ਲਗਾਤਾਰ ਮਿਹਨਤ ਕਰਕੇ ਡਾਟਾ ਇਕਠਾ ਕੀਤਾ ਤੇ ਡਾਇਰੈਕਟਰੀ ਤਿਆਰ ਕੀਤੀ।

# ਰਾਸ਼ਟਰਪਤੀ ਦੀ ਆਮਦ ਦੇ ਮੱਦੇਨਜ਼ਰ 14 ਤੋਂ 17 ਜਨਵਰੀ ਤੱਕ ਜ਼ਿਲ੍ਹਾ ਜਲੰਧਰ ‘ਨੋ ਫਲਾਇੰਗ ਜ਼ੋਨ’ ਘੋਸ਼ਿਤ

**ਜਲੰਧਰ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ ਨੂੰ ‘ਨੋ ਫਲਾਇੰਗ ਜ਼ੋਨ’ ਘੋਸ਼ਿਤ ਕੀਤਾ ਗਿਆ ਹੈ।

ਹੁਕਮਾਂ ਅਨੁਸਾਰ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਕਿਸੇ ਕਿਸਮ ਦਾ ਸਿਵਲ ਰਿਮੋਟ/ਪਾਇਲਟ ਏਅਰ ਕਰਾਫ਼ਟ ਸਿਸਟਮ/ਡਰੋਨ/ ਹੈਲੀਕਾਪਟਰ (ਸਿਵਾਏ ਮਾਣਯੋਗ ਰਾਸ਼ਟਰਪਤੀ, ਭਾਰਤ ਅਤੇ ਹੋਰ ਵੀ.ਵੀ.ਆਈ.ਪੀ. ਦੇ ਹੈਲੀਕਾਪਟਰ/ ਜਹਾਜ਼) ਆਦਿ ਉਡਾਉਣ ’ਤੇ ਪਾਬੰਦੀ ਲਗਾਈ ਗਈ ਹੈ।ਇਹ ਹੁਕਮ ਮਿਤੀ 14-01-2026 ਤੋਂ 16-01-2026 ਤੱਕ ਲਾਗੂ ਰਹੇਗਾ।

## ਕੁਝ ਕਹਿੰਦੀ ਐ ਤਸਵੀਰ...

• ਨੌਨਿਹਾਲ ਸਿੰਘ



ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

## ਵਿਅੰਗ

# ਪਤੀਲਾ ਬਨਾਮ ਪੀਲੀ ਪੱਤਰਕਾਰੀ



• ਹਰਦੇਵ ਚੌਹਾਨ

70098-57708

**ਸਵੇਰੇ ਚਾਰ ਵਜੇ ਸਾਡੀ ਅੱਖ ਖੁੱਲ੍ਹ ਗਈ। ਚਾਹ ਦੀ ਤਲਬ ਨਾਲ ਭੁੱਖ ਵੀ ਲੱਗ ਗਈ। ਦੱਬੇ ਪੈਰੀਂ ਰਸੋਈ 'ਚ ਚਲੇ ਗਏ। ਗੈਸ ਬਾਲੀ ਤੇ ਦਾਲਚੀਨੀ ਪਾ ਕੇ ਚਾਹ ਦਾ ਪਾਣੀ ਧਰ ਦਿੱਤਾ...**



ਦਮਾ ਇਕ ਲੰਬਾ ਸਮਾਂ ਚੱਲਣ ਵਾਲੀ ਕ੍ਰੌਨਿਕ ਬਿਮਾਰੀ ਹੁੰਦੀ ਹੈ ਜਿਸ ਵਿਚ ਆਮ ਤੌਰ 'ਤੇ ਸਾਹ ਪ੍ਰਣਾਲੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਸਾਲ ਦੀ ਤੁਲਨਾ ਵਿਚ ਦਮੇ ਤੋਂ ਪੀੜਿਤ ਮਰੀਜ਼ਾਂ ਦੀ ਸੰਖਿਆ ਵਿਚ ਪੰਜੀ ਫ਼ੀਸਦੀ ਵਾਧਾ ਹੋਇਆ ਹੈ। ਵਾਤਾਵਰਨ ਪ੍ਰਦੂਸ਼ਣ, ਤੰਬਾਕੂਨੋਸ਼ੀ, ਭੋਜਨ ਦੀਆਂ ਗ਼ਲਤ ਆਦਤਾਂ,ਪੋਸ਼ਣ ਦੀ ਘਾਟ, ਹੈਰੀਡਿਟੀ ਅਤੇ ਲੋਕਾਂ ਦੀ ਅਣਗਹਿਲੀ ਆਦਿ ਦਮੇ ਦੀ ਸਮੱਸਿਆ ਦੇ ਮੁੱਖ ਕਾਰਨ ਹੁੰਦੇ ਹਨ। ਇਹ ਇਕ ਨਾ ਖ਼ਤਮ ਕੀਤੀ ਜਾ ਸਕਣ ਵਾਲੀ ਬਿਮਾਰੀ ਹੈ ਪਰ ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਕ ਅਹਿਮ ਸਰਵੇਖਣ ਦੀ ਰੌਸ਼ਨੀ ਵਿਚ ਹਰ ਵੱਡੇ ਪਿੰਡ ਅਤੇ ਸ਼ਹਿਰ 'ਚ ਸਥਾਨਕ ਡਾਕਟਰ ਰੋਜ਼ਾਨਾ ਇਸ ਬਿਮਾਰੀ ਤੋਂ ਪੀੜਤ ਲਗਪਗ ਅੱਸੀ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ।

ਜਰਾ ਰੁਕੋ। ਪਤੀਲੇ ਦੀ ਗੱਲ ਕਰ ਲਈਏ। ਸਵੇਰੇ ਚਾਰ ਵਜੇ ਸਾਡੀ ਅੱਖ ਖੁੱਲ੍ਹ ਗਈ। ਚਾਹ ਦੀ ਤਲਬ ਨਾਲ ਭੁੱਖ ਵੀ ਲੱਗ ਗਈ। ਦੱਬੇ ਪੈਰੀਂ ਰਸੋਈ 'ਚ ਚਲੇ ਗਏ। ਗੈਸ ਬਾਲੀ ਤੇ ਦਾਲਚੀਨੀ ਪਾ ਕੇ ਚਾਹ ਦਾ ਪਾਣੀ ਧਰ ਦਿੱਤਾ। ਦੁੱਧ ਲੈਣ ਲਈ ਫਰਿਜ ਖੋਲ੍ਹਿਆ। ਇਹ ਕੀ ਵੱਡਾ ਸਾਰਾ ਪਤੀਲਾ ਫਰੀਜ਼ਰ ਦੇ ਹੇਠਲੇ ਖ਼ਾਨੇ ਵਿਚ ਬੁਰੀ ਤਰ੍ਹਾਂ ਫਸਿਆ ਪਿਆ ਸੀ। ਬੀਵੀ, ਬੇਟੀ ਜਾਂ ਬਹੂ ਰਾਣੀ ਨੇ ਬੜੀ ਬਹਾਦਰੀ ਅਤੇ ਪੂਰੇ ਜ਼ੋਰ ਨਾਲ ਪਤੀਲੇ ਨੂੰ ਇਸ ਖ਼ਾਨੇ ਵਿਚ ਧੱਕਿਆ ਹੋਏਗਾ ਜਦਕਿ ਹੇਠਲੇ ਖ਼ਾਨੇ ਵਿਚ ਕਾਫ਼ੀ ਜਗ੍ਹਾ ਖ਼ਾਲੀ ਹੋਣ ਕਰਕੇ ਬੜੀ ਆਸਾਨੀ ਨਾਲ ਪਤੀਲਾ ਉੱਥੇ ਵੀ ਰੱਖਿਆ ਜਾ ਸਕਦਾ ਸੀ।

ਖੈਰ! ਖਿੱਚ, ਧੂਹ ਕੇ ਅਣਕੱਜਿਆ ਦੁੱਧ ਵਾਲਾ ਪਤੀਲਾ ਬਾਹਰ ਕੱਢਿਆ। ਚਾਹ ਬਣਾਈ। ਇਕ ਆਂਡਾ ਹਾਫ ਫ੍ਰਾਈ ਕੀਤਾ। ਪੇਟ ਪੂਜਾ ਕੀਤੀ ਤੇ ਦੁੱਧ ਵਾਲਾ ਪਤੀਲਾ ਢੱਕ ਕੇ ਹੇਠਲੇ ਖ਼ਾਲੀ ਖ਼ਾਨੇ ਵਿਚ ਰੱਖ ਦਿੱਤਾ। ਹਨੇਰ ਸਾਈਂ ਦਾ ਘਰ ਦੀਆਂ ਸੁਆਣੀਆਂ ਨੂੰ ਫਰਿੱਜ ਦੀ ਸਾਂਭ-ਸੰਭਾਲ ਦੀ ਜਾਚ ਹੋਣੀ ਚਾਹੀਦੀ ਹੈ। ਸਾਰੀਆਂ ਪੜ੍ਹੀਆਂ,ਲਿਖੀਆਂ ਹਨ। ਪੋਸਟ ਗਰੈਜੂਏਟ ਨੇ ਪਰ ਇੱਥੇ ਕਿਸੇ ਦੀ ਭਲਾ ਸੁਣਦਾ ਕੌਣ ਹੈ? ਹਰ ਕੋਈ ਆਪਣੇ ਆਪ ਨੂੰ ਵੱਡਾ ਸਿਆਣਾ ਸਮਝਦਾ ਹੈ।

ਦਮੇ ਵਾਲੀ ਗੱਲ ਸੁਣੋ। ਇਨਹੇਲੇਸ਼ਨ ਥੈਰੇਪੀ ਨੂੰ ਫੈਲਾਉਣ ਅਤੇ ਮਕਬੂਲ ਬਣਾਉਣ ਲਈ ਅਤੇ ਆਪਣੇ ਇਨਹੇਲਰ ਵੇਚਣ ਲਈ ਵੱਡੀਆਂ, ਵੱਡੀਆਂ ਕੰਪਨੀਆਂ ਪ੍ਰਿੰਟ ਤੇ ਬਿਜਲੀ ਮੀਡੀਆ ਨੂੰ ਬ੍ਰਾਈਬ ਕਰਕੇ ਪਹਿਲਾਂ ਡਰਾਉਣੀਆਂ ਖ਼ਬਰਾਂ ਲਗਵਾਉਂਦੀਆਂ ਹਨ ਤੇ ਫਿਰ ਧੜਾਧੜ ਆਪਣੇ ਇਨਹੇਲਰ ਵੇਚਦੀਆਂ ਹਨ। ਗੱਦੇ, ਗਲੀਚੇ ਅਤੇ ਮੈਟਰੈਸ ਵੇਚਣ ਵਾਲੀਆਂ ਕੰਪਨੀਆਂ ਖ਼ਬਰਾਂ ਰਾਹੀਂ ਰਾਤ ਨੂੰ ਲੇਟ ਸੌਣ ਅਤੇ ਗੂੜ੍ਹੀ ਨੀਂਦ ਨਾ ਆਉਣ ਨੂੰ ਬੜਾ ਚਿੰਤਾਜਨਕ ਰੁਝਾਨ ਦੱਸਕੇ ਡਰਾਉਂਦੀਆਂ ਹਨ ਤੇ ਫਿਰ ਆਪਣੇ ਗੱਦਿਆਂ ਨੂੰ ਖੰਭਾਂ ਵਰਗੇ ਨਰਮ ਅਤੇ ਬੜੇ ਆਰਾਮਦਾਇਕ ਦੱਸ ਕੇ ਵੇਚਦੀਆਂ ਹਨ। ਮੂੰਗਫਲੀ ਦੀ ਖਲ ਵਿਚ ਚੀਨੀ ਅਤੇ ਕੋਕੋ ਪਾਊਡਰ ਮਿਲਾ ਕੇ ਬੱਚਿਆਂ ਲਈ ਆਕਰਸ਼ਕ ਪੈਕਿੰਗ ਵਾਲੀ ਸਿਹਤ ਵਰਧਕ ਡਰਿੰਕ ਬਣਾਈ ਜਾ ਰਹੀ ਹੈ ਤੇ ਇਸ਼ਤਿਹਾਰਬਾਜ਼ੀ ਰਾਹੀਂ ਲੱਖਾਂ,ਕਰੋੜਾਂ ਰੁਪਏ ਦੀ ਕਮਾਈ ਕੀਤੀ ਜਾ ਰਹੀ ਹੈ।

ਸੈਨੀਟਰੀ ਅਤੇ ਹਾਰਡ ਵੇਅਰ ਉਤਪਾਦ ਵੇਚਣ ਵਾਲੀਆਂ ਕੰਪਨੀਆਂ ਓਵਰਹੈੱਡ ਟੈਂਕ, ਰਸੋਈ ਜਾਂ ਬਾਥਰੂਮ ਪਾਈਪਾਂ ਦੀ ਮੁਰੰਮਤ ਵਿਚ ਦੇਰੀ ਨੂੰ ਪਰਿਵਾਰ ਦੀਆਂ ਵੱਖ-ਵੱਖ ਸਿਹਤ ਸਮੱਸਿਆਵਾਂ ਦਾ ਕਾਰਨ ਦੱਸਦੀਆਂ ਹਨ। ਉਹ ਡਬਲਿਊ.ਐਚ.ਓ. ਦਾ ਨਾਂ ਵਰਤ ਕੇ ਪੀਲੀਆਂ ਖ਼ਬਰਾਂ ਲਗਵਾਉਂਦੀਆਂ ਹਨ ਕਿ ਨਮੀ ਅਤੇ ਪਾਣੀ ਦੀ ਲੀਕੇਜ ਕਾਰਨ ਪੈਦਾ ਹੋਣ ਵਾਲੀ ਉੱਲੀ ਗਲੇ ਅਤੇ ਅੱਖਾਂ 'ਚ ਜਲਣ, ਨਿੱਛ ਮਾਰਨ ਅਤੇ ਨੱਕ ਵਗਣ ਸਮੇਤ ਚਮੜੀ ਉੱਤੇ ਧੱਫੜ ਵੀ ਪੈਦਾ ਕਰ ਸਕਦੀ ਹੈ।

ਇਸ ਤਰ੍ਹਾਂ ਅਣਗਿਣਤ ਕੰਪਨੀਆਂ ਆਪਣੇ ਤਰ੍ਹਾਂ-ਤਰ੍ਹਾਂ ਦੇ ਪ੍ਰੋਡਕਟ ਵੇਚਣ ਲਈ ਬਿਮਾਰੀਆਂ ਦਾ ਖ਼ਤਰਾ ਦੱਸ ਕੇ ਪੀਲੀ ਪੱਤਰਕਾਰੀ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਕਰੋੜਾਂ ਲੋਕਾਂ ਨੂੰ ਪਹਿਲਾਂ ਗੁਮਰਾਹ ਕਰਦੀਆਂ ਹਨ ਤੇ ਫਿਰ ਅੰਨ੍ਹੀ ਲੁੱਟ ਮਚਾਉਂਦੀਆਂ ਹਨ। ਇਸ ਵਰਤਾਰੇ ਦੌਰਾਨ ਭੋਲੇ-ਭਾਲੇ ਲੋਕਾਂ ਨੂੰ ਭਰਮਾਉਣ ਲਈ ਬਾਲੀਵੁੱਡ ਸੁੰਦਰੀਆਂ, ਮਸ਼ਹੂਰ ਅਦਾਕਾਰ, ਮਾਡਲ ਅਤੇ ਨਾਮੀ ਹਸਤੀਆਂ ਦੇ ਚਿਹਰਿਆਂ ਨੂੰ ਵਰਤਣ ਲਈ ਉਨ੍ਹਾਂ ਨੂੰ ਕਰੋੜਾਂ ਰੁਪਏ ਦੇਣ ਤੋਂ ਵੀ ਗੁਰੇਜ ਨਹੀਂ ਕੀਤਾ ਜਾਂਦਾ। ਸਾਹਿਤ, ਧਰਮ ਤੇ ਰਾਜਨੀਤੀ ਵੀ ਹੁਣ ਇਸ ਫਾਰਮੂਲੇ ਨੂੰ ਅਪਨਾਉਣ ਲੱਗ ਪਈ ਹੈ। ਐਗਜ਼ਿਟ ਪੋਲ ਬਾਰੇ ਤਾਂ ਸਭ ਨੇ ਸੁਣਿਆ ਹੀ ਹੋਵੇਗਾ। ਕੋਈ ਵੀ ਚੱਲੇ ਹੋਏ ਕਾਰਤੂਸ ਵਰਗਾ ਨੇਤਾ ਪੀਲੀ ਪੱਤਰਕਾਰੀ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਭੋਲੀ- ਭਾਲੀ ਜਨਤਾ ਕੋਲੋਂ ਵੋਟਾਂ ਬਟੋਰ ਕੇ ਜੇਤੂ ਬਣ ਸਕਦਾ ਹੈ। ਜੇਤੂ ਨੇਤਾ ਤੇ ਮੰਤਰੀ, ਸੰਤਰੀ ਫਿਰ ਖੂਬ ਚੰਮ ਦੀਆਂ ਚਲਾਉਂਦੇ ਹਨ। ਸਾਹਿਤਕ ਸਥਾਪਤੀ ਅਤੇ ਇਨਾਮ, ਇਕਰਾਮ ਪ੍ਰਾਪਤ ਕਰਨ ਲਈ ਵੀ ਸਾਡੇ ਸਾਹਿਤਕਾਰ ਅਜਿਹੇ ਹੱਥ ਕੰਡੇ ਅਖਤਿਆਰ ਕਰਨ ਲੱਗ ਪਏ ਹਨ।

ਚਲੋ ਛੱਡੋ! ਪਤੀਲੇ ਵੱਲ ਮੁੜਦੇ ਹਾਂ... ਫਰਿੱਜ ਵਿਚਲਾ ਉਹੀਓ ਪਤੀਲਾ ਹੁਣ ਦਿਮਾਗ਼ ਵਿਚ ਘੁਸਿਆ ਪਿਆ ਖਲਬਲੀ ਮਚਾ ਰਿਹਾ ਹੈ। ਘਰ ਦੇ ਸਾਰੇ ਜੀਆਂ ਨੂੰ ਵਾਰੀ, ਵਾਰੀ ਪੁੱਛ ਵੇਖਿਆ ਪਰ ਕਿਸੇ ਮਾਈ ਦੇ ਲਾਲ ਨੇ ਪਤੀਲੇ ਨੂੰ ਗ਼ੈਰ ਮੁਨਾਸਬ ਜਗ੍ਹਾ 'ਤੇ ਰੱਖਣ ਦੀ ਗੱਲ ਨਹੀਂ ਸਵੀਕਾਰੀ। ਸਾਡੀਆਂ ਸੁਆਣੀਆਂ ਨੂੰ ਫਰਿੱਜ ਦੀ ਸਾਂਭ-ਸੰਭਾਲ ਕਰਨੀ ਆਉਣੀ ਚਾਹੀਦੀ ਹੈ।

ਕਾਸ਼! ਫਰਿੱਜ ਬਣਾਉਣ ਵਾਲੀ ਕਿਸੇ ਕੰਪਨੀ ਨੇ ਪੀਲੀ ਪੱਤਰਕਾਰੀ, ਡਬਲਿਊ. ਐੱਚ.ਓ. ਜਾਂ ਕਿਸੇ ਬਾਲੀਵੁੱਡ ਸੁੰਦਰੀ ਦਾ ਸਹਾਰਾ ਲੈ ਕੇ ਸਾਡੀਆਂ ਸੁਆਣੀਆਂ ਨੂੰ ਸਲੀਕੇ ਨਾਲ ਫਰਿੱਜ ਦੀ ਸਾਂਭ-ਸੰਭਾਲ ਦੀ ਜਾਚ ਦੱਸੀ ਹੁੰਦੀ। ਸੁਆਣੀਆਂ ਨੂੰ ਸਮਝਾਉਣ ਲਈ ਦੱਸਿਆ ਹੁੰਦਾ ਕਿ ਫਰਿੱਜ ਕੋਈ ਸਟੋਰ ਰੂਮ ਨਹੀਂ ਹੁੰਦਾ ਜਿਸ ਵਿਚ ਜੋ ਮਰਜ਼ੀ ਚਾਹੋ ਤੁੰਨ ਕੇ ਰੱਖ ਦਿਓ। ਉਸਨੂੰ ਵੀ ਸਾਹ ਲੈਣ ਲਈ ਸਪੇਸ ਚਾਹੀਦੀ ਹੁੰਦੀ ਹੈ। ਖਾਣ,ਪੀਣ ਵਾਲੀਆਂ ਚੀਜ਼ਾਂ ਕਾਰਨ ਫਰਿੱਜ ਵਿਚ ਕੀੜੇ,ਮਕੌੜੇ ਤੇ ਕਾਕਰੋਚ ਦਾਖ਼ਲ ਹੋ ਜਾਂਦੇ ਨੇ। ਹੋਰ ਤੇ ਹੋਰ ਫਰਿੱਜ 'ਚ ਅਣਢੱਕੀ ਪਈ, ਚਿਰਾਂ ਪੁਰਾਣੀ ਫਰੋਜਨ ਤੇ ਹੋਰ ਚੀਜ਼,ਵਸਤ ਖਾਣਯੋਗ ਨਹੀਂ ਰਹਿੰਦੀ। ਉਸ ਦਾ ਰੰਗ, ਸੁਆਦ ਤੇ ਤਾਜ਼ਗੀ ਵੀ ਨਸ਼ਟ ਹੋ ਜਾਂਦੀ ਹੈ ਜਿਸ ਦੀ ਵਰਤੋਂ ਕਾਰਨ ਸਾਡੇ ਸਰੀਰ ਨੂੰ ਲਾਭ ਦੀ ਥਾਏਂ ਨੁਕਸਾਨ ਵਧੇਰੇ ਹੁੰਦਾ ਹੈ। •

## ਕਹਾਣੀ

# ਅਹਿਸਾਸ



• ਅਮਨ ਮਾਨਸਾ

81466-61004



**ਵੇਖ ਸਤਵੰਤ, ਮੈਨੂੰ ਲੱਗਦਾ ਅਜੇ ਆਪਣੀ ਜ਼ਿੰਦਗੀ 'ਚ ਹੋਰ ਵਿਛੋੜਾ ਲਿਖਿਆ ਹੋਇਆ। ਮੈਂ ਸਾਰੀ ਵਾਹ ਲਾਹ ਕੇ ਵੇਖ ਲਈ। ਕਿਤੇ ਹੱਥ ਨੀ ਪੈ ਰਿਹਾ। ਪ੍ਰਾਈਵੇਟ ਨੌਕਰੀ ਕਰ ਕੇ ਤਾਂ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚੱਲੂ। ਦੋ ਕਿੱਲਿਆਂ ਦੀ ਖੇਤੀ ਨਾਲ ਵੀ ਕੁਝ ਨੀ ਬਣਦਾ...**

ਗੁਰਜਾਪ ਨੇ ਖਿੜਕੀ ਦਾ ਪਰਦਾ ਇਕ ਪਾਸੇ ਨੂੰ ਕੀਤਾ ਤਾਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਸਾਹਮਣੇ ਬੈੱਡ 'ਤੇ ਪਈ ਸਿਮਰਨ ਦੇ ਚਿਹਰੇ ਉੱਪਰ ਪੈਣ ਲੱਗੀਆਂ। ਸਿਮਰਨ ਆਪਣੇ ਹੱਥ ਨਾਲ ਇਸ ਰੋਸ਼ਨੀ ਤੋਂ ਬਚਣ ਦੀ ਕੋਸ਼ਿਸ਼ ਕਰਦੀ ਬੋਲੀ,'ਪਲੀਜ਼ ਗੁਰਜਾਪ ਸੌਣ ਦੇਵੋ ਨਾ।' ਉਸਨੇ ਸਿਮਰਨ ਵੱਲ ਵੇਖਕੇ ਕਿਹਾ,"ਕੀ ਗੱਲ, ਅੱਜ ਕੰਮ 'ਤੇ ਨੀਂ ਜਾਣਾ? ਚੱਲ ਉੱਠ, ਮੈਂ ਤੇਰੇ ਲਈ ਵੀ ਚਾਹ ਦਾ ਕੱਪ ਬਣਾ ਲਿਆ।"

ਸਿਮਰਨ ਉੱਠ ਕੇ ਬੈਠ ਗਈ। ਉਸਨੇ ਆਪਣੀ ਸੁਸਤੀ ਨੂੰ ਅਗੜਾਈ ਨਾਲ ਭੰਨਦੇ ਕਿਹਾ,"ਜਾਪ, ਅੱਜ ਮੂਡ ਨੀਂ ਜਾਣ ਦਾ। ਦਿਲ ਕਰਦਾ ਕੀਤੇ ਘੁੰਮ-ਫਿਰ ਕੇ ਆਈਏ। ਕਿੰਨੇ ਮਹੀਨੇ ਹੋਗੇ ਨੇ, ਆਪਾਂ ਨੂੰ ਆਊਟਿੰਗ 'ਤੇ ਗਿਆਂ। ਬਸ ਕੰਮ ਹੀ ਕੰਮ। ਲਾਈਫ ਇਨਜੁਆਏ ਕਰਨ ਲਈ ਸਮਾਂ ਕੱਢ ਯਾਰ। ਮੈਂ ਲਗਾਤਾਰ ਦੋ-ਦੋ ਸਿਫਟਾਂ ਕੰਮ ਕਰ ਕੇ ਪੂਰੀ ਤਰ੍ਹਾਂ ਥੱਕ ਚੁੱਕੀ ਹਾਂ।"

ਗੁਰਜਾਪ ਨੇ ਉਸਦੇ ਕੋਲ ਬੈਠ ਕੇ ਹੱਥ ਫੜਕੇ ਕਿਹਾ,"ਓ ਮਾਈ ਡੀਅਰ, ਆਪਾਂ ਨੂੰ ਆਪਣੇ ਕੰਮ ਵੱਲ ਧਿਆਨ ਦੇਣਾ ਹੀ ਪੈਣਾ। ਥੋੜ੍ਹੇ ਬਹੁਤੇ ਡਾਲਰ ਇਕੱਠੇ ਹੋ ਜਾਣ ਫਿਰ ਮਸਤੀ ਹੀ ਮਸਤੀ।

ਅਜੇ ਉਨ੍ਹਾਂ ਵਿਚਕਾਰ ਗੱਲਬਾਤ ਚੱਲ ਰਹੀ ਸੀ ਕਿ ਦਰਵਾਜ਼ੇ ਦੇ ਬਾਹਰ ਤੋਂ ਸਿਮਰਨ ਦੇ ਪਿਤਾ ਸੁਰਮੁਖ ਸਿੰਘ ਨੇ ਆਵਾਜ਼ ਮਾਰੀ 'ਬੇਟਾ ਜੀ, ਤਿਆਰ ਹੋ ਗਏ।'

ਗੁਰਜਾਪ ਨੇ ਦਰਵਾਜ਼ਾ ਖੋਲ੍ਹ ਕੇ ਕਿਹਾ,"ਹਾਂ ਜੀ, ਮੈਂ ਤਾਂ ਤਿਆਰ ਹੀ ਆ ਪਰ ਸਿਮਰਨ ...।"

ਸੁਰਮੁੱਖ ਸਿੰਘ ਨੇ ਸਿਮਰਨ ਨੂੰ ਅਜੇ ਬਿਸਤਰੇ 'ਚ ਬੈਠੀ ਵੇਖ ਕੇ ਕਿਹਾ,"ਕਿਵੇਂ ਸੁੱਖ ਤਾਂ ਹੈ। ਸਿੰਮੀ ਬੇਟਾ ਤਿਆਰ ਨੀ ਹੋਏ। ਜਾਣਾ ਨੀਂ ਅੱਜ?"

ਸਿਮਰਨ ਨੇ ਆਪਣੇ ਵਾਲਾਂ ਨੂੰ ਠੀਕ ਕੀਤਾ ਤੇ ਬੋਲੀ,"ਹਾਂ ਡੈਡ, ਆਲ ਰਾਈਟ। ਬਟ ਡੈੱਡ ਮੈਂ ਗੁਰਜਾਪ ਨੂੰ ਰੁਕੈਸਟ ਕਰ ਰਹੀ ਸੀ ਕਿ ਆਪਾਂ ਆਊਟਿੰਗ 'ਤੇ ਚੱਲੀਏ। ਇਹ ਸਾਰਾ ਦਿਨ ਕੰਮ-ਕੰਮ ਕਰਦੇ ਰਹਿੰਦੇ ਆ। ਚਾਰ ਮਹੀਨੇ ਹੋ ਚਲੇ ਆ, ਕਿਤੇ ਵੀ ਨੀ ਗਏ।"

ਸਿਮਰਨ ਮੂੰਹ ਜਿਹਾ ਬਣਾ ਕੇ ਗੁਰਜਾਪ ਵੱਲ ਵੇਖਣ ਲੱਗੀ।

ਸੁਰਮੁੱਖ ਸਿੰਘ ਨੇ ਦੋਹਾਂ ਵੱਲ ਵੇਖ ਕੇ ਕਹਿਣ ਲੱਗਾ,"ਫਿਰ ਏਹਦੇ ਵਿਚ ਦਿੱਕਤ ਕੀ ਆ? ਚਲੇ ਜਾਵੋ।"

ਗੁਰਜਾਪ ਆਪਣਾ ਪੱਖ ਰੱਖਦੇ ਕਹਿਣ ਲੱਗੀ,"ਪਰ ਪਾਪਾ ਜੀ ਕੰਮ ਵੀ ਤਾਂ ਜ਼ਰੂਰੀ ਆ।"

ਸੁਰਮੁੱਖ ਸਿੰਘ ਨੇ ਉਸਦੀ ਗੱਲ ਵਿਚਕਾਰ ਹੀ ਟੋਕ ਦਿੱਤੀ,"ਦੇਖੋ ਬੇਟਾ ਜੀ, ਮੈਨੂੰ 40 ਸਾਲ ਹੋ ਗਏ ਨੇ ਕਮਾਈ ਕਰਦਿਆਂ। ਰੱਬ ਦਾ ਦਿੱਤਾ ਬਹੁਤ ਕੁਝ ਆ ਪਰ ਇਸ ਬਦਲੇ ਗਵਾਏ ਉਹ ਕੁਝ ਪਲ ਵੀ ਮੈਂ ਸਾਰੀ ਕਮਾਈ ਨਾਲ ਨਹੀਂ ਖ਼ਰੀਦ ਸਕਦਾ। ਬੇਟਾ ਜੀ ਜ਼ਿੰਦਗੀ ਦਾ ਆਨੰਦ ਮਾਣੋ। ਪੈਸੇ ਕਮਾਉਣ ਨਾਲੋਂ ਪਰਿਵਾਰ ਨਾਲ ਬਤੀਤ ਕੀਤਾ ਸਮਾਂ ਜ਼ਿਆਦਾ ਕੀਮਤੀ ਹੈ। ਇਹ ਗੱਲ ਪਰਿਵਾਰ ਤੋਂ ਦੂਰੀ ਦੀ ਤੜਪ ਵਾਲਾ ਹੀ ਇਹ ਮਹਿਸੂਸ ਕਰ ਸਕਦਾ ਅਤੇ ਮੈਂ ਇਹ ਸਜ਼ਾ ਭੁਗਤ ਚੁੱਕਾ ਹਾਂ। ਚਲੋ ਛੱਡੋ, ਵੀਕ ਐਂਡ ਦੇ ਦਿਨ ਨੇ। ਤੁਸੀਂ ਚਲੇ ਜਾਓ।"

ਗੁਰਜਾਪ 'ਜੀ ਪਾਪਾ ਜੀ' ਕਹਿ ਕੇ ਚੁੱਪ ਕਰ ਗਿਆ ਅਤੇ ਸਰਮੁੱਖ ਸਿੰਘ ਹੱਸ ਕੇ ਕਮਰੇ ਤੋਂ ਬਾਹਰ ਚਲਾ ਗਿਆ। ਗੁਰਜਾਪ ਕੁਝ ਗੰਭੀਰ ਹੋ ਗਿਆ। ਉਹ ਸਿਮਰਨ ਕੋਲ ਬੈਠ ਕੇ ਕਹਿਣ ਲੱਗਾ,"ਸਿੰਮੀ, ਪਾਪਾ ਨੇ ਇਹ ਸਜ਼ਾ ਵਾਲੀ ਗੱਲ ਕਿਉਂ ਕਹੀ?"

ਉਸ ਦੀ ਗੰਭੀਰਤਾ ਨੂੰ ਵੇਖਕੇ ਸਿਮਰਨ ਦੇ ਚਿਹਰੇ ਦੇ ਵੀ ਹਾਵ-ਭਾਵ ਬਦਲ ਗਏ। ਉਹ ਕਹਿਣ ਲੱਗੀ ,"ਜਾਪ, ਮੰਮੀ-ਪਾਪਾ ਨੇ ਇੱਥੇ ਤਕ ਪਹੁੰਚਣ ਲਈ ਬਹੁਤ ਸੰਘਰਸ਼ ਕੀਤਾ।"

ਗੁਰਜਾਪ ਬਹੁਤ ਸੰਖੇਪ ਬੋਲਿਆ,"ਕਿਵੇਂ?"

ਸਿਮਰਨ ਬੋਲਣ ਲੱਗੀ,"ਪਾਪਾ ਫ਼ੌਜ 'ਚ ਸਨ ਅਤੇ ਮਾਂ ਘਰੇਲੂ ਔਰਤ। ਦੋਵੇਂ ਸੁਭਾਅ ਦੇ ਬਿਲਕੁਲ ਸ਼ਾਂਤ। ਮੈਂ ਆਪਣੀ ਪੂਰੀ ਜ਼ਿੰਦਗੀ 'ਚ ਉਨ੍ਹਾਂ ਨੂੰ ਕਿਸੇ ਨਾਲ ਲੜਦੇ ਜਾਂ ਉੱਚੀ ਬੋਲਦੇ ਨਹੀਂ ਵੇਖਿਆ, ਜੇ ਕੋਈ ਉਨ੍ਹਾਂ ਨਾਲ ਬੋਲ ਵੀ ਜਾਂਦਾ ਤਾਂ ਉਹ ਕਹਿ ਦਿੰਦੇ,'ਚੱਲ ਕੋਈ ਨਾ, ਇਨ੍ਹਾਂ ਦੀ ਆਦਤ ਆ।'

ਇਕ ਮੇਰੀ ਦਾਦੀ, ਜਿਸ ਨੂੰ ਚੰਗਾ ਖਾਣ ਅਤੇ ਮੰਦਾ ਬੋਲਣ ਆਦਤ ਸੀ। ਉਹ ਪੂਰੇ ਪਰਿਵਾਰ ਨੂੰ ਆਪਣੇ ਮੁਤਾਬਿਕ ਚਲਾਉਂਦੀ ਸੀ।

ਇਕ ਦਿਨ ਮੈਂ ਤੇ ਮੰਮੀ ਘਰ ਦੀ ਸਫ਼ਾਈ ਕਰ ਰਹੇ ਸੀ। ਸਫ਼ਾਈ ਕਰਦੇ-ਕਰਦੇ ਮੈਨੂੰ ਪਾਪਾ ਦੀ ਦਸਵੀਂ ਜਮਾਤ ਦੀ ਤਸਵੀਰ ਮਿਲ ਗਈ। ਮੈਂ ਉਸ ਨੂੰ ਸਾਫ਼ ਕਰ ਕੇ ਪਾਪਾ ਦੀ ਤਸਵੀਰ ਲੱਭਣ ਲੱਗੀ। ਕੋਲ ਮੰਮੀ ਬੈੱਡ ਦੀ ਚਾਦਰ ਵਿਛਾ ਰਹੇ ਸਨ। ਤਸਵੀਰ ਵੇਖ ਕੇ ਮੈਂ ਸੁਭਾਵਿਕ ਹੀ ਪੁੱਛ ਲਿਆ,"ਮੰਮੀ ਤੁਹਾਡਾ ਵਿਚੋਲਾ ਕੌਣ ਸੀ?"

ਮੰਮੀ ਨੇ ਹੈਰਾਨ ਹੋ ਕੇ ਕਿਹਾ,"ਆਹ ਕੀ ਸਵਾਲ ਆ!"

ਮੈਂ ਜ਼ਿੱਦ ਕਰਦੀ-ਕਰਦੀ ਉਨ੍ਹਾਂ ਕੋਲ ਆ ਕੇ ਫਿਰ ਕਿਹਾ,"ਮੰਮੀ ਬਣ ਕੇ ਦੱਸੋ ਨਾ ਕੌਣ ਸੀ?"

ਮੰਮੀ ਆਪਣੇ ਹੱਥ ਵਿਚਲਾ ਕੰਮ ਛੱਡ ਕੇ ਕਹਿਣ ਲੱਗੀ,"ਕੋਈ ਵੀ ਨੀ। ਇਹ ਰਿਸ਼ਤਾ ਤੇਰੇ ਮਾਮੇ ਹਰਨੈਬ ਨੇ ਕੀਤਾ ਸੀ।"

ਮੈਂ ਕਾਹਲੀ ਨਾਲ ਕਿਹਾ,"ਸੱਚੀ ਫ਼ੌਜੀ ਮਾਮੇ ਨੇ?"

ਮੰਮੀ ਵੀ ਮੇਰੇ ਕੋਲ ਮੰਜੇ ਉੱਤੇ ਆ ਬੈਠੀ। ਉਹ ਦੱਸਣ ਲੱਗ ਪਈ,"ਤੇਰੇ ਪਾਪਾ ਤੇ ਤੇਰਾ ਮਾਮਾ ਦੋਵੇਂ ਇਕੱਠੇ ਫ਼ੌਜ 'ਚ ਸਨ। ਉਨ੍ਹਾਂ ਨੇ ਟ੍ਰੇਨਿੰਗ ਵੀ ਇਕੱਠਿਆਂ ਨੇ ਕੀਤੀ ਸੀ। ਇਨ੍ਹਾਂ ਦੀ ਦੋਸਤੀ ਹੋ ਗਈ। ਇਕ ਦਿਨ ਤੇਰੇ ਮਾਮੇ ਨੇ ਸਾਰੀ ਗੱਲ ਇਨ੍ਹਾਂ ਦੇ ਅੱਗੇ ਖੋਲ੍ਹ ਦਿੱਤੀ। ਇਨ੍ਹਾਂ ਨੇ ਦੋਸਤੀ ਦੀ ਲਾਜ ਰੱਖਕੇ ਰਿਸ਼ਤੇ ਨੂੰ ਹਾਂ ਕਰ ਦਿੱਤੀ।

ਪਰ ਤੈਨੂੰ ਕੀ ਦੱਸਾਂ ਸਾਡੇ ਵਿਆਹ ਨੂੰ ਲੈ ਕੇ ਕਿੰਨੇ ਅੜਿੱਕੇ ਆਏ। ਤੇਰੇ ਪਾਪਾ ਨੂੰ ਤਾਂ ਪਤਾ ਸੀ ਕਿ ਮੈਂ ਸਿਰਫ਼ ਪੰਜ ਜਮਾਤਾਂ ਪਾਸ ਹਾਂ। ਦਾਜ ਵਿਚ ਲੈਣ-ਦੇਣ ਨੂੰ ਵੀ ਕੁਝ ਨੀਂ ਪਰ ਘਰ ਦੇ ਆਪਣੇ ਫ਼ੌਜੀ ਪੁੱਤ ਲਈ ਦਾਜ ਨਾਲ ਘਰ ਭਰਨ ਵਾਲੀ ਨੂੰਹ ਦੇ ਸੁਪਨੇ ਸੰਜੋਈ ਬੈਠੇ ਸਨ। ਘਰ ਵਿਚ ਕਿੰਨਾ ਸਮਾਂ ਇਸ ਗੱਲ ਦਾ ਰੌਲਾ ਪੈਂਦਾ ਰਿਹਾ। ਇਨ੍ਹਾਂ ਨੇ ਵੀ ਕਿਤੇ ਹੋਰ ਨਾ ਵਿਆਹ ਕਰਵਾਉਣ ਦੀ ਜ਼ਿੱਦ ਫੜ ਲੀ। ਘਰ ਵਾਲੇ ਆਪਣੀ ਜ਼ਿੱਦ 'ਤੇ ਅੜੇ ਰਹੇ।

ਆਖ਼ਿਰ ਇਸ ਗੱਲ 'ਤੇ ਸਹਿਮਤੀ ਹੋਈ ਕਿ ਉਹ ਵਹੁਟੀ ਨੂੰ ਆਪਣੇ ਨਾਲ ਨਹੀਂ ਲੈ ਕੇ ਜਾਏਗਾ। ਉਹ ਸਾਡੇ ਕੋਲ ਘਰ ਵਿਚ ਰਹਿ ਕੇ ਹੀ ਖੇਤੀਬਾੜੀ ਅਤੇ ਡੰਗਰ-ਪਸ਼ੂ ਦਾ ਕੰਮ ਨਾਲ ਕਰਵਾਏਗੀ।"

ਅਜੇ ਮੰਮੀ ਨੇ ਹੋਰ ਕਿੰਨਾ ਕੁ ਦੱਸਣਾ ਸੀ ਕਿ ਦਾਦੀ ਪਤਾ ਨੀਂ ਕਿਧਰੋਂ ਕਾਹਲੇ ਕੱਢਦੀ ਆ ਗਈ। ਘਰ 'ਚ ਪਿਆ ਖਿਲਾਰਾ ਵੇਖ ਕੇ ਬੋਲਣ ਲੱਗੀ, "ਨਾ ਅਜੇ ਤਕ ਨਿਬੜਿਆ ਨੀਂ। ਇਹ ਪਤਾ ਨੀ ਕਿੱਥੇ ਸੁਰਤੀ ਲਾ ਕੇ ਬੈਠ ਜਾਂਦੀਆਂ ਨੇ। ਥੋੜ੍ਹੇ ਜੇ ਕੰਮ ਪਿੱਛੇ ਸਾਰਾ ਦਿਨ...।"

ਅਸੀਂ ਜਲਦੀ-ਜਲਦੀ ਸਮਾਨ ਸਾਂਭਣ ਲੱਗ ਪਈਆਂ। ਉਹ ਸਾਹਮਣੇ ਮੰਜੇ 'ਤੇ ਬੈਠੀ ਨੇ ਮੈਨੂੰ ਕੁਝ ਝਿੜਕ ਕੇ ਕਿਹਾ ਤਾਂ ਮੈਂ ਗੁੱਸੇ ਨਾਲ ਕਹਿ ਦਿੱਤਾ,"ਆਹ ਚੱਕ, ਮੈਥੋਂ ਨੀ ਹੁੰਦਾ ਤੇਰਾ ਕੰਮ।"

ਜਵਾਬ ਸੁਣਦੇ ਹੀ ਉਸਨੇ ਜੋ ਵੀ ਹੱਥ ਵਿਚ ਆਇਆ ਮੇਰੇ ਵੱਲ ਚਲਾ ਦਿੱਤਾ। ਮੈਂ ਕਮਰੇ ਅੰਦਰ ਚਲੀ ਗਈ। ਉਹ ਗੱਸੇ ਨਾਲ ਬੋਲਣ ਲੱਗੀ,"ਵੇਖ ਕਿਵੇਂ ਹਰਲ-ਹਰਲ ਕਰਦੀ ਫਿਰਦੀ ਆ। ਸ਼ਰਮ ਨੀ ਆਉਦੀ ਏਹਨੂੰ ਮੂਹਰੇ ਬੋਲਦੀ ਨੂੰ। ਆਹ ਦਿਨ ਦੇਖਣ ਨੂੰ ਜੰਮੀ ਸੀ। ਮੈਂ ਤਾਂ ਏਹਦੇ ਜੰਮਣ ਵੇਲੇ ਕਿਹਾ ਸੀ ਵੀ ਏਹਦੇ ਗਲ਼ 'ਗੂਠਾ ਦੇ ਦੇ। ਕਿੱਥੇ ਪੱਥਰ ਧਰਿਆ ਪਿਆ ਸੀ ਸਾਡੇ ਕਰਮਾਂ 'ਚ। ਓਹੋ ਜੀ ਇਹ ਆ। ਲਾਅ ਕੇ ਲੂਤੀ, ਆਪ ਬੈਠੀ ਆ ਚੁੱਪ ਕੀਤੀ।"

ਉਹ ਮੰਮੀ ਵੱਲ ਡਾਂਗ ਲੈ ਕੇ ਪਈ। ਮੰਮੀ ਡਰਦੀ ਕਮਰੇ ਅੰਦਰ ਆ ਗਈ। ਮੰਮੀ ਅੰਦਰ ਲਗਾਤਾਰ ਰੋਈ ਜਾ ਰਹੀ ਸੀ। ਮੈਂ ਮਾਫ਼ੀ ਮੰਗ-ਮੰਗ ਉਸਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦੀ ਰਹੀ।

ਇਸ ਗੱਲ ਦੀ ਸ਼ਿਕਾਇਤ ਮੈਂ ਪਾਪਾ ਨੂੰ ਵੀ ਕੀਤੀ ਪਰ ਪਾਪਾ ਨੇ ਇੱਕੋ ਗੱਲ ਕਹਿ ਕੇ ਚੁੱਪ ਕਰਵਾ ਦਿੱਤਾ,"ਬੇਟਾ ਇਨ੍ਹਾਂ ਗੱਲਾਂ ਨੂੰ ਛੱਡੋ। ਤੁਸੀਂ ਆਪਣੀ ਪੜ੍ਹਾਈ ਵੱਲ ਧਿਆਨ ਦੇਵੋ।"

ਉਸ ਦਿਨ ਤੋਂ ਬਾਅਦ ਮੈਂ ਦਾਦੀ ਨੂੰ ਬੁਲਾਉਣਾ ਹੀ ਛੱਡ ਦਿੱਤਾ।

ਅਗਲੇ ਸਾਲ ਪਾਪਾ ਫ਼ੌਜ ਵਿੱਚੋਂ ਰਿਟਾਇਰ ਹੋ ਕੇ ਘਰ ਆ ਗਏ। ਪਾਪਾ ਨੂੰ ਮਿਲੇ ਪੈਸਿਆਂ 'ਤੇ ਸਾਰਿਆਂ ਦੀ ਅੱਖ ਸੀ। ਸਭ ਆਨੇ-ਬਹਾਨੇ ਪੁੱਛਦੇ ਰਹਿੰਦੇ ਸਨ ਕਿ ਹੁਣ ਕੀ ਕੰਮ ਕਾਰ ਕਰਨਾ।

ਭੂਆ ਜੀ ਨੇ ਤਾਂ ਸਿੱਧੇ ਪੈਸੇ ਹੀ ਮੰਗ ਲਏ ਸੀ ਪਰ ਪਾਪਾ ਦੇ ਜਵਾਬ ਦੇਣ ਕਰਕੇ ਦਾਦੀ ਮੂੰਹ ਸੁਜਾਈ ਬੈਠੀ ਸੀ।

ਦੋ ਕੁ ਦਿਨਾਂ ਬਾਅਦ ਭੂਆ ਅਤੇ ਫੁੱਫੜ ਘਰ ਆ ਗਏ। ਸੁੱਖ-ਸਾਂਦ ਤੋਂ ਬਾਅਦ ਗੱਲ ਫਿਰ ਪੈਸਿਆਂ 'ਤੇ ਆ ਗਈ। ਭੂਆ ਜੀ, ਦਾਦੀ ਨੂੰ ਕਹਿਣ ਲੱਗੀ,"ਵੇਖ ਲੈ ਬੇਬੇ ਏਹਦੀ ਦੀ ਸਿਆਣਪ। ਆਹ ਭੁੱਖੇ-ਨੰਗਾਂ ਦੀ ਕੁੜੀ ਮਗਰ ਲੱਗ ਕੇ ਮੈਨੂੰ ਪੈਸਿਆਂ ਤੋਂ ਜਵਾਬ ਦੇ ਦਿੱਤਾ। ਕਹਿੰਦਾ ਮੈਂ ਆਪਣੀ ਕੁੜੀ ਦਾ ਦਾਖ਼ਲਾ ਕਰਵਾਉਣਾ ਕਿਸੇ ਵੱਡੇ ਕੋਰਸ 'ਚ। ਨਾ ਏਹਨੂੰ ਸ਼ਰਮ ਨੀ ਆਉਂਦੀ ਇਹ ਕੋਠੇ ਜਿੱਡੀ ਹੋਈ ਪਈ ਆ ਵਿਆਹ ਕੇ ਤੋਰਿਆ ਨੀ ਜਾਂਦਾ। ਮੇਰੇ ਪੁੱਤ ਵਾਸਤੇ ਪੈਸੇ ਮੁੱਕਗੇ। ਆਹ ਡਫ-ਡਫ ਕਰਦੀ ਫਿਰਦੀ ਨੂੰ ਹੋਰ ਸਿਰ ਚੜ੍ਹਾਈ ਜਾਂਦਾ। ਉਸ ਦਿਨ ਪਤਾ ਲੱਗੂ ਜਦ ...।"

ਪਾਪਾ ਨੂੰ ਪਤਾ ਨੀਂ ਕਿਵੇਂ ਗੁੱਸਾ ਆ ਗਿਆ ਉਹ ਉੱਚੀ-ਉੱਚੀ ਬੋਲਣ ਲੱਗੇ,"ਖ਼ਬਰਦਾਰ ਜੇ ਮੇਰੇ ਪਰਿਵਾਰ ਬਾਰੇ ਕੁਝ ਗ਼ਲਤ ਬੋਲੀ ਤਾਂ।"

ਭੂਆ, ਪਾਪਾ ਦਾ ਇਹ ਰੂਪ ਵੇਖ ਕਹਿਣ ਲੱਗੀ,"ਮੇਰੇ ਕੰਨੀਓ ਤਾਂ ਮਰਨ ਪਰੇ ਮੈਂ ਏਹਦੀ ਦੇਹਲੀ ਨੀ ਚੜ੍ਹਦੀ ਹੁਣ। ਕੀੜੇ ਪੈ ਕੇ ਮਰਨ ਮੇਰੇ ਵੱਲੋਂ ਤਾਂ।"

ਪਾਪਾ ਨੇ ਵੀ ਸਾਫ਼ ਕਹਿ ਦਿੱਤਾ,"ਨਹੀਂ ਆਉਣਾ ਨਾ ਆਈਂ। ਮੈਂ ਵੀ ਸਬਰ ਕਰ ਲਊ।"

ਇਸ ਲੜਾਈ ਦਾ ਨਤੀਜਾ ਇਹ ਨਿਕਲਿਆ ਕਿ ਸਾਡੇ ਘਰ ਦਾ ਬਟਵਾਰਾ ਹੋ ਗਿਆ। ਸਾਡੇ ਹਿੱਸੇ ਆਇਆ ਪੁਰਾਣਾ ਦੋ ਕਮਰਿਆਂ ਵਾਲਾ ਨੀਵਾਂ ਜਿਹਾ ਘਰ।

ਇਸ ਘਰ ਵਿਚ ਸਾਡੀ ਦੁਨੀਆ ਸਿਮਟ ਕੇ ਰਹਿ ਗਈ। ਪਾਪਾ ਸਾਰਾ ਦਿਨ ਚੁੱਪ-ਚੁੱਪ ਰਹਿੰਦੇ। ਘਰ ਵਿਚ ਇਕ ਅਜੀਬ ਜਿਹੀ ਚੁੱਪ ਪਸਰੀ ਹੋਈ ਸੀ। ਇਕ ਦਿਨ ਮੈਂ ਕਮਰੇ ਅੰਦਰ ਬੈਠੀ ਪੜ੍ਹ ਰਹੀ ਸੀ। ਨਾਲ ਦੇ ਕਮਰੇ ਵਿੱਚੋਂ ਮੰਮੀ-ਪਾਪਾ ਦੀ ਆਵਾਜ਼ ਆਉਣ ਲੱਗੀ। ਮੇਰਾ ਧਿਆਨ ਪੜ੍ਹਾਈ ਵੱਲੋਂ ਟੁੱਟ ਕੇ ਉਨ੍ਹਾਂ ਦੀਆਂ ਗੱਲਾਂ ਵੱਲ ਚਲਾ ਗਿਆ।

ਪਾਪਾ, ਮੰਮੀ ਨੂੰ ਕਹਿ ਰਹੇ ਸਨ,"ਵੇਖ ਸਤਵੰਤ, ਮੈਨੂੰ ਲੱਗਦਾ ਅਜੇ ਆਪਣੀ ਜ਼ਿੰਦਗੀ 'ਚ ਹੋਰ ਵਿਛੋੜਾ ਲਿਖਿਆ ਹੋਇਆ। ਮੈਂ ਸਾਰੀ ਵਾਹ ਲਾਹ ਕੇ ਵੇਖ ਲਈ। ਕਿਤੇ ਹੱਥ ਨੀ ਪੈ ਰਿਹਾ। ਪ੍ਰਾਈਵੇਟ ਨੌਕਰੀ ਕਰ ਕੇ ਤਾਂ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚੱਲੂ। ਦੋ ਕਿੱਲਿਆਂ ਦੀ ਖੇਤੀ ਨਾਲ ਵੀ ਕੁਝ ਨੀ ਬਣਦਾ। ਮੈਂ ਸੋਚਦਾ ਸਾਂ ਕਿ ਜੇ ਦਿਹਾੜੀ ਹੀ ਕਰਨੀ ਹੈ ਤਾਂ ਕਿ ਬਾਹਰਲੇ ਮੁਲਕ ਜਾ ਕੇ ਕਰੀਏ ਤਾਂ ਚਾਰ ਰੁਪਈਏ ਵੀ ਜੁੜ ਜਾਣ। ਬਾਕੀ ਜਿਵੇਂ ਤੂੰ ਕਹੇ।"

ਮੰਮੀ ਕਹਿਣ ਲੱਗੀ,"ਜਿਵੇਂ ਤੁਹਾਨੂੰ ਠੀਕ ਲੱਗਦਾ। ਮੈਂ ਵੀ ਤੁਹਾਡੇ ਨਾਲ ਈ ਆਂ। ਪਰ ਜੇ ਹੁਣ ਜਾਣਾ ਈ ਤਾਂ ਕਿਸੇ ਅਜੀਹੇ ਮੁਲਕ ਜਾਣ ਦੀ ਸੋਚਣਾ ਜਿੱਥੇ ਬੱਚਿਆਂ ਨੂੰ ਵੀ ਭੇਜਿਆ ਜਾ ਸਕੇ।"

ਪਾਪਾ ਬੋਲੇ,"ਹਾਂ ਆਹ ਗੱਲ ਸੋਚਣ ਵਾਲੀ ਆ। ਮੈਨੂੰ ਤੇਰੇ ਤੋਂ ਇਹੋ ਉਮੀਦ ਸੀ।"

ਉਨ੍ਹਾਂ ਦੀਆਂ ਗੱਲਾਂ ਨੇ ਅਜੀਬ ਜਿਹੀ ਕੰਬਣੀ ਛੇੜ ਦਿੱਤੀ। ਉਸ ਦਿਨ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੰਮੀ-ਪਾਪਾ ਨੇ ਕਿੰਨਾ ਕੁਝ ਕੀਤਾ ਸਾਡੇ ਲਈ। ਸਾਡੀ ਖ਼ਾਤਰ ਕਿਵੇਂ ਵਿਛੋੜਾ ਸਹਿਣ ਕਰਦੇ ਰਹੇ ਨੇ।"

ਦੋ-ਤਿੰਨ ਮਹੀਨਿਆਂ ਬਾਅਦ ਹੀ ਪਾਪਾ ਇੱਧਰ ਆ ਗਏ। ਬਾਰਵੀਂ ਜਮਾਤ ਤੋਂ ਬਾਅਦ ਮੰਮੀ-ਪਾਪਾ ਮੈਨੂੰ ਬੀ. ਟੈੱਕ. ਕਰਵਾਉਣ ਦੇ ਇੱਛੁਕ ਸਨ ਪਰ ਮੈਂ ਨਰਸਿੰਗ ਕਰਨ ਦੀ ਇੱਛੁਕ ਸੀ। ਮੈਨੂੰ ਪਤਾ ਸੀ ਕਿ ਇਹ ਕੋਰਸ ਕਰਕੇ ਜਲਦੀ ਪਾਪਾ ਕੋਲ ਜਾ ਸਕਦੀ ਹਾਂ। ਇਸ ਗੱਲ ਨੇ ਮੇਰੇ ਦਿਮਾਗ਼ 'ਚ ਘਰ ਕਰ ਲਿਆ ਸੀ ਕਿ ਕਦੋਂ ਮੇਰਾ ਇਹ ਕੋਰਸ ਪੂਰਾ ਹੋਵੇ ਤੇ ਮੈਂ ਜਲਦੀ-ਜਲਦੀ ਪਾਪਾ ਕੋਲ ਚਲੀ ਜਾਵਾਂ। ਮੇਰਾ ਸੁਪਨਾ ਸੀ ਕਿ ਮੈਂ ਬਾਹਰ ਜਾ ਕੇ ਮੰਮੀ ਤੇ ਸਾਵਨ ਵੀਰੇ ਨੂੰ ਆਪਣੇ ਕੋਲ ਬੁਲਾ ਲਵਾਂ ਅਤੇ ਅਸੀਂ ਸਾਰਾ ਪਰਿਵਾਰ ਫਿਰ ਇਕੱਠੇ ਹੱਸੀਏ ਖੇਡੀਏ।

ਪਾਪਾ ਨੂੰ ਪਤਾ ਸੀ ਕਿ ਮੈਂ ਜ਼ਿਆਦਾ ਸੰਵੇਦਨਸ਼ੀਲ ਆ। ਉਨ੍ਹਾਂ ਨੇ ਮੇਰੀ ਪੜ੍ਹਾਈ ਪੂਰੀ ਹੋਣ 'ਤੇ ਸਭ ਤੋਂ ਪਹਿਲਾਂ ਮੇਰਾ ਵੀਜ਼ਾ ਲਗਵਾਉਣ ਦੀ ਕੋਸ਼ਿਸ਼ ਕੀਤੀ। ਸਾਲ ਬਾਅਦ ਮੇਰਾ ਵੀ ਵੀਜ਼ਾ ਲੱਗ ਗਿਆ। ਮੈਂ ਪਾਪਾ ਕੋਲ ਆ ਗਈ। ਇਧਰ ਦੀ ਪੜ੍ਹਾਈ ਮੁਤਾਬਿਕ ਦਾਖ਼ਲਾ ਲੈ ਕੇ ਪੜ੍ਹਾਈ ਵੀ ਕੀਤੀ ਤਾਂ ਕਿ ਨਵੇਂ ਕੰਮ ਲਈ ਰਾਹ ਵੀ ਖੋਲ੍ਹੇ ਜਾ ਸਕਣ।

ਲਗਪਗ ਦੋ ਸਾਲ ਇਸੇ ਤਰ੍ਹਾਂ ਕੰਮ ਕਰਦੇ ਰਹੇ। ਅਸੀਂ ਪਰਿਵਾਰ ਨੂੰ ਬੁਲਾਉਣ ਵਾਲੀਆਂ ਸ਼ਰਤਾਂ ਵੀ ਪੂਰੀਆਂ ਕਰ ਕੇ ਮੰਮੀ ਅਤੇ ਸਵਾਨ ਵੀਰੇ ਨੂੰ ਵੀ ਬੁਲਾ ਲਿਆ। ਮੈਂ ਹੁਣ ਜਦ ਵੀ ਮੰਮੀ-ਪਾਪਾ ਨੂੰ ਇਕੱਠਿਆਂ ਕੰਮ 'ਤੇ ਜਾਂਦੇ ਵੇਖਦੀ ਹਾਂ ਤਾਂ ਮਨ ਨੂੰ ਅਥਾਹ ਸਕੂਨ ਮਿਲਦਾ ਹੈ। ਉਨ੍ਹਾਂ ਨੂੰ ਹੱਸਦਿਆਂ ਵੇਖ ਕੇ ਸਾਰੇ ਦੁੱਖ ਦਰਦ ਭੁੱਲ ਜਾਂਦੀ ਹਾਂ।"

ਸਿਮਰਨ ਬੋਲਦੀ-ਬੋਲਦੀ ਚੁੱਪ ਕਰ ਗਈ।

ਪੂਰੇ ਕਮਰੇ ਵਿਚ ਚੁੱਪ ਪਸਰ ਗਈ।

ਅਤੀਤ ਦੀ ਝਲਕ ਨੇ ਸਿਮਰਨ ਨੂੰ ਜਜ਼ਬਾਤੀ ਕਰ ਦਿੱਤਾ। ਗੁਰਜਾਪ ਉਸ ਦੀਆਂ ਅੱਖਾਂ ਸਾਫ਼ ਕਰ ਕੇ ਬੋਲਿਆ,"ਚੱਲ ਦੱਸ, ਫਿਰ ਕਿੱਥੇ ਚੱਲੀਏ?" •

## ਪੁਸਤਕ ਚਰਚਾ

ਮਹਿਕ ਫੁਲਵਾੜੀ ਦੀ ਪੁਸਤਕ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਵਲੋਂ ਲਿਖਿਆ ਅਜਿਹਾ ਲੇਖ ਸੰਗ੍ਰਹਿ ਜਿਸ ਵਿਚ ਉਨ੍ਹਾਂ ਵਰਤਮਾਨ ਸਮੇਂ ਵਿਚ ਫੈਲ ਰਹੀਆਂ ਬੁਰਾਈਆਂ ਦੀ ਖ਼ੂਬ ਨਿੰਦਿਆ ਕੀਤੀ ਹੈ। ਇਸ ਤੋਂ ਪਹਿਲਾਂ ਵੀ ਲੇਖਕ ਦੀਆਂ ਦੋ ਪੁਸਤਕਾਂ ਪਾਠਕਾਂ ਦੇ ਰੂ-ਬ-ਰੂ ਹੋਈਆਂ ਹਨ। ਇਸ ਪੁਸਤਕ ਵਿਚ ਵੱਖ-ਵੱਖ ਲੇਖ ਹਨ ਜੋ ਕਿ ਜਾਣਕਾਰੀ ਭਰਪੂਰ ਹਨ ਜਿਨ੍ਹਾਂ ਨੂੰ ਪੜ੍ਹ ਕੇ ਗਿਆਨ ਵਿਚ ਵਾਧਾ ਹੁੰਦਾ ਹੈ। ਪੁਸਤਕ ਵਿਚਲੇ ਹਰ ਲੇਖ ਵਿੱਚੋਂ ਜਾਣਕਾਰੀ ਮਿਲਦੀ ਹੈ। ਲੇਖਕ ਨੇ ਲੇਖਾਂ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੇ ਲੇਖ ਤੋਂ ਕੀਤੀ ਹੈ ਜਿਸ ਵਿਚ ਉਨ੍ਹਾਂ ਗੁਰੂ ਸਾਹਿਬ ਦੀ ਇਨਕਲਾਬੀ ਵਿਚਾਰਧਾਰਾ ਦਾ ਵਰਣਨ ਬਹੁਤ ਹੀ ਖ਼ੂਬ ਚਿਤਰਿਆ ਹੈ ਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਜੋਕੇ ਵਰਤਮਾਨ ਸਮਾਜ ਨਾਲ ਜੋੜਿਆ ਹੈ। ਇਸ ਤੋਂ ਇਲਾਵਾ ਲੇਖਕ ਦੇ ਹੋਰ ਵੀ ਅਜਿਹੇ ਲੇਖ ਹਨ ਜੋ ਸਾਡੇ ਅਜੋਕੇ ਸਮਾਜ ਨਾਲ ਖ਼ੂਬ ਮੇਲ ਖਾਂਦੇ ਹਨ ਜਿਵੇਂ ਸਮਾਜ ਵਿਚ ਗ਼ਰੀਬੀ, ਜਾਤ-ਪਾਤ, ਔਰਤਾਂ ਦੀ ਹਾਲਤ, ਸਿੱਖਿਆ ਵਿਚ ਹੋ ਰਹੇ ਭੇਦ ਭਾਵ ਆਦਿ। ਇਸ ਤਰ੍ਹਾਂ ਦੇ ਲੇਖ ਲਿਖ ਕੇ ਲੇਖਕ ਨੇ ਸਾਡੇ ਸਮਾਜ ਨੂੰ ਖ਼ੂਬ ਭੰਡਿਆ ਹੈ।ਲੇਖਕ ਅਨੁਸਾਰ ਅੱਜ ਵੀ ਸਾਡੇ ਸਮਾਜ ਵਿਚ ਕਈ ਤਰ੍ਹਾਂ ਦੀਆਂ ਅਜਿਹੀਆਂ ਬੁਰਾਈਆਂ ਹਨ ਜੋ ਕਿ ਬੁਰੀ ਤਰ੍ਹਾਂ ਫੈਲ ਰਹੀਆਂ ਹਨ ਜਿਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ ਲੇਖਕ ਭਾਰਤੀ ਸਿੱਖਿਆ ਪ੍ਰਣਾਲੀ ਨੂੰ ਲੈ ਕੇ ਕਾਫੀ ਚਿੰਤਤ ਹੈ। ਵਰਤਮਾਨ ਸਮੇਂ ਦੀ ਸਿੱਖਿਆ ਦਾ ਪੱਧਰ ਡਿੱਗਦਾ ਨਜ਼ਰ ਆ ਰਿਹਾ ਹੈ ਜਿਸ ਕਾਰਨ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਤੇ ਸਿੱਖਿਆ ਵਿਚਲਾ ਭੇਦ ਭਾਵ ਕੁਝ ਸੋਚਣ ਲਈ ਮਜਬੂਰ ਕਰਦਾ ਹੈ। ਇਸ ਪੁਸਤਕ ਵਿਚਲਾ ਨੈਤਿਕ ਕਦਰਾਂ ਕੀਮਤਾਂ ਵਾਲਾ ਲੇਖ ਸੇਧ ਪ੍ਰਦਾਨ ਕਰਦਾ ਹੈ।

ਅੱਜ ਇੱਕੀਵੀਂ ਸਦੀ ਵਿਚ ਨੈਤਿਕ ਗੁਣ ਘਟਦੇ ਨਜ਼ਰ ਆ ਰਹੇ ਹਨ ਉਨ੍ਹਾਂ ਪ੍ਰਤੀ ਧਿਆਨ ਦੇਣ ਦੀ ਲੋੜ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਵਿਚ ਸੰਸਕਾਰ ਤੇ ਨੈਤਿਕ ਗੁਣਾਂ ਦਾ ਵਿਕਾਸ ਕਰਨ। ਪੁਸਤਕ ਵਿਚਲਾ ਹਰ ਇਕ ਲੇਖ ਅਜਿਹੀ ਜਾਣਕਾਰੀ ਦਿੰਦਾ ਹੈ ਜਿਸ ਤੋਂ ਅੱਜ ਦਾ ਮਨੁੱਖ ਅਣਜਾਣ ਹੈ। ਇਨ੍ਹਾਂ ਲੇਖਾਂ ਤੋਂ ਬਿਨਾਂ ਲੇਖਕ ਨੇ ਆਪਣੀ ਕੈਨੇਡਾ ਫੇਰੀ ਬਾਰੇ ਜ਼ਿਕਰ ਕੀਤਾ ਹੈ ਜਿਸ ਵਿਚ ਲੇਖਕ ਨੇ ਉੱਥੋਂ ਦੇ ਮਾਹੌਲ, ਰਹਿਣ ਸਹਿਣ ਦਾ ਜ਼ਿਕਰ ਕੀਤਾ ਹੈ। ਪੁਸਤਕ ਦੇ ਅੰਤ ਵਿਚ ਲੇਖਕ ਨੇ ਜੀਵਨ ਵਿਚ ਕੰਮ ਆਉਣ ਵਾਲੇ ਨੁਕਤਿਆਂ ਦਾ ਜ਼ਿਕਰ ਤੇ ਹੋਰ ਕੀਮਤੀ ਗੱਲਾਂ ਦੱਸ ਕੇ ਪਾਠਕਾਂ ਦੇ ਗਿਆਨ ਵਿਚ ਖ਼ੂਬ ਵਾਧਾ ਕੀਤਾ ਹੈ। ਇਸ ਤੋਂ ਬਿਨਾਂ ਲੇਖਕ ਨੇ ਵਿਸਾਖੀ ਪੰਜਾਬ ਦਾ ਇਤਿਹਾਸਕ ਮੇਲਾ ਬਾਰੇ ਜ਼ਿਕਰ ਕਰ ਕੇ ਪੰਜਾਬ ਦੇ ਅਮੀਰ ਵਿਰਸੇ ਨੂੰ ਬਹੁਤ ਹੀ ਚੰਗੀ ਤਰ੍ਹਾਂ ਛੋਹਿਆ ਹੈ। ਸੋ ਇਸ ਪੁਸਤਕ ਵਿਚਲੇ ਲੇਖ ਬਹੁਤ ਹੀ ਕਾਬਲੇ ਤਾਰੀਫ ਹਨ ਜੋ ਕਿ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦਿੰਦੇ ਹਨ। ਭਾਸ਼ਾ ਸਰਲ ਹੈ। ਪੁਸਤਕ ਗਿਆਨ ਦਾ ਭੰਡਾਰ ਹੈ।

• ਇੰਦਰਪ੍ਰੀਤ ਕੌਰ





ਬੀਤੇ ਵਰ੍ਹੇ ਪਲੇਠਾ ਹਾਸ-ਰਸ ਕਾਵਿ ਸੰਗ੍ਰਹਿ 'ਹਾਸੇ ਦੀਆਂ ਫੁਲਝੜੀਆਂ' ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਾਸ-ਰਸ ਕਵੀ ਸੋਢੀ ਸੱਤੋਵਾਲੀ ਦੀ ਹਾਸ-ਰਸ ਆਧਾਰਤ ਇਹ ਦੂਸਰੀ ਕਾਵਿ-ਕਿਰਤ ਹੈ। ਪੁਸਤਕ ਦਾ ਰਚੇਤਾ ਕਵੀ ਬਿਰਹਾ ਦਾ ਮਾਰੂਥਲ ਪਾਰ ਕਰ ਕੇ ਹਾਸਿਆਂ ਦੀ ਵਾਦੀ ਵਿਚ ਪੁੱਜਾ ਹੈ। 1976 ਵਿਚ ਉਸ ਦੀ ਪਲੇਠੀ ਕਿਰਤ 'ਪੀੜ ਪਰਾਗੇ' ਛਪੀ ਸੀ। ਹਥਲੀ ਪੁਸਤਕ ਵਿਚ 40 ਰਚਨਾਵਾਂ ਸੰਕਲਿਤ ਹਨ। ਪਹਿਲੇ ਹਾਸ-ਰਸ ਕਾਵਿ ਸੰਗ੍ਰਹਿ ਦੇ ਮੁਕਾਬਲੇ ਹਥਲੇ ਕਾਵਿ ਸੰਗ੍ਰਹਿ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਕਵੀ ਦੀ ਕਲਮ ਉੱਪਰ ਪਕੜ ਮਜ਼ਬੂਤ ਹੋਈ ਹੈ। ਕਵਿਤਾਵਾਂ ਦੇ ਸਿਰਲੇਖਾਂ ਨੂੰ ਪੜ੍ਹ ਕੇ ਹੀ ਕਵੀ ਦੀ ਹਾਸ-ਰਸੀ ਪ੍ਰਤਿਭਾ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। 'ਨੇਤਰ ਤੋੜ ਸੁਰਮਾ', 'ਹਾਸਿਆਂ ਦੇ ਗੋਲਗੱਪੇ', 'ਜਦੋਂ ਯਮਦੂਤ ਭੁਲੇਖਾ ਖਾ ਗਏ', 'ਹਾਸੇ ਦੇ ਪਤਾਸੇ', 'ਜਦੋਂ ਕੁੜੀ ਵਾਲੇ ਵੇਖਣ ਆਏ', 'ਸੋਢੀ ਦਾ ਪੇਟ ਸਫ਼ਾ ਚੂਰਨ' ਆਦਿ ਕਈ ਸਿਰਲੇਖਾਂ ਦੇ ਨਾਂ ਇਸ ਸ਼੍ਰੇਣੀ ਵਿੱਚ ਲਏ ਜਾ ਸਕਦੇ ਹਨ। ਕਵੀ ਪਾਠਕ ਨੂੰ ਕੇਵਲ ਹਾਸ-ਰਸ ਦਾ ਅਨੁਭਵ ਹੀ ਨਹੀਂ ਕਰਵਾਉਂਦਾ ਸਗੋਂ ਉਸ ਦੇ ਇਸ ਕਰਮ ਮਗਰ ਇਕ ਮਿੱਠੀ ਟਕੋਰ, ਇਕ ਵਿਅੰਗ ਲੁਕਿਆ ਹੋਇਆ ਹੈ। ਉਹ ਪਾਠਕ ਨੂੰ ਲੋਟ-ਪੋਟ ਕਰਦਾ ਹੋਇਆ ਆਪਣੀ ਗੱਲ ਕਹਿ ਜਾਂਦਾ ਹੈ, ਆਪਣਾ ਸੁਨੇਹਾ ਪਾਠਕ ਦੇ ਮਨ ਵਿਚ ਲਾਹ ਜਾਂਦਾ ਹੈ। ਕਵੀ ਸਮਾਜ ਵਿਚ ਪਸਰੇ ਉਪੱਦਰ, ਜਿਵੇਂ ਨਸ਼ੇ, ਬਜ਼ੁਰਗਾਂ ਦੀ ਦੁਰਦਸ਼ਾ, ਵਿਹਲੀ ਜਨਤਾ, ਮਾਡਰਨ ਬਾਬਿਆਂ ਦੇ ਕਾਲੇ ਕਾਰਨਾਮੇ, ਵਹਿਮ-ਭਰਮਾਂ ਆਦਿ ਪ੍ਰਤੀ ਡਾਢਾ ਚਿੰਤਤ ਵੀ ਹੈ। ਉਸ ਨੂੰ ਫ਼ਿਕਰ ਹੈ ਕਿ ਸਾਡੇ ਜੀਵਨ ਦਾ ਅਹਿਮ ਅੰਗ ਹਾਸੇ ਕਿਧਰੇ ਵਿੱਸਰ ਚੁੱਕੇ ਹਨ, ਕਿੱਧਰੇ ਗੁਆਚ ਗਏ ਹਨ ਜਾਂ ਸਾਡੇ ਕੋਲੋਂ ਖੋਹ ਲਏ ਗਏ ਹਨ। ਹਾਸਿਆਂ ਦੀ ਪੁੱਠ ਮਗਰ ਸੰਜੀਦਾ ਸੰਦੇਸ਼ ਲੁਕੇ ਹੋਏ ਹਨ। ਕਵਿਤਾ 'ਪਿੰਡ ਦੀ ਸੈਰ' ਵਿਚ ਕਵੀ ਪਿੰਡਾਂ ਅਤੇ ਸ਼ਹਿਰਾਂ ਵਿਚ ਬਿਨਾਂ ਰੋਕ-ਟੋਕ ਘੁੰਮ ਰਹੇ ਜਾਨਵਰਾਂ 'ਤੇ ਟਿੱਪਣੀ ਕਰਦਾ ਹੋਇਆ ਸ਼ਾਸਨ-ਪ੍ਰਸ਼ਾਸਨ 'ਤੇ ਵਿਅੰਗ ਕਰਦਾ ਹੈ। ਪੁਸਤਕ ਪੜ੍ਹਨਯੋਗ ਹੈ।

• ਬਲਵੀਰ ਮੰਨਣ

ਮਾਲਵੇ ਦੇ ਲੇਖਕ ਬਲਵਿੰਦਰ ਸਿੰਘ ਭੁੱਲਰ ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਪੰਦਰਾਂ ਬਿਹਤਰੀਨ ਕਹਾਣੀਆਂ ਹਨ। ਪੁਸਤਕ ਉਨ੍ਹਾਂ ਸੰਘਰਸ਼ਸ਼ੀਲ ਵਿਅਕਤੀਆਂ ਨੂੰ ਸਮਰਪਿਤ ਹੈ ਜੋ ਲੋਕਾਂ ਦਾ ਦੁੱਖ ਦਰਦ ਸਮਝਦੇ ਹਨ ਤੇ ਉਨ੍ਹਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਹਨ। ਬਹੁਪੱਖੀ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਲੇਖਕ ਨੂੰ ਆਪਣਾ ਇਕ ਨਾਵਲ ਭੇਟ ਕਰਨ ਵੇਲੇ ਲਿਖਿਆ ਕਿ ਮੇਰੀ ਕਲਮ ਦੇ ਵਾਰਿਸ ਬਲਵਿੰਦਰ ਭੁੱਲਰ ਲਈ। ਉਚ ਦੁਮਾਲੜੇ ਸਾਹਿਤਕਾਰ ਸਤਿਕਾਰਤ ਚਾਚਾ ਜੀ ਦੀ ਲਿਖੀ ਇਹ ਸਤਰ ਲੇਖਕ ਦੇ ਅੰਦਰ ਘਰ ਕਰ ਗਈ। ਕਲਮ ਚੁੱਕ ਲਈ। ਜ਼ਿੰਦਗੀ ਦਾ ਵਿਸ਼ਾਲ ਤਜਰਬਾ ਕੋਲ ਸੀ। ਪੁਸਤਕ ਸਿਰਲੇਖ ਵਾਲੀ ਕਹਾਣੀ ਪੰਜਾਬ ਦੇ ਕਾਲੇ ਦਿਨਾਂ ਦੀ ਹੈ। ਅਤਿਵਾਦ ਸਿਖ਼ਰ 'ਤੇ ਸੀ। ਪੁਲਿਸ ਦੇ ਘਰਾਂ 'ਤੇ ਛਾਪੇ ਪੈ ਰਹੇ ਸੀ। ਇਕ ਗ਼ਰੀਬ ਪਰਿਵਾਰ ਪੁਲਿਸ ਦੇ ਅੜਿੱਕੇ ਆ ਗਿਆ। ਪੁਲੀਸ ਨੇ ਪਰਿਵਾਰ ਦੇ ਸਾਰੇ ਜੀਅ ਪਕੜ ਲਏ। ਉਨ੍ਹਾਂ 'ਚ ਇਕ ਨੌਜਵਾਨ ਸੁੰਦਰ ਕੁੜੀ ਸੀ। ਬੋਘਾ ਬੁਚੜ ਪੁਲਸੀਆ ਕੁੜੀ 'ਤੇ ਲਟੂ ਹੋ ਗਿਆ। ਪਰਿਵਾਰ ਦੀ ਰਿਹਾਈ ਬਦਲੇ ਜਬਰੀ ਵਿਆਹ ਕਰਵਾ ਲਿਆ। ਸਮਾਂ ਆਇਆ। ਮੰਜੇ ਨਾਲ ਜੁੜ ਗਿਆ ਤੇ ਬੀਤੇ ਦੀਆਂ ਗ਼ਲਤੀਆਂ 'ਤੇ ਝੂਰਨ ਲੱਗਾ। ਗੁਰਬਾਣੀ ਦੀ ਤੁਕ ਸੁਣ ਕੇ ਆਤਮਾ ਕੰਬ ਉੱਠੀ। ਕਲੇਸ਼ ਦਾ ਪਾਤਰ ਕਾਲਾ ਨਸ਼ੇ ਨਾਲ ਮਰਦਾ ਹੈ। ਪਤਨੀ ਜੀਤੀ ਸੰਤਾਪ ਭੋਗਦੀ ਹੈ। ਰਾਜ਼ ਵਿਚ ਗਿਆਨੀ ਬਲਵੰਤ ਸਿੰਘ ਆਪਣੀ ਦਾਨੀ ਧੀ ਜੀਵਨਜੋਤ ਨੂੰ ਗੋਦ ਲੈਣ ਦਾ ਰਾਜ਼ ਖੋਲ੍ਹਦਾ ਹੈ। ਗ਼ਰੀਬੀ ਦਾ ਦੁਖਾਂਤ ਵਿਚ ਦਰਜਾ ਚਾਰ ਪਾਤਰ 'ਤੇ ਝੂਠਾ ਚੋਰੀ ਦਾ ਦੋਸ਼ ਲਗਦਾ ਹੈ। ਗ਼ਰੀਬ ਦੁਖੀ ਹੁੰਦਾ ਹੈ। ਕਹਾਣੀ ਲੁਕਿਆ ਭੇੜੀਆ, ਵਿਚ ਮਿੱਤਰਮਾਰ ਦਾ ਦ੍ਰਿਸ਼ ਹੈ। ਲੂਸੀ, ਬੇਹੀ ਰੋਟੀ, ਮਸੀਹਾ, ਇਨਸਾਫ, ਗੈਂਗਸਟਰ, ਤਲਾਕ, ਪਾਸਪੋਰਟ ਦੇ ਦਿਲਚਸਪ ਵੰਨ ਸੁਵੰਨੇ ਵਿਸ਼ੇ ਹਨ। ਕਹਾਣੀਆਂ ਦੇ ਰੌਚਿਕ ਬਿਰਤਾਂਤ, ਕਥਾ ਰਸ, ਢੁਕਵੇਂ ਸੰਵਾਦ, ਸੁਹਜਮਈ ਵਾਰਤਕ ਮਿਆਰੀ ਗੁਣ ਹਨ।





• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

ਹਰਸ਼ਰਨ ਕੌਰ ਦਾ ਨਾਂ ਪੰਜਾਬੀ ਕਾਵਿ-ਸਾਹਿਤ ਦੇ ਖੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। ਹੱਥਲੀ ਪੁਸਤਕ 'ਇਹ ਸ਼ਬਦ ਨੇ ਮੇਰੇ ਹਾਣੀ' ਤੋਂ ਪਹਿਲਾਂ ਲੇਖਿਕਾ ਪੰਜਾਬੀ ਵਿਚ ਤਿੰਨ ਕਾਵਿ ਸੰਗ੍ਰਹਿ 'ਬਦਲਦੇ ਰੰਗ, ਆਬਸ਼ਾਰ ਅਤੇ ਜੀਵਨ ਪੰਧ' ਅਤੇ ਇਕ ਕਾਵਿ-ਸੰਗ੍ਰਹਿ 'ਤੁਮਨੇ ਸੋਚਾ ਨਾ ਹੋਗਾ' ਹਿੰਦੀ ਭਾਸ਼ਾ ਵਿਚ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ। ਵਿਚਾਰ ਚਰਚਾ ਅਧੀਨ ਪੁਸਤਕ ਵਿਚ ਲੇਖਿਕਾ ਨੇ ਛੋਟੀਆਂ ਅਤੇ ਲੰਬੀਆਂ ਕੁੱਲ ਇਕਾਸੀ ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਪਲੇਠੀ ਕਵਿਤਾ 'ਦੀਵਾ' ਵਿਚ ਲੇਖਿਕਾ ਦਿਲਜਾਨੀ ਦੀ ਦਹਿਲੀਜ਼ 'ਤੇ ਦਿਲ ਦਾ ਦੀਵਾ ਧਰਦਿਆਂ ਮਿਲਣ ਲਈ ਪੂਰਨ ਆਸਵੰਦ ਹੈ। ਕਵਿਤਾ 'ਮਾਂ ਦੀ ਮਮਤਾ' ਵਿਚ ਕਵਿੱਤਰੀ ਨੇ ਮਾਂ ਦੀ ਮਮਤਾ ਦਾ ਖ਼ੂਬਸੂਰਤ ਵਰਣਨ ਕੀਤਾ ਹੈ। ਸਭ ਕੁਝ ਪਤਾ ਹੋਣ 'ਤੇ ਵੀ ਮਾਂ ਔਲਾਦ ਨੂੰ ਮਿਲਣ ਦੀ ਆਸ ਦਾ ਦੀਵਾ ਹਮੇਸ਼ਾ ਜਗਾਈ ਰੱਖਦੀ ਹੈ। ਬਹੁਤੀਆਂ ਰਚਨਾਵਾਂ ਵਿਚ ਪਿਆਰ ਅਤੇ ਮੁਹੱਬਤ ਦਾ ਪੱਖ ਭਾਰੂ ਹੈ। ਕਵਿਤਾ 'ਤੜਫਣ' ਵਿਚ ਦਿਲ ਦੇ ਨਜ਼ਦੀਕੀ ਦੇ ਖੁੱਸਣ ਉਪਰੰਤ ਪੈਦਾ ਹੋਣ ਵਾਲੀ ਤੜਫਣ ਕਮਾਲ ਦੀ ਕਲਾਤਮਕ ਪੁੱਠ ਚਾੜ੍ਹੀ ਹੈ। ਇਨਸਾਨੀ ਜ਼ਿੰਦਗੀ 'ਚ ਵਧਦੀ ਲਾਲਸਾ ਨੂੰ ਕਵਿਤਾ 'ਮ੍ਰਿਗ ਤ੍ਰਿਸ਼ਨਾ' ਵਿਚ ਕੁਦਰਤੀ ਦ੍ਰਿਸ਼ਾਂ ਨੂੰ ਇਨਸਾਨ ਦੀਆਂ ਚਾਹਤਾਂ ਦੇ ਇਜ਼ਾਫੇ ਨਾਲ ਇੰਨੀ ਕਮਾਲ ਦੀ ਇਕਮਿਕਤਾ ਪੈਦਾ ਕੀਤੀ ਹੈ ਕਿ ਪਾਠਕ ਅਸ਼-ਅਸ਼ ਕਰ ਉੱਠਦਾ ਹੈ। ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਅੰਤਰ ਮਨ ਤੋਂ ਪੜ੍ਹਨ ਉਪਰੰਤ ਹੀ ਸਕੂਨ ਦੇਣ ਵਾਲੀਆਂ ਹਨ। ਸਿਰਫ਼ ਸਰਸਰੀ ਨਜ਼ਰ ਮਾਰ ਕੇ ਪੜ੍ਹਦਿਆਂ ਕਵਿਤਾਵਾਂ ਨਾਲ ਇਨਸਾਫ਼ ਨਹੀਂ ਕੀਤਾ ਜਾ ਸਕਦਾ। ਹਰ ਕਵਿਤਾ ਦਾ ਹਰ ਲਫਜ਼ ਮਨ ਦੇ ਅੰਦਰ ਤਕ ਲਹਿ ਜਾਣ ਦੀ ਸਮਰੱਥਾ ਰੱਖਦਾ ਹੈ। ਕਵਿਤਾਵਾਂ ਵਿਚ ਕੁਦਰਤੀ ਨਜ਼ਾਰਿਆਂ ਅਤੇ ਜ਼ਿੰਦਗੀ ਦੀਆਂ ਹੋਰ ਵਸਤਾਂ ਦੇ ਖ਼ੂਬਸੂਰਤ ਦ੍ਰਿਸ਼ ਵਰਣਨ ਅਤੇ ਸੰਕੇਤ ਪ੍ਰਗਟਾਵੇ ਕੀਤੇ ਹਨ। ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਲੇਖਿਕਾ ਦੀ ਪ੍ਰੌੜ ਕਲਮ ਦੀ ਗਵਾਹੀ ਭਰਦੀਆਂ ਹਨ। ਇਹ ਕਲਮ ਹੋਰ ਵਧੇਰੇ ਜੋਸ਼ ਅਤੇ ਮਜ਼ਬੂਤੀ ਨਾਲ ਪੰਜਾਬੀ ਕਾਵਿ-ਸਾਹਿਤ ਵਿਚ ਆਪਣਾ ਯੋਗਦਾਨ ਪਾਵੇ, ਇਹੋ ਮੇਰੀ ਦਿਲੀ ਦੁਆ ਹੈ।





• ਬਿੰਦਰ ਸਿੰਘ ਖੁੱਡੀ ਕਲਾਂ

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ ਸਥਿਤ ਆਪਣੇ ਆਵਾਸ ਤੇ ਮਨਾਈ ਲੋਹੜੀ, ਹਰਿਆਣਾਵਾਸੀਆਂ ਨੂੰ ਦਿੱਤੀ ਵਧਾਈ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੰਗਲਵਾਰ ਨੂੰ ਆਪਣੀ ਧਰਮਪਤਨੀ ਸ੍ਰੀਮਤੀ ਸੁਮਨ ਸੈਣੀ ਦੇ ਨਾਲ ਚੰਡੀਗੜ੍ਹ ਸਥਿਤ ਆਪਣੇ ਆਵਾਸ ਸੰਤ ਕਬੀਰ ਕੁਟੀਰ ਵਿੱਚ ਲੋਹੜੀ ਦਾ ਉਤਸਵ ਧੂਮਧਾਮ ਨਾਲ ਮਨਾਇਆ।

ਇਸ ਦੌਰਾਨ ਉਨ੍ਹਾਂ ਨੇ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੇ ਪਵਿੱਤਰ ਮੌਕੇ 'ਤੇ ਸੂਬਾਵਾਸੀਆਂ ਨੂੰ ਵਧਾਈ ਵੀ ਦਿੱਤੀ। ਲੋਹੜੀ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਤਿਉਹਾਰ ਭਾਰਤ ਦੀ ਖੁਸ਼ਹਾਲ ਸਭਿਆਚਾਰਕ ਵਿਰਾਸਤ ਅਤੇ ਪੁਰਾਣੀ ਰਿਵਾਇਤਾਂ ਦਾ ਪ੍ਰਤੀਕ ਹੈ। ਇਸ ਮੌਕੇ 'ਤੇ ਭਾਜਪਾ ਸੂਬਾ ਪ੍ਰਧਾਨ ਸ੍ਰੀ ਮੋਹਨ ਲਾਲ ਕੌਸ਼ਿਕ ਵੀ ਮੌਜੂਦ ਰਹੇ।

ਸਮਾਰੋਹ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੂਜਾ-ਅਰਚਣਾ ਕਰ ਲੋਹੜੀ ਦੀ ਅਗਨੀ ਪ੍ਰਜਵਲਤ ਕੀਤੀ ਅਤੇ ਨਾਲ ਹੀ ਹਰਿਆਣਾਵਾਸੀਆਂ ਦੇ ਸੁੱਖ ਅਤੇ ਖੁਸ਼ਹਾਲੀ ਦੀ ਕਾਮਨਾ ਵੀ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਉਤਸਵ ਏਕਤਾ, ਸਮਾਨਤਾ ਅਤੇ ਸਮਾਵੇਸ਼ਿਤਾ ਨੂੰ ਪ੍ਰੋਤਸਾਹਨ ਦਿੰਦਾ ਹੈ, ਕਿਉਂਕਿ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਸਮਾਨ ਉਤਸ਼ਾਹ ਅਤੇ ਭਾਈਚਾਰੇ ਦੀ ਭਾਵਨਾ ਦੇ ਨਾਲ ਇਸ ਮਨਾਉਂਦੇ ਹਨ।

ਮੁੱਖ ਮੰਤਰੀ ਨੇ ਸੂਬੇ ਦੇ ਸਾਰੇ ਨਾਗਰਿਕਾਂ ਦੇ ਸੁੱਖ, ਖੁਸ਼ਹਾਲੀ ਅਤੇ ਉੱਤਮ ਸਿਹਤ ਦੀ ਕਾਮਨਾ ਕਰਦੇ ਹੋਏ ਆਸ ਵਿਅਕਤ ਕੀਤੀ ਕਿ ਇਹ ਉਤਸਵ ਹਰਿਆਣਾ ਵਿੱਚ ਸ਼ਾਂਤੀ ਅਤੇ ਪ੍ਰਗਤੀ ਲੈ ਕੇ ਆਵੇਗਾ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਹਰਿਆਣਾ ਭਾਜਪਾ ਸੰਗਠਨ ਮਹਾਮੰਤਰੀ ਸ੍ਰੀ ਫਣੀਂਦਰਨਾਥ ਸ਼ਰਮਾ, ਮੁੱਖ ਮੰਤਰੀ ਦੇ ਓਐਸਡੀ ਸ੍ਰੀ ਬੀਬੀ ਭਾਰਤੀ ਅਤੇ ਡਾ. ਪ੍ਰਭਲੀਨ ਸਿੰਘ, ਅਭਿਨੇਤਰੀ ਸਤਿੰਦਰ ਕੌਰ ਸੱਤੀ ਸਮੇਤ ਹੋਰ ਸੀਨੀਅਰ ਪਾਰਟੀ ਨੇਤਾ ਅਤੇ ਅਧਿਕਾਰੀ ਮੌਜੂਦ ਰਹੇ।

# ਅਨੁਸੂਚਿਤ ਜਾਤਿ ਅਤੇ ਜਨਜਾਤਿ ਦੇ ਸੰਦਰਭ ਵਿੱਚ ਹਰਿਜਨ ਅਤੇ ਗਿਰਿਜਨ ਸ਼ਬਦਾਂ ਦਾ ਪ੍ਰਯੋਗ ਨਾ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਅਨੁਸੂਚਿਤ ਜਾਤਿਆਂ ਅਤੇ ਅਨੁਸੂਚਿਤ ਜਨਜਾਤਿਆਂ ਦੇ ਸੰਦਰਭ ਵਿੱਚ ਸਰਕਾਰੀ ਪੱਤਰਾਚਾਰ ਅਤੇ ਹੋਰ ਅਧਿਕਾਰਿਕ ਕੰਮਾਂ ਵਿੱਚ ਹਰਿਜਨ ਅਤੇ ਗਿਰਿਜਨ ਜਿਹੇ ਸ਼ਬਦਾਂ ਦਾ ਪ੍ਰਯੋਗ ਨਾ ਕਰਨ ਦੇ ਨਿਰਦੇਸ਼ ਦਿੱਤੇ ਹਨ।

ਇਨ੍ਹਾਂ ਨਿਰਦੇਸ਼ਾਂ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਭਾਰਤ ਦੇ ਸੰਵਿਧਾਨ ਵਿੱਚ ਅਨੁਸੂਚਿਤ ਜਾਤਿ ਅਤੇ ਅਨੁਸੂਚਿਤ ਜਨਜਾਤਿ ਲਈ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਨਹੀਂ ਕੀਤਾ ਗਿਆ ਹੈ ਅਤੇ ਸਾਰੇ ਅਧਿਕਾਰਿਕ ਕੰਮਾਂ ਵਿੱਚ ਸਿਰਫ਼ ਸੰਵਿਧਾਨ ਵਿੱਚ ਦਰਜ ਅਨੁਸੂਚਿਤ ਜਾਤਿ ਅਤੇ ਅਨੁਸੂਚਿਤ ਜਨਜਾਤਿ ਸ਼ਬਦਾਂ ਦਾ ਹੀ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ।

ਸਰਕਾਰ ਦੇ ਨੋਟਿਸ ਵਿੱਚ ਆਇਆ ਹੈ ਕਿ ਪਹਿਲਾਂ ਵਿੱਚ ਜਾਰੀ ਨਿਰਦੇਸ਼ਾਂ ਦੇ ਬਾਵਜੂਦ ਕੁੱਝ ਵਿਭਾਗਾਂ ਵੱਲੋਂ ਹੁਣ ਵੀ ਹਰਿਜਨ ਅਤੇ ਗਿਰਿਜਨ ਸ਼ਬਦਾਂ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਇਸ 'ਤੇ ਨੋਟਿਸ ਲੈਂਦੇ ਹੋਏ ਰਾਜ ਸਰਕਾਰ ਨੇ ਸਾਰੇ ਵਿਭਾਗਾਂ ਨੂੰ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਦਾ ਸਖ਼ਤੀ ਨਾਲ ਪਾਲਨ ਕਰਨ ਅਤੇ ਸਾਰੇ ਅਧਿਕਾਰਿਕ ਮਾਮਲਿਆਂ ਵਿੱਚ ਇਨ੍ਹਾਂ ਸ਼ਬਦਾਂ ਦਾ ਤੁਰੰਤ ਪ੍ਰਭਾਵ ਨਾਲ ਪ੍ਰਯੋਗ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਕ੍ਰਿਮੀਨਲ ਕੇਸ ਦੇ ਜਲਦੀ ਨਿਪਟਾਰੇ ਦੇ ਲਈ ਨਿਰਦੇਸ਼ ਜਾਰੀ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਹਰਿਆਣਾ ਪੁਲਿਸ ਅਤੇ ਅਭਿਯੋਜਨ ਵਿਭਾਗ ਨੂੰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੇ ਚੈਪਟਰ ਵਿੱਚ ਦਿੱਤੇ ਗਏ ਪਲੀ ਬਾਰਗੇਨਿੰਗ ਪ੍ਰਾਵਧਾਨਾਂ ਦਾ ਪ੍ਰਭਾਵੀ ਅਤੇ ਸਹੀ ਇਸਤੇਮਾਲ ਯਕੀਨੀ ਕਰਨ ਲਈ ਵਿਸਤਾਰ ਨਿਰਦੇਸ਼ ਜਾਰੀ ਕੀਤੇ ਹਨ। ਇਸ ਦਾ ਉਦੇਸ਼ ਅਪਰਾਧਿਕ ਮਾਮਲਿਆਂ ਦੇ ਨਿਪਟਾਰੇ ਵਿੱਚ ਤੇਜੀ ਲਿਆਉਣ ਅਤੇ ਪੂਰੇ ਸੂਬੇ ਵਿੱਚ ਨਿਆਂ ਵਿਵਸਥਾ ਨੂੰ ਹੋਰ ਮਜਬੂਤ ਕਰਨਾ ਹੈ।

ਡਾ. ਮਿਸ਼ਰਾ ਨੇ ਕਿਹਾ ਕਿ ਪਲੀ ਬਾਰਗੇਨਿੰਗ ਇੱਕ ਨਿਆਂ-ਸਮਰਥਕ ਵੈਧਾਨਿਕ ਸਿਸਟਮ ਹੈ ਜਿਸ ਦਾ ਉਦੇਸ਼ ਅਪਰਾਧਿਕ ਮਾਮਲਿਆਂ ਦੇ ਜਲਦੀ ਹੱਲ ਦੀ ਸਹੂਲਤ ਪ੍ਰਦਾਨ ਕਰਦਾ ਹੈ, ਜਿੱਥੇ ਅਪਰਾਧ ਦੇ ਲਈ ਸੱਤ ਸਾਲ ਜਾਂ ਉਸ ਤੋਂ ਘੱਟ ਜੇਲ੍ਹ ਦੀ ਸਜਾ ਹੋ ਸਕਦੀ ਹੈ। ਕਾਨੂੰਨ ਅਨੁਸਾਰ, ਕੋਈ ਵੀ ਦੋਸ਼ੀ ਚਾਰਜ ਫ੍ਰੇਮ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਪਲੀ ਬਾਰਗੇਨਿੰਗ ਲਈ ਅਪਲਾਈ ਕਰ ਸਕਦਾ ਹੈ, ਜਿਸ ਨਾਲ ਹੱਲ ਪ੍ਰਕ੍ਰਿਆ ਤੇਜ ਅਤੇ ਵੱਧ ਕੁਸ਼ਲ ਹੋ ਸਕੇਗੀ।

ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਇਹ ਨਿਯਮ ਕੋਰਟ ਨੂੰ ਇਹ ਅਧਿਕਾਰ ਦਿੰਦੇ ਹਨ ਕਿ ਉਹ ਪ੍ਰੋਸੀਕਿਊਸ਼ਨ ਅਤੇ ਦੋਸ਼ੀ ਨੂੰ ਨਿਆਇਕ ਨਿਗਰਾਨੀ ਵਿੱਚ ਆਪਸੀ ਸਹਿਮਤੀ ਨਾਲ ਇੱਕ ਸੰਤੋਸ਼ਜਨਕ ਸਮਝੌਤੇ 'ਤੇ ਪਹੁੰਚਣ ਦੇਣ, ਜਿਸ ਦੇ ਬਾਅਦ ਕੋਰਟ ਕਾਨੂੰਨ ਅਨੁਸਾਰ ਫੈਸਲਾ ਸੁਣਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਪੇਡੇਂਸੀ ਕੰਮ ਕਰਨ, ਬਹੁਤ ਵੱਧ ਕੇਸ ਲੋਡ ਨੂੰ ਘੱਟ ਕਰਨ ਅਤੇ ਨਿਆਇਕ ਅਤੇ ਪ੍ਰਸ਼ਾਸ਼ਨਿਕ ਰਿਸੋਰਸ ਦਾ ਬਿਹਤਰ ਇਸਤੇਮਾਲ ਕਰਨ ਲਈ ਅਜਿਹੇ ਉਪਾਅ ਜਰੂਰੀ ਹਨ, ਜੋ ਹੁਣੀ ਵੱਧਦੇ ਕੇਸ ਬੈਕਲਾਗ ਦੀ ਵਜ੍ਹਾ ਨਾਲ ਕਾਫੀ ਦਬਾਅ ਵਿੱਚ ਹਨ।ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਨੇ ਨਿਰਦੇਸ਼ ਦਿੱਤਾ ਹੈ ਕਿ ਹਰਿਆਣਾ ਦੇ ਸਾਰੇ ਜਿਲ੍ਹਿਆਂ ਅਵਿੱਚ ਇਨਵੇਸਟੀਗੇਸ਼ਨ ਆਫਿਸਰਸ, ਸੁਪਰਵਾਈਜਰੀ ਪੁਲਿਸ ਆਫਿਸਰਸ ਅਤੇ ਪ੍ਰੋਸੀਕਿਊਸ਼ਨ ਸਟਾਫ ਲਈ ਸਟ੍ਰਕਚਰਡ ਟ੍ਰੇਨਿੰਗ ਅਤੇ ਕੈਪੇਸਿਟੀ-ਬਿਲਡਿੰਗ ਪ੍ਰੋਗਰਾਮ ਆਰਗਨਾਇਜ ਕੀਤੇ ਜਾਣ। ਇਹ ਟ੍ਰੇਨਿੰਗ ਮਾਡੀਊਲ ਪਲੀ ਬਾਰਗੇਨਿੰਗ ਨਾਲ ਜੁੜੇ ਕਾਨੂੰਨੀ ਫ੍ਰੇਮਵਰਕ, ਪ੍ਰੋਸੈਸ ਨਾਲ ਜੁੜੀ ਜਰੂਰਤਾਂ ਅਤੇ ਨੈਤਿਕ ਸੁਰੱਖਿਆ ਉਪਾਆਂ 'ਤੇ ਫੋਕਸ ਕਰਣਗੇ, ਤਾਂ ਜੋ ਸਹੀ ਮਾਮਲਿਆਂ ਵਿੱਚ ਇਸ ਦਾ ਸਹੀ, ਇੱਕ ਵਰਗਾ ਅਤੇ ਕਾਨੂੰਨੀ ਇਸਤੇਮਾਲ ਪੱਕਾ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਸਹੀ ਸਟੇਜ 'ਤੇ ਸਹੀ ਮਾਮਲਿਆਂ ਦੀ ਪਹਿਚਾਣ ਕਰਨ ਅਤੇ ਨਿਰਪੱਖਤਾ ਜਾਂ ਡਿਊ ਪ੍ਰਕ੍ਰਿਆ ਨਾਲ ਸਮਝੌਤਾ ਕੀਤੇ ਬਿਨ੍ਹਾ ਪ੍ਰਕ੍ਰਿਆ ਨੂੰ ਗਾਇਡ ਕਰਨ ਲਈ ਸਹੀ ਸਿਖਲਾਈ ਬਹੁਤ ਜਰੂਰੀ ਹੈ।

ਡਾ. ਮਿਸ਼ਰਾ ਨੇ ਪੁਲਿਸ ਅਤੇ ਪ੍ਰੋਸੀਕਿਊਸ਼ਨ ਏਜੰਸੀਆਂ ਦੇ ਵਿੱਚ ਕਰੀਬੀ ਅਤੇ ਲਗਾਤਾਰ ਤਾਲਮੇਲ ਦੀ ਜਰੂਰਤ 'ਤੇ ਵੀ ਜੋਰ ਦਿੱਤਾ, ਤਾਂ ਜੋ ਨਿਯਮਾਂ ਨੂੰ ਬਿਨ੍ਹਾ ਕਿਸੇ ਰੁਕਾਵਟ ਦੇ ਲਾਗੂ ਕੀਤਾ ਜਾ ਸਕੇ। ਉਨ੍ਹਾਂ ਨੇ ਪ੍ਰੋਗ੍ਰੇਸ 'ਤੇ ਨਜ਼ਰ ਰੱਖਣ ਅਤੇ ਚਨੌਤੀਆਂ ਦਾ ਸਾਮਹਣਾ ਕਰਨ ਲਈ ਸਮੇਂ-ਸਮੇਂ 'ਤੇ ਰਵਿਊ ਅਤੇ ਅਸੇਸਮੈਂਟ ਮੀਟਿੰਗ ਕਰਨ ਨੂੰ ਕਿਹਾ ਅਤੇ ਦੋਹਰਾਇਆ ਕਿ ਸਮੇਂ 'ਤੇ ਫੈਸਲਾ ਨਿਆਂ ਦਿਵਾਉਣ ਲਈ ਬਹੁਤ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਪਲੀ ਬਾਰਗੇਨਿੰਗ ਦਾ ਪ੍ਰਭਾਵੀ ਇਸਤੇਮਾਲ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਲੋਕਾਂ ਦਾ ਭਰੋਸਾ ਕਾਫੀ ਵਧਾ ਸਕਦਾ ਹੈ, ਨਾਲ ਹੀ ਤੇਜੀ ਨਾਲ ਟ੍ਰਾਇਲ ਦੀ ਸੰਵੈਧਾਨਿਕ ਗਾਰੰਟੀ ਵੀ ਬਣੀ ਰਹੇਗੀ।

# ਪੰਜਾਬ ਅਤੇ ਹਰਿਆਣਾ ਵਿੱਚ ਸੰਘਣੀ ਧੁੰਦ ਅਤੇ ਸੀਤ ਲਹਿਰਾਂ ਦਾ ਕਹਿਰ ਜਾਰੀ



**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹਰਿਆਣਾ ਸਮੇਤ ਪੂਰੇ ਉੱਤਰ ਭਾਰਤ ਵਿੱਚ ਲੋੜੀ ਵਾਲੀ ਰਾਤ ਨੂੰ ਸੰਘਣੀ ਧੁੰਦ ਅਤੇ ਸੀਤ ਲਹਿਰਾਂ ਨੇ ਆਮ ਜਨ ਜੀਵਨ ਪ੍ਰਭਾਵਿਤ ਕੀਤਾ। ਇਸ ਦੌਰਾਨ ਸੜਕਾਂ 'ਤੇ ਵਧੇਰੇ ਸੰਘਣੇ ਧੁੰਦ ਹੋਣ ਕਰਕੇ ਦੂਰ ਤੱਕ ਦੇਖਣ ਦੀ ਹੱਦ ਨਾ ਬਰਾਬਰ ਹੀ ਦਰਜ ਕੀਤੀ ਗਈ, ਜਿਸ ਕਰਕੇ ਲੋਕਾਂ ਨੂੰ ਵਾਹਨ ਚਲਾਉਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਚੱਲ ਰਹੀਆਂ ਸੀਤ ਲਹਿਰਾਂ ਨੇ ਆਮ ਲੋਕਾਂ ਨੂੰ ਵੀ ਸਵੇਰ ਸਮੇਂ ਕੰਬਣੀ ਛੇੜੀ ਰੱਖੀ।

ਪੰਜਾਬ ਵਿੱਚ ਅੱਜ ਬਠਿੰਡਾ ਅਤੇ ਫਰੀਦਕੋਟ ਸ਼ਹਿਰ ਸਭ ਤੋਂ ਠੰਢੇ ਰਹੇ। ਦੋਵਾਂ ਸ਼ਹਿਰਾਂ ਵਿੱਚ ਘੱਟੋ ਘੱਟ ਤਾਪਮਾਨ 3.2 ਡਿਗਰੀ ਸੈਲਸੀਅਸ ਦਰਜ ਕੀਤਾ ਹੈ ਜਦੋਂ ਕਿ ਦੂਜੇ ਪਾਸੇ ਹਰਿਆਣਾ ਵਿੱਚ ਸੋਨੀਪਤ ਸ਼ਹਿਰ ਸਭ ਤੋਂ ਠੰਢਾ ਰਿਹਾ ਹੈ। ਸੋਨੀਪਤ ਵਿੱਚ ਘੱਟੋ ਘੱਟ ਤਾਪਮਾਨ 0.4 ਡਿਗਰੀ ਸੈਲਸੀਅਸ ਦਰਜ ਕੀਤਾ ਹੈ।

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਚੰਡੀਗੜ੍ਹ ਵਿੱਚ ਘੱਟੋ ਘੱਟ ਤਾਪਮਾਨ 3.8 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 4.3 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 5.4 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 4.4 ਡਿਗਰੀ ਸੈਲਸੀਅਸ, ਗੁਰਦਾਸਪੁਰ ਵਿੱਚ 3.5 ਡਿਗਰੀ ਸੈਲਸੀਅਸ, ਨਵਾਂ ਸ਼ਹਿਰ ਵਿੱਚ 4.5 ਡਿਗਰੀ ਸੈਲਸੀਅਸ, ਹੁਸ਼ਿਆਰਪੁਰ ਵਿੱਚ 5.6 ਡਿਗਰੀ ਸੈਲਸੀਅਸ, ਮਾਨਸਾ ਵਿੱਚ 5.4 ਡਿਗਰੀ ਸੈਲਸੀਅਸ ਅਤੇ ਰੋਪੜ ਵਿੱਚ ਪੰਜ ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਹੈ।

ਗੁਆਂਢੀ ਸੂਬੇ ਹਰਿਆਣਾ ਦੇ ਅੰਬਾਲਾ ਵਿੱਚ ਘੱਟੋ ਘੱਟ ਤਾਪਮਾਨ 4.9 ਡਿਗਰੀ ਸੈਲਸੀਅਸ, ਹਿਸਾਰ ਵਿੱਚ 0.5 ਡਿਗਰੀ ਸੈਲਸੀਅਸ, ਕਰਨਾਲ ਵਿੱਚ 3.6 ਡਿਗਰੀ ਸੈਲਸੀਅਸ, ਮਹਿੰਦਰਗੜ੍ਹ ਵਿੱਚ ਇੱਕ ਡਿਗਰੀ ਸੈਲਸੀਅਸ, ਰੋਹਤਕ ਵਿੱਚ 3.6 ਡਿਗਰੀ ਸੈਲਸੀਅਸ, ਭਿਵਾਨੀ ਵਿੱਚ 1.2 ਡਿਗਰੀ ਸੈਲਸੀਅਸ, ਫਰੀਦਾਬਾਦ ਵਿੱਚ 4.3 ਡਿਗਰੀ ਸੈਲਸੀਅਸ, ਗੁਰੂਗ੍ਰਾਮ ਵਿਚ 0.8 ਡਿਗਰੀ ਸੈਲਸੀਅਸ, ਜੀਂਦ ਵਿੱਚ 3.1 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ। ਇਹ ਤਾਪਮਾਨ ਇੱਕ ਤੋਂ ਤਿੰਨ ਡਿਗਰੀ ਸੈਲਸੀਅਸ ਤੱਕ ਆਮ ਨਾਲੋਂ ਘੱਟ ਦਰਜ ਕੀਤਾ ਗਿਆ।

# ਬਾਗਬਾਨੀ, ਮਧੂਮੱਖੀ ਪਾਲਣ ਅਤੇ ਸਰੰਖਿਤ ਖੇਤੀ ਵਿੱਚ ਹਰਿਆਣਾ ਦੇਸ਼ ਵਿੱਚ ਮੋਹਰੀ : ਖੇਤੀਬਾੜੀ ਮੰਤਰੀ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਬਾਗਬਾਨੀ, ਮਧੂਮੱਖੀ ਪਾਲਣ ਅਤੇ ਟਿਕਾਊ ਖੇਤੀ ਦੇ ਖੇਤਰ ਵਿੱਚ ਨਵੀਂ ਮਿਸਾਲ ਕਾਇਮ ਕੀਤੀ ਹੈ। ਹਰਿਆਣਾ ਮਧੂਮੱਖੀ ਪਾਲਣ ਨੀਤੀ ਨੂੰ ਅਪਨਾਉਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਇਸ ਨੀਤੀ ਦੇ ਪ੍ਰਭਾਵੀ ਲਾਗੂ ਕਰਨ ਨਾਲ ਰਾਜ ਵਿੱਚ ਸ਼ਹਿਦ ਉਤਪਾਦਨ ਨੂੰ ਪ੍ਰੋਤਸਾਹਨ ਮਿਲਿਆ ਹੈ।

ਖੇਤੀਬਾੜੀ ਮੰਤਰੀ ਅੱਜ ਇੱਥੇ ਬਾਗਬਾਨੀ ਵਿਭਾਗ ਨਾਲ ਸਬੰਧਿਤ ਪ੍ਰੀ-ਬਜਟ ਕੰਸਲਟੇਂਸ਼ਨ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੇ ਪਿਛਲੇ ਸਾਲ ਦੇ ਬਜਟ ਵਿੱਚ ਬਾਗਬਾਨੀ ਵਿਭਾਗ ਨੂੰ ਅਲਾਟ ਬਜਟ ਦੇ ਖਰਚ ਬਾਬਤ ਵਿਸਤਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਕਿਸਾਨਾਂ ਦੀ ਆਮਦਨੀ ਨੂੰ ਵਧਾਉਣ ਲਈ ਯਤਨਸ਼ੀਲ ਹੈ, ਕਿਸਾਨ-ਹਿੱਤ ਵਿੱਚ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।

ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਮੀਟਿੰਗ ਦੇ ਬਾਅਦ ਦਸਿਆ ਕਿ ਮਧੂਮੱਖੀ ਪਾਲਣ ਨੂੰ ਵਿਗਿਆਨਕ ਅਤੇ ਵਪਾਰਕ ਰੂਪ ਦੇਣ ਦੇ ਉਦੇਸ਼ ਨਾਲ ਰਾਮਨਗਰ ਵਿੱਚ ਏਕੀਕ੍ਰਿਤ ਮਧੂਮੱਖੀ ਪਾਲਣ ਵਿਕਾਸ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਇਸ ਕੇਂਦਰ ਰਾਹੀਂ ਮਧੂਮੱਖੀ ਬਕਸਿਆਂ ਦੀ ਖਰੀਦ 'ਤੇ 85 ਫੀਸਦੀ ਤੱਕ ਗ੍ਰਾਂਟ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਸ਼ਹਿਦ ਪ੍ਰੋਸੈਸਿੰਗ, ਬੋਤਲਿੰਗ ਅਤੇ ਸ਼ਹਿਦ ਗੁਣਵੱਤਾ ਜਾਂਚ 'ਤੇ 75 ਫੀਸਦੀ ਤੱਕ ਸਬਸਿਡੀ ਉਪਲਬਧ ਕਰਾਈ ਜਾ ਰਹੀ ਹੈ।

ਉਨ੍ਹਾਂ ਨੇ ਦਸਿਆ ਕਿ ਬਾਗਬਾਨੀ ਖੇਤਰ ਵਿੱਚ ਨਵੀਨਤਮ ਤਕਨੀਕਾਂ ਦੇ ਪ੍ਰਦਰਸ਼ਨ ਤਹਿਤ ਐਕਸੀਲੈਂਸ ਕੇਂਦਰਾਂ ਦੀ ਸਥਾਪਨਾ ਵਿੱਚ ਵੀ ਹਰਿਆਣਾ ਦੇਸ਼ ਵਿੱਚ ਮੋਹਰੀ ਹੈ। ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ 9 ਐਕਸੀਲੈਂਸ ਸੈਂਟਰ ਸਥਾਪਿਤ ਕੀਤੇ ਜਾ ਚੁੱਕੇ ਹਨ, ਜਦੋਂ ਕਿ 3 ਨਵੇਂ ਐਕਸੀਲੈਂਸ ਸੈਂਟਰਾਂ 'ਤੇ ਕੰਮ ਪ੍ਰਗਤੀ 'ਤੇ ਹੈ। ਇੰਨ੍ਹਾਂ ਕੇਂਦਰਾਂ ਰਾਹੀਂ ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲੀ ਪੌਧ ਸਮੱਗਰੀ ਅਤੇ ਆਧੁਨਿਕ ਤਕਨੀਕਾਂ ਦੀ ਜਾਣਕਾਰੀ ਉਪਲਬਧ ਕਰਾਈ ਜਾ ਰਹੀ ਹੈ।

ਰਾਜ ਵਿੱਚ ਘੱਟ ਲਾਗਤ ਵਾਲੀ ਵਰਟੀਕਲ ਖੇਤੀ ਨੂੰ ਵੱਡੇ ਪੈਮਾਨੇ 'ਤੇ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ 18,630 ਏਕੜ ਖੇਤਰ ਵਿੱਓ ਉਨੱਤ ਤਕਨੀਕਾਂ ਰਾਹੀਂ ਸਬਜੀ ਉਤਪਾਦਨ ਨੂੰ ਪ੍ਰੋਤਸਾਹਨ ਦਿੱਤਾ ਗਿਆ ਹੈ। ਸਰੰਖਿਤ ਖੇਤੀ ਅਪਨਾਉਣ ਵਾਲੇ ਕਿਸਾਨਾਂ ਨੂੰ 50 ਤੋਂ 85 ਫੀਸਦੀ ਤੱਕ ਗ੍ਰਾਂਟ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

ਸਰੰਖਿਤ ਖੇਤੀ ਅਤੇ ਉਨੱਤ ਤਕਨੀਕਾਂ ਦੀ ਵਰਤੋ ਵਿੱਚ ਵੀ ਹਰਿਆਣਾ ਮੋਹਰੀ ਸੂਬਾ ਬਣ ਕੇ ਉਭਰਿਆ ਹੈ। ਇੰਨ੍ਹਾਂ ਤਕਨੀਕਾਂ ਨਾਲ ਕਿਸਾਨਾਂ ਦੀ ਉਪਜ ਵਿੱਚ 2 ਤੋਂ 3 ਗੁਣਾ ਤੱਕ ਵਾਧਾ ਦਰਜ ਕੀਤਾ ਗਿਆ ਹੈ ਅਤੇ ਕਿਸਾਨਾਂ ਦੀ ਆਮਦਨੀ ਕਈ ਗੁਣਾ ਵਧੀ ਹੈ।

ਇਸ ਤੋਂ ਇਲਾਵਾ, ਹਰਿਆਣਾ ਭਾਵਾਂਤਰ ਭਰਪਾਈ ਯੋਜਨਾ ਲਾਗੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ। ਮੌਜੂਦਾ ਵਿੱਚ ਇਸ ਯੋਜਨਾ ਤਹਿਤ 21 ਫੱਲਾਂ ਅਤੇ ਸਬਜੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਇੰਨ੍ਹਾਂ ਦੂਰਦਰਸ਼ੀ ਕਿਸਾਨ ਹਿਤੈਸ਼ੀ ਨੀਤੀਆਂ ਰਾਹੀਂ ਹਰਿਆਣਾ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ, ਖੇਤੀਬਾੜੀ ਨੂੰ ਲਾਭਕਾਰੀ ਬਨਾਉਣ ਅਤੇ ਰਾਜ ਨੂੰ ਖੇਤੀਬਾੜੀ ਨਵਾਚਾਰ ਦਾ ਕੇਂਦਰ ਬਨਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ।

# ਖੇਡ ਰਾਜ ਮੰਤਰੀ ਗੌਰਵ ਗੌਤਮ ਨੇ ਪਲਵਲ-ਪ੍ਰਯਾਗਰਾਜ ਸਪੈਸ਼ਲ ਬੱਸ ਨੂੰ ਦਿਖਾਈ ਹਰੀ ਝੰਡੀ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਸ਼ਰਧਾਲੂਆਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਮੰਗਲਵਾਰ ਨੂੰ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ 15 ਫਰਵਰੀ ਮਹਾਸ਼ਿਵਰਾਤਰੀ ਦੇ ਪਵਿੱਤਰ ਪੁਰਬ ਤੱਕ ਆਯੋਜਿਤ ਕੀਤੇ ਜਾ ਰਹੇ ਮਾਘੀ ਮੇਲੇ ਲਈ ਪਲਵਲ ਤੋਂ ਪ੍ਰਯਾਗਰਾਜ ਤੱਕ ਸਪੈਸ਼ਲ ਬੱਸ ਨੂੰ ਪਲਵਲ ਬੱਸ ਅੱਡੇ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਪਲਵਲ ਤੋਂ ਪ੍ਰਯਾਗਰਾਜ ਤੱਕ ਸਿੱਧੀ ਬੱਸ ਸਹੂਲਤ ਮਿਲਣ ਨਾਲ ਸ਼ਰਧਾਲੂਆਂ ਨੂੰ ਲਾਭ ਹੋਵੇਗਾ ਅਤੇ ਉਹ ਬਿਨ੍ਹਾ ਕਿਸੇ ਪਰੇਸ਼ਾਨੀ ਦੇ ਮਾਘੀ ਮੇਲਾ ਦਰਸ਼ਨ ਅਤੇ ਇਸ਼ਨਾਲ ਦਾ ਲਾਭ ਚੁੱਕ ਸਕਣਗੇ। ਪ੍ਰਯਾਗਰਾਜ ਵਿੱਚ 15 ਫਰਵਰੀ ਤੱਕ ਆਯੋਜਿਕ ਕੀਤੇ ੧ਾ ਰਹੇ ਮਾਘੀ ਮੇਲੇ ਦੌਰਾਨ ਕਈ ਪ੍ਰਮੁੱਖ ਇਸ਼ਨਾਨ ਪੁਰਬ ਅਤੇ ਧਾਰਮਿਕ ਆਯੋਜਨ ਹੋਣਗੇ। ਉਨ੍ਹਾਂ ਨੇ ਕਿਹਾ ਕਿ ਮਾਘੀ ਮੇਲਾ ਸਦੀਆਂ ਤੋਂ ਸ਼ਰਧਾਲੂਆਂ ਦੀ ਆਸਥਾ, ਸ਼ਰਧਾ ਅਤੇ ਸਮਾਜਿਕ ਭਾਈਚਾਰੇ ਦਾ ਕੇਂਦਰ ਰਿਹਾ ਹੈ।

ਖੇਡ ਰਾਜ ਮੰਤਰੀ ਨੇ ਮਾਘੀ ਮੇਲਾ ਸਿਰਫ ਇੱਕ ਧਾਰਮਿਕ ਆਯੋਜਨ ਨਹੀਂ, ਸਗੋ ਸਾਡੀ ਸਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਪ੍ਰਤੀਕ ਹੈ। ਅਜਿਹੇ ਪਵਿੱਤਰ ਮੌਕੇ 'ਤੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਪਰਿਵਾਰ ਦੇ ਨਾਲ ਪ੍ਰਯਾਗਰਾਜ ਪਹੁੰਚ ਕੇ ਗੰਗਾ, ਯਮੁਨਾ ਅਤੇ ਸਰਸਵਤੀ ਦੇ ਸੰਗਮ ਵਿੱਚ ਪਵਿੱਤਰ ਇਸ਼ਨਾਨ ਦਾ ਲਾਭ ਜਰੂਰ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਦਸਿਆ ਕਿ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਮਾਘੀ ਮੇਲਾ ਖੇਤਰ ਵਿੱਚ ਸੁਰੱਖਿਆ, ਸਵੱਛਤਾ, ਆਵਾਜਾਈ, ਸਿਹਤ ਸੇਵਾਵਾਂ ਅਤੇ ਰਿਹਾਇਸ਼ ਦੀ ਬਿਤਹਰ ਵਿਵਸਥਾਵਾਂ ਕੀਤੀਆਂ ਗਈਆਂ ਹਨ, ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਤਰ੍ਹਾ ਦੀ ਅਸਹੂਲਤ ਨਾ ਹੋਵੇ। ਉਨ੍ਹਾਂ ਨੇ ਕਿਹਾ ਕਿ ਅਜਿਹੇ ਧਾਰਮਿਕ ਆਯੋਜਨ ਸਾਡੀ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਦੇ ਹਨ।

ਉਨ੍ਹਾਂ ਨੇ ਦਸਿਆ ਕਿ ਮਾਘੀ ਮੇਲਾ ਦਾ ਸਮਾਪਨ ਤੱਕ ਇਹ ਸਪੈਸ਼ਲ ਬੱਸ ਪਲਵਲ ਅੱਡੇ ਤੋਂ ਰੋਜ਼ਾਨ ਸਵੇਰੇ 8 ਵਜੇ ਮਥੁਰਾ, ਆਗਰਾ, ਇਟਾਵਾ, ਕਾਨਪੁਰ, ਫਤਿਹਪੁਰ ਹੁੰਦੇ ਹੋਏ ਲਗਭਗ 645 ਕਿਲੋਮੀਟਰ ਦਾ ਸਫਰ ਤੈਅ ਕਰ ਕੇ ਰਾਤ ਲਗਭਗ 8 ਵਜੇ ਪ੍ਰਯਾਗਰਾਜ ਪਹੁੰਚੇਗੀ। ਸੰਗਮ ਸਥਾਨ ਪ੍ਰਯਾਗਰਾਜ ਤੋਂ ਸਪੈਸ਼ਲ ਬੱਸ ਵਾਪਸੀ ਦਾ ਸਮੇਂ ਸ਼ਾਮ 5 ਵਜੇ ਰਹੇਗਾ ਜੋ ਲਗਭਗ ਸਵੇਰੇ 5 ਵਜੇ ਪਲਵਲ ਪਹੁੰਚੇਗੀ।

# ਡੇਰਾ ਬਾਬਾ ਨਾਨਕ, ਨੰਗਲ, ਬਰਨਾਲਾ ਅਤੇ ਨਾਭਾ ਦੇ ਮਾਸਟਰ ਪਲਾਨ ਮਨਜ਼ੂਰ



**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਯੋਜਨਾਬੱਧ ਵਿਕਾਸ ਨੂੰ ਯਕੀਨੀ ਬਣਾਉਣ ਦੇ ਯਤਨਾਂ ਤਹਿਤ ਪੰਜਾਬ ਖੇਤਰੀ ਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਬੋਰਡ ਦੀ ਉੱਚ-ਪੱਧਰੀ ਮੀਟਿੰਗ ਅੱਜ ਇੱਥੇ ਪੰਜਾਬ ਭਵਨ ਵਿਖੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ, ਵਾਈਸ ਚੇਅਰਮੈਨ, ਪੀ.ਆਰ.ਟੀ.ਪੀ.ਡੀ ਬੋਰਡ-ਕਮ-ਮੰਤਰੀ ਇੰਚਾਰਜ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਸਥਾਨਕ ਸਰਕਾਰਾਂ, ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਬਿਜਲੀ ਵਿਭਾਗ ਦੇ ਮੰਤਰੀ ਇੰਚਾਰਜ ਸ੍ਰੀ ਸੰਜੀਵ ਅਰੋੜਾ ਨੇ ਸ਼ਿਰਕਤ ਕੀਤੀ ਅਤੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਇੰਚਾਰਜ ਸ੍ਰੀ ਹਰਭਜਨ ਸਿੰਘ ਅਤੇ ਹੋਰਨਾਂ ਅਧਿਕਾਰੀਆਂ ਨੇ ਆਨਲਾਈਨ ਵਿਧੀ ਰਾਹੀਂ ਮੀਟਿੰਗ ਵਿੱਚ ਹਿੱਸਾ ਲਿਆ। ਬੋਰਡ ਨੇ ਸੂਬੇ ਭਰ ਵਿੱਚ ਯੋਜਨਾਬੱਧ ਸ਼ਹਿਰੀਕਰਨ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮੁੱਖ ਏਜੰਡਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।

ਇਸ ਦੌਰਾਨ ਪੀ.ਆਰ.ਟੀ.ਪੀ.ਡੀ. ਬੋਰਡ ਨੇ ਡੇਰਾ ਬਾਬਾ ਨਾਨਕ, ਨੰਗਲ, ਬਰਨਾਲਾ ਅਤੇ ਨਾਭਾ ਦੇ ਨਵੇਂ ਮਾਸਟਰ ਪਲਾਨਾਂ ਨੂੰ ਪ੍ਰਵਾਨਗੀ ਦਿੱਤੀ। ਇਨ੍ਹਾਂ ਪ੍ਰਵਾਨਗੀਆਂ ਰਾਹੀਂ ਸਬੰਧਤ ਖੇਤਰਾਂ ਦੇ ਯੋਜਨਾਬੱਧ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਸਥਾਪਤ ਕੀਤੇ ਜਾਣ ਵਾਲੇ ਨਵੇਂ ਉਦਯੋਗਿਕ ਹੱਬਾਂ ਅਤੇ ਰਿਹਾਇਸ਼ੀ ਟਾਊਨਸ਼ਿਪਾਂ ਰਾਹੀਂ ਨਿਵੇਸ਼ ਦੇ ਨਵੇਂ ਰਾਹ ਖੁੱਲ੍ਹਣਗੇ, ਜਿਸ ਨਾਲ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਨਾਗਰਿਕ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿੱਚ ਸੁਧਾਰ ਹੋਵੇਗਾ।

ਬੋਰਡ ਨੇ ਸੁਰੱਖਿਆ, ਯੋਜਨਾਬੱਧ ਸੜਕ ਵਿਸਥਾਰ ਅਤੇ ਟਿਕਾਊ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਵੱਖ-ਵੱਖ ਮਾਸਟਰ ਪਲਾਨਾਂ ਅਤੇ ਯੂਨੀਫਾਈਡ ਜ਼ੋਨਿੰਗ ਰੈਗੂਲੇਸ਼ਨਸ, ਖ਼ਾਸ ਕਰਕੇ ਨਿਰਧਾਰਤ ਸੜਕਾਂ ਦੇ ਨਾਲ-ਨਾਲ ਨੋ-ਕੰਸਟ੍ਰਕਸ਼ਨ ਜ਼ੋਨ ਸਬੰਧੀ ਸੋਧਾਂ ਸਮੇਤ ਹੋਰ ਮਹੱਤਵਪੂਰਨ ਏਜੰਡਿਆਂ ਨੂੰ ਵੀ ਪ੍ਰਵਾਨਗੀ ਦਿੱਤੀ।

ਮੀਟਿੰਗ ਵਿੱਚ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਸਕੱਤਰ ਸ੍ਰੀ ਵਿਕਾਸ ਗਰਗ, ਪੇਂਡੂ ਵਿਕਾਸ ਅਤੇ ਪੰਚਾਇਤ ਸਕੱਤਰ ਸ੍ਰੀ ਅਜੀਤ ਬਾਲਾ ਜੀ ਜੋਸ਼ੀ, ਸਥਾਨਕ ਸਰਕਾਰਾਂ ਸਕੱਤਰ ਸ੍ਰੀ ਮਨਜੀਤ ਸਿੰਘ ਬਰਾੜ, ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੇ ਸਕੱਤਰ ਸ੍ਰੀਮਤੀ ਸੋਨਾਲੀ ਗਿਰਿ ਅਤੇ ਮੈਂਬਰ ਵਿਭਾਗਾਂ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ।

# ਕੁਦਰਤੀ ਖੇਤੀ ਸਭਨਾਂ ਲਈ ਵਰਦਾਨ: ਕਰਮ ਚੰਦ

**ਜੀਂਦ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਮੇਟੀ ਜੀਂਦ ਦੇ ਨਿਦੇਸ਼ਕ ਡਾ. ਕਰਮ ਚੰਦ ਨੇ ਕਿਹਾ ਕਿ ਕੁਦਰਤੀ ਖੇਤੀ ਨਾਲ ਕਿਸਾਨਾਂ ਦੇ ਲਾਗਤ ਖ਼ਰਚੇ ਘਟਦੇ ਹਨ ਅਤੇ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ। ਇਸ ਨਾਲ ਲੋਕਾਂ ਨੂੰ ਰਸਾਇਣ ਮੁਕਤ ਭੋਜਨ ਮਿਲਦਾ ਹੈ। ਸ੍ਰੀ ਚੰਦ ਨੇ ਕਿਹਾ ਕਿ ਕੁਦਰਤੀ ਖੇਤੀ ਨਾਲ ਹਵਾ ਪ੍ਰਦੂਸ਼ਣ ਵੀ ਨਹੀਂ ਹੁੰਦਾ।

ਪ੍ਰਾਕ੍ਰਿਤਕ ਖੇਤੀ ਤੋਂ ਪ੍ਰਾਕਿਰਤੀ ਦਾ ਹਰ ਜੀਵ ਸੁੱਖਿਅਤ ਰਹਿੰਦਾ ਹੈ, ਹਵਾ ਅਤੇ ਪਾਣੀ ਪ੍ਰਦੂਸ਼ਣ ਵੀ ਘੱਟ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਕਿਸਾਨ, ਗਾਹਕ ਅਤੇ ਵਾਤਾਵਰਨ ਤਿੰਨਾਂ ਲਈ ਵਰਦਾਨ ਹੈ। ਡਾ. ਕਰਮ ਚੰਦ ਅੱਜ ਪਿੰਡ ਅਹੀਰਕਾ ਵਿੱਚ ਐੱਸ ਐਂਡ ਐੱਸ ਆਰਗੈਨਿਕ ਫਾਰਮ 'ਤੇ ਕੁਦਰਤੀ ਖੇਤੀ ਬਾਰੇ ਕਰਵਾਏ ਇੱਕ ਰੋਜ਼ਾ ਸਿਖਲਾਈ ਪ੍ਰੋਗਰਾਮ ਵਿੱਚ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਨੇ ਕਿਹਾ ਕਿ ਰਸਾਇਣਕ ਖੇਤੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਵੱਧ ਕੀਤੀ ਜਾਂਦੀ ਹੈ। ਇਸ ਕਾਰਨ ਜ਼ਹਿਰਾਂ ਨਾ ਮਿੱਟੀ ਵਿੱਚ ਮੌਜੂਦ ਲਾਭਕਾਰੀ ਜੀਵਾਣੂਆਂ ਨੂੰ ਮਾਰ ਦਿੱਤਾ ਹੈ। ਇਸ ਕਾਰਨ ਮਿੱਟੀ ਦੀ ਉਪਜਾਊ ਸ਼ਕਤੀ ਘਟ ਗਈ ਹੈ। ਇਸ ਕਾਰਨ ਕਿਸਾਨਾਂ ਨੂੰ ਫ਼ਸਲਾਂ ਦਾ ਸਹੀ ਝਾੜ ਲੈਣ ਲਈ ਯੂਰੀਆ ਅਤੇ ਹੋਰ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈ ਰਹੀ ਹੈ। ਇਸ ਨਾਲ ਕਿਸਾਨਾਂ ਦਾ ਖੇਤੀ ਵਿੱਚ ਖ਼ਰਚਾ ਬਹੁਤ ਵਧ ਗਿਆ ਹੈ।

ਫ਼ਸਲਾਂ ਵਿੱਚ ਵੀ ਜ਼ਹਿਰੀਲੇ ਰਸਾਇਣ ਦੀ ਮਾਤਰਾ ਲਗਾਤਾਰ ਵਧ ਰਹੀ ਹੈ, ਜਿਸ ਤੋਂ ਮਨੁੱਖ ਅਤੇ ਪਸ਼ੂਆਂ ਦੋਵਾਂ ਵਿੱਚ ਭਿਆਨਕ ਬਿਮਾਰੀਆਂ ਵਧ ਰਹੀਆਂ ਹਨ। ਡਾ. ਕਰਮ ਚੰਦ ਨੇ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਜਾਂ ਦੋ ਏਕੜ ਵਿੱਚ ਕੁਦਰਤੀ ਖੇਤੀ ਦੀ ਸ਼ੁਰੂਆਤ ਜ਼ਰੂਰ ਕਰਨ ਤਾਂ ਕਿ ਉਹ ਅਪਣੇ ਪਰਿਵਾਰ ਅਤੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾ ਸਕਣ।

ਇਸ ਮੌਕੇ ਹਮੇਟੀ ਦੇ ਕੁਦਰਤੀ ਖੇਤੀ ਟ੍ਰੇਨਰ ਤੇ ਐੱਸ ਐਂਡ ਐੱਸ ਆਰਗੈਨਿਕ ਫਾਰਮ ਦੇ ਕਿਸਾਨ ਡਾ. ਸੁਭਾਸ਼ ਚੰਦਰ ਨੇ ਕਿਸਾਨਾਂ ਨੂੰ ਫੇਰੋਮੋਨ ਟ੍ਰੈਪ ਤੇ ਪੀਲੇ ਚਿਪਚਿਪੇ ਕਾਰਡਾਂ ਦੀ ਮਦਦ ਨਾਲ ਗ਼ੈਰ-ਰਸਾਇਣਕ ਤਰੀਕੇ ਨਾਲ ਕੀਟ ਕੰਟਰੋਲ ਕਰਨ ਬਾਰੇ ਸਿਖਲਾਈ ਦਿੱਤੀ। ਇਸ ਮੌਕੇ ਹਮੇਟੀ ਵਿੱਚ ਡਿਪਲੋਮਾ ਕਰ ਰਹੇ ਸਿਖਿਆਰਥੀਆਂ ਨੇ ਵੀ ਫੈਸਿਲੀਟੇਟਰ ਡਾ. ਅਜੀਤ ਸਿੰਘ ਖਰਬ ਦੀ ਅਗਵਾਈ ਹੇਠ ਪ੍ਰੋਗਰਾਮ ਵਿੱਚ ਹਿੱਸਾ ਲਿਆ।

# ਚੰਡੀਗੜ੍ਹ ਪਹਾੜਾਂ ਦੀ ਰਾਣੀ 'ਸ਼ਿਮਲਾ' ਨਾਲੋਂ ਠੰਢਾ



**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਿਚ ਸੋਮਵਾਰ ਤੇ ਮੰਗਲਵਾਰ ਦੀ ਦਰਮਿਆਨੀ ਰਾਤ ਪਿਛਲੇ ਨੌਂ ਸਾਲਾਂ ਵਿੱਚ ਸਭ ਤੋਂ ਠੰਢੀ ਰਹੀ। ਚੰਡੀਗੜ੍ਹ ਵਿਚ ਘੱਟੋ-ਘੱਟ ਤਾਪਮਾਨ 2.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਸ਼ਿਮਲਾ ਦੇ ਘੱਟੋ-ਘੱਟ ਤਾਪਮਾਨ 6.6 ਡਿਗਰੀ ਸੈਲਸੀਅਸ ਅਤੇ ਪਹਾੜੀਆਂ ਦੀ ਰਾਣੀ ਵਿੱਚ ਵੱਧ ਤੋਂ ਵੱਧ ਤਾਪਮਾਨ 14.6 ਡਿਗਰੀ ਸੈਲਸੀਅਸ ਤੋਂ ਕਾਫ਼ੀ ਹੇਠਾਂ ਸੀ।

ਸੰਘਣੀ ਤੋਂ ਬਹੁਤ ਸੰਘਣੀ ਧੁੰਦ ਨੇ ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ ਦੇ ਟ੍ਰਾਈਸਿਟੀ ਖੇਤਰ ਨੂੰ ਢਕ ਲਿਆ। ਮੰਗਲਵਾਰ ਨੂੰ ਜ਼ਿਆਦਾਤਰ ਬੱਦਲਵਾਈ ਰਹੀ ਤੇ ਅਸਮਾਨ ਹੇਠ ਸੂਰਜ ਥੋੜ੍ਹੇ ਸਮੇਂ ਲਈ ਝਾਤ ਮਾਰਦਾ ਰਿਹਾ। ਭਾਰਤੀ ਮੌਸਮ ਵਿਭਾਗ (9$4) ਦੇ ਬੁਲਿਟਨ ਮੁਤਾਬਕ ਚੰਡੀਗੜ੍ਹ ਦਾ ਵੱਧ ਤੋਂ ਵੱਧ ਤਾਪਮਾਨ 15.2 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ, ਜਿਸ ਵਿੱਚ ਘੱਟੋ-ਘੱਟ ਨਮੀ 65 ਫੀਸਦ ਅਤੇ ਵੱਧ ਤੋਂ ਵੱਧ 94 ਫੀਸਦ ਸੀ।

▾ਮੌਸਮ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ 11 ਜਨਵਰੀ, 2017 ਨੂੰ 2.4 ਡਿਗਰੀ ਅਤੇ 24 ਜਨਵਰੀ, 2016 ਨੂੰ 2.1 ਡਿਗਰੀ ਸੀ। ਮੌਸਮ ਵਿਭਾਗ ਨੇ ਬੁੱਧਵਾਰ ਲਈ ਸੰਤਰੀ ਚੇਤਾਵਨੀ ਜਾਰੀ ਕਰਦਿਆਂ ਪੂਰੇ ਖੇਤਰ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਅਤੇ ਸੀਤ ਲਹਿਰ ਦੀ ਪੇਸ਼ੀਨਗੋਈ ਕੀਤੀ ਹੈ। ਵਿਭਾਗ ਨੇ ਸੋਮਵਾਰ ਤੱਕ ਅਗਲੇ ਪੰਜ ਦਿਨ ਸੰਘਣੀ ਧੁੰਦ ਲਈ ਪੀਲੀ ਚੇਤਾਵਨੀ ਦਿੱਤੀ ਹੈ।

ਮੌਸਮ ਮਾਹਿਰਾਂ ਮੁਤਾਬਕ ਟ੍ਰਾਈਸਿਟੀ ਵਿਚ ਸੰਘਣੀ ਧੁੰਦ ਦੇ ਨਾਲ ਆਸਮਾਨ ਵਿੱਚ ਜ਼ਿਆਦਾਤਰ ਬੱਦਲਵਾਈ ਰਹੇਗੀ, ਵੱਧ ਤੋਂ ਵੱਧ ਤਾਪਮਾਨ 14 ਡਿਗਰੀ ਤੋਂ ਸ਼ੁਰੂ ਹੋ ਕੇ 18 ਡਿਗਰੀ ਤੱਕ ਅਤੇ ਘੱਟੋ-ਘੱਟ ਤਾਪਮਾਨ 5 ਡਿਗਰੀ ਤੋਂ 10 ਡਿਗਰੀ ਤੱਕ ਰਹੇਗਾ, ਜਿਸ ਨਾਲ ਐਤਵਾਰ ਅਤੇ ਸੋਮਵਾਰ ਨੂੰ ਵੱਖ-ਵੱਖ ਥਾਵਾਂ 'ਤੇ ਹਲਕੇ ਮੀਂਹ ਤੋਂ ਇਲਾਵਾ ਮੌਸਮ ਖੁਸ਼ਕ ਰਹੇਗਾ। ਪੰਜਾਬ ਅਤੇ ਹਰਿਆਣਾ ਵਿੱਚ ਕਈ ਥਾਵਾਂ 'ਤੇ ਸ਼ੀਤ ਲਹਿਰ ਦੀ ਸਥਿਤੀ ਬਣੀ ਰਹੀ, ਕੁੱਲ ਮਿਲਾ ਕੇ ਮੌਸਮ ਖੁਸ਼ਕ ਰਿਹਾ ਅਤੇ ਚੰਡੀਗੜ੍ਹ ਵਰਗੇ ਸਥਾਨਾਂ 'ਤੇ ਬਹੁਤ ਸੰਘਣੀ ਧੁੰਦ ਦਰਜ ਕੀਤੀ ਗਈ।

ਪੰਜਾਬ ਅਤੇ ਹਰਿਆਣਾ ਵਿੱਚ ਠੰਢ ਦਾ ਪ੍ਰਕੋਪ ਜਾਰੀ ਹੈ। ਨਵਾਂਸ਼ਹਿਰ ਵਿੱਚ ਬੱਲੋਵਾਲ ਸੌਂਖਰੀ ਖੇਤਰ ਦਾ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 0 ਡਿਗਰੀ ਸੈਲਸੀਅਸ ਅਤੇ ਹਰਿਆਣਾ ਵਿੱਚ ਹਿਸਾਰ 1.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਹੋਰ ਠੰਢੀਆਂ ਥਾਵਾਂ ਵਿੱਚ ਬਠਿੰਡਾ ਵਿੱਚ 1.6 ਡਿਗਰੀ, ਲੁਧਿਆਣਾ ਅਤੇ ਹੁਸ਼ਿਆਰਪੁਰ ਵਿੱਚ 2.6 ਡਿਗਰੀ, ਫਰੀਦਕੋਟ ਵਿੱਚ 2 ਡਿਗਰੀ, ਨਾਰਨੌਲ ਵਿੱਚ 1.8 ਡਿਗਰੀ, ਗੁਰੂਗ੍ਰਾਮ ਵਿੱਚ ਸੋਮਵਾਰ ਦੇ 0.6 ਡਿਗਰੀ ਤੋਂ 3.3 ਡਿਗਰੀ, ਪਟਿਆਲਾ ਵਿੱਚ 3 ਡਿਗਰੀ, ਰੋਹਤਕ ਵਿੱਚ 3.8 ਡਿਗਰੀ, ਕਰਨਾਲ ਵਿੱਚ 2 ਡਿਗਰੀ, ਅੰਬਾਲਾ ਵਿੱਚ 4.2 ਡਿਗਰੀ ਅਤੇ ਅੰਮ੍ਰਿਤਸਰ ਵਿੱਚ 4.1 ਡਿਗਰੀ ਤਾਪਮਾਨ ਦਰਜ ਕੀਤਾ ਗਿਆ ਹੈ।

# ਹਰਿਆਣਾ ਪੁਲਿਸ ਨੇ ਡਿਜੀਟਲ ਪਲੇਟਫਾਰਮਾਂ ਤੋਂ ਹਟਾਏ 67 ਇਤਰਾਜ਼ਯੋਗ ਗੀਤ

**ਚੰਡੀਗੜ੍ਹ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪੁਲੀਸ ਨੇ ਗੈਂਗਸਟਰ ਕਲਚਰ, ਹਥਿਆਰਾਂ ਦੀ ਨੁਮਾਇਸ਼ ਅਤੇ ਹਿੰਸਾ ਨੂੰ ਵਧਾਵਾ ਦੇਣ ਵਾਲੇ ਗੀਤਾਂ ਖ਼ਿਲਾਫ਼ ਇੱਕ ਵੱਡੀ ਕਾਰਵਾਈ ਕਰਦਿਆਂ ਵੱਖ-ਵੱਖ ਡਿਜੀਟਲ ਪਲੇਟਫਾਰਮਾਂ ਤੋਂ 67 ਗੀਤਾਂ ਨੂੰ ਹਟਾ ਦਿੱਤਾ ਹੈ।

ਸੂਬੇ ਦੇ ਡੀਜੀਪੀ ਅਜੈ ਸਿੰਘਲ ਨੇ ਦੱਸਿਆ ਕਿ ਇਹ ਕਾਰਵਾਈ ਇੱਕ ਵਿਆਪਕ ਮੁਹਿੰਮ ਦਾ ਹਿੱਸਾ ਹੈ, ਜਿਸ ਤਹਿਤ ਸਾਈਬਰ ਯੂਨਿਟ ਅਤੇ ਸਪੈਸ਼ਲ ਟਾਸਕ ਫੋਰਸ ਵੱਲੋਂ ਸੋਸ਼ਲ ਮੀਡੀਆ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।

ਪੁਲੀਸ ਅਨੁਸਾਰ ਇਹ ਗੀਤ ਨੌਜਵਾਨਾਂ ਨੂੰ ਅਪਰਾਧ ਦੀ ਦੁਨੀਆ ਵੱਲ ਧੱਕ ਰਹੇ ਸਨ ਅਤੇ ਅਪਰਾਧੀਆਂ ਨੂੰ ਨਾਇਕ ਵਜੋਂ ਪੇਸ਼ ਕਰਕੇ ਇੱਕ ਗਲਤ ਪ੍ਰਭਾਵ ਪਾ ਰਹੇ ਸਨ।

# ਕੇਂਦਰ ਅਤੇ ਪੰਜਾਬ ਸਰਕਾਰ ਨਸ਼ਾ ਤਸਕਰਾਂ ਨੂੰ ਸਜ਼ਾਵਾਂ ਦੇਣ ਲਈ ਫਾਸਟ ਟਰੈਕ ਅਦਾਲਤਾਂ ਅਤੇ ਫਾਂਸੀ ਦਾ ਕਾਨੂੰਨ ਬਨਾਉਣ ਤਾ ਹੀ ਨਸ਼ਾ ਤਸਕਰਾਂ ਨੂੰ ਨਕੇਲ ਪਵੇਗੀ : ਪਰਮਿੰਦਰ ਭਲਵਾਨ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਵਿਸ਼ੇਸ਼ ਤੌਰ ਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਸਰਕਾਰੀ ਆਈਂ ਟੀ ਆਈ ਲੜਕੇ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ਼ ਆਫ ਕਾਮਰਸ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ,ਗੁਰਜੀਤ ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ , ਭਿੰਦਰ ਜਲਵੇੜਾ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਬਲਿਕ ਨੂੰ ਆਪਣਾ ਨੈਤਿਕ ਫਰਜ਼ ਸਮਝਦੇ ਹੋਏ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਲਾਹੇਵੰਦ ਹੋ ਕੇ ਅੱਗੇ ਆਉਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਛੋਟੇ ਛੋਟੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ ਜੋਂ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ।ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਨੂੰ ਛੱਡ ਕੇ ਸਮਾਜ ਸੇਵਾ ਦੇ ਖੇਤਰ ਵਿਚ ਅੱਗੇ ਆ ਕੇ ਸੇਵਾ ਕਰਨੀ ਚਾਹੀਦੀ ਹੈ ਅਤੇ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ। ਉਹਨਾਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਨਸ਼ਾ ਤਸਕਰਾਂ ਲਈ ਫਾਂਸੀ ਦਾ ਕਾਨੂੰਨ ਬਣਾਇਆ ਜਾਵੇ ਕਿਉਂਕਿ ਉਹਨਾਂ ਵੱਲੋਂ ਵੇਚੇ ਜਾ ਰਹੇ ਨਸ਼ਿਆਂ ਕਾਰਨ ਅਨੇਕਾਂ ਨੌਜਵਾਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ, ਉਹਨਾਂ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਨਸ਼ਾ ਤਸਕਰਾਂ ਨੂੰ ਸਜ਼ਾਵਾਂ ਦੇਣ ਲਈ ਫਾਸਟ ਟਰੈਕ ਅਦਾਲਤਾਂ ਵੀ ਸਥਾਪਤ ਕਰਨ ਦੀ ਮੰਗ ਕੀਤੀ ਅਤੇ ਉਹਨਾਂ ਕਿਹਾ ਕਿ ਤਾ ਹੀ ਨਸ਼ਾ ਤਸਕਰਾਂ ਨੂੰ ਨਕੇਲ ਪਾ ਜਾ ਸਕੇਗੀ।ਉਹਨਾਂ ਕਿਹਾ ਕਿ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹੋ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨ ਲਈ ਅੱਗੇ ਆਉਣ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾ ਸਕਾਂਗੇ। ਇਸ ਮੌਕੇ ਨੌਜਵਾਨਾਂ ਨੂੰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਨਸ਼ਿਆਂ ਵਿਰੁੱਧ ਸੌਹ ਵੀ ਚੁਕਾਈ ਗਈ। ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਡਰੱਗ ਫਰੀ ਵਰਲਡ ਕੈਲੀਫੋਰਨੀਆ ਅਮਰੀਕਾ ਵਲੋਂ ਕਿਤਾਬਾਂ ਵੰਡੀਆਂ ਗਈਆਂ।

# ਨਿੱਕੀ ਦੁਨੀਆ

**ਬਾਲ ਕਵਿਤਾ**

## ਪੰਜਾਬ ਦਾ ਭਵਿੱਖ....

ਸੁਣੋ ਜੀ! ਦਿਲਚਸਪ ਕਹਾਣੀ
ਪੰਜਾਬ ਦੀ ਸਿਆਸਤ ਬਾਬੇ ਦੀ ਜ਼ੁਬਾਨੀ
ਬਾਬਾ ਜੀ ਕਹਿੰਦੇ ਅਮਲੀ ਸੀ ਮਿਲਿਆ
ਚਿਹਰਾ ਉਹਦਾ ਗੁਲਾਬ ਜਿਹਾ ਖਿੜਿਆ
ਮੈਂ ਪੁੱਛਿਆ ਅਮਲੀਆ, 'ਇਹ ਨੂਰ ਹੈ ਕਾਹਦਾ'?

ਕਹਿੰਦਾ ਬਾਬਾ ਜੀ, ਚੋਣਾਂ ਦਾ, ਹੋਰ ਕਾਹਦਾ
ਜਿਉਂ-ਜਿਉਂ ਚੋਣਾਂ ਨੇੜੇ ਆਈਆਂ
ਭਰ-ਭਰ ਬੋਤਲਾਂ ਮੇਰੇ ਘਰ ਤਕ ਆਈਆਂ
ਨਸ਼ੇ ਦੀ ਲੱਤ 'ਚ ਐਸਾ ਰੁੜ੍ਹਿਆ
ਪੰਜਾਬ ਦਾ ਭਵਿੱਖ ਹਨੇਰੇ ਵੱਲ ਮੁੜਿਆ

ਬਾਬਾ ਜੀ ਉਸ ਨੂੰ ਲੱਗੇ ਸਮਝਾਉਣ
ਵੋਟ ਦੀ ਅਸਲ ਕੀਮਤ ਨੂੰ ਪਛਾਣ
ਵਾਅਦੇ ਪਹਿਲੇ ਹਰ ਕੋਈ ਕਰਦਾ
ਲਾਲਚ ਦੇਣ 'ਚ ਵੀ ਕੋਈ ਕਸਰ ਨਾ ਛੱਡਦਾ
ਕੁਰਸੀ ਮਿਲਣ ਕੇ ਬੈਠ ਰਾਜ ਨੇ ਕਰਦੇ
ਜਨਤਾ ਵੱਲ੍ਹ ਕਦੇ ਮੂੰਹ ਵੀ ਨਾ ਕਰਦੇ
ਅਮਲੀਆ ਮੇਰੀ ਗੱਲ ਪੱਲੇ ਬੰਨ੍ਹ ਲੈ
ਬਾਬੇ ਆਪਣੇ ਦਾ ਤਜ਼ਰਬਾ ਰੱਖ ਲੈ
ਵੋਟ ਦਾ ਬਟਨ ਤੂੰ ਉਹੀ ਦਬਾਈ

ਆਤਮਾ ਤੇਰੀ ਜਿਹਦੇ ਹਰ 'ਚ ਦੇਵੇ ਗਵਾਈ
ਬੋਝਲ ਤੇਰੀ ਕੁਝ ਦੇਰ ਦੀ ਮਹਿਮਾਨ
ਤੇਰੀ ਇਸ ਗ਼ਲਤੀ ਦਾ ਪੰਜ ਸਾਲ ਪੰਜਾਬ ਨੂੰ ਨੁਕਸਾਨ
ਤੁਸੀਂ ਵੀ ਸਾਰੇ ਇਕ ਗੱਲ ਸਮਝ ਲਉ
ਚੋਣਾਂ ਉਤਰਾਧਿਕਾਰ ਹੈ ਮੰਨ ਲਉ
ਚਾਰ ਫਰਵਰੀ ਪੰਜਾਬ ਦਾ ਭਵਿੱਖ
ਤੁਹਾਡੀ ਵੋਟ ਤੇ ਤੁਹਾਡੀ ਜਿੱਤ। •

**ਜੈਸਮੀਨ ਕੌਰ**

**ਇਸ ਦੁਨੀਆ 'ਚ ਅਸੀਂ ਜ਼ਿਆਦਾਤਰ ਚੀਜ਼ਾਂ ਨੂੰ ਨਾਂ ਨਾਲ ਹੀ ਪਛਾਣਦੇ ਹਾਂ ਪਰ ਜੇ ਇਕ ਹੀ ਨਾਂ ਦੇ ਦੋ ਦੋਸਤ ਹੋਣ, ਤਾਂ ਕਈ ਵਾਰ ਅਸੀਂ ਉਨ੍ਹਾਂ ਦੇ ਨਾਂਵਾਂ ਦੇ ਨਾਲ 'ਮੋਟੂ', 'ਲੰਬੂ' ਵਰਗੇ ਵਿਸ਼ਲੇਸ਼ਣ ਲਗਾ ਦਿੰਦੇ ਹਾਂ। ਪੰਛੀਆਂ ਦਾ ਨਾਮਕਰਨ ਵੀ ਕੁਝ ਇਸ ਤਰ੍ਹਾਂ ਹੋਇਆ ਹੈ...**



## ਨਾਂ 'ਚ ਕੀ ਰੱਖਿਐ?

ਜ਼ਿਆਦਾਤਰ ਪੰਛੀਆਂ ਦੇ ਨਾਂ ਉਨ੍ਹਾਂ ਦੇ ਕਿਸੇ ਖ਼ਾਸ ਗੁਣ ਜਾਂ ਰੰਗ-ਰੂਪ ਜਾਂ ਉਨ੍ਹਾਂ ਦੀ ਆਵਾਜ਼ ਦੇ ਆਧਾਰ 'ਤੇ ਰੱਖੇ ਗਏ ਹ। ਲਾਲ ਮੁੱਛ ਵਾਲੀ ਬੁਲਬੁਲ ਨੂੰ ਅਸੀਂ ਉਸ ਦੀ ਉੱਚੀ ਸਿਪਾਹੀਨੁਮਾ ਟੋਪੀ ਕਾਰਨ 'ਸਿਪਾਹੀ ਬੁਲਬੁਲ' ਕਹਿੰਦੇ ਹਾਂ। ਸਰਦੀਆਂ 'ਚ ਅਕਸਰ ਦਿਖਾਈ ਦੇਣ ਵਾਲੀ ਕਾਲੀ ਚਿੜੀ ਰੇਡਸਟਾਰਟ ਨੂੰ ਆਪਣੀ ਪੂੰਛ ਵਾਰ-ਵਾਰ ਥਿਰਕਣ ਕਾਰਨ ਹਿੰਦੀ 'ਚ 'ਥਿਰਥਿਰਾ' ਕਿਹਾ ਜਾਂਦਾ ਹੈ ਪਰ ਮੁਸ਼ਕਲ ਉਸ ਸਮੇਂ ਆਉਂਦੀ ਹੈ ਜਦੋਂ ਦੁਨੀਆ ਦੀਆਂ ਵੱਖ-ਵੱਖ ਭਾਸ਼ਾਵਾਂ ਜਾਂ ਪ੍ਰਦੇਸ਼ਾਂ 'ਚ ਇਕ ਹੀ ਪੰਛੀ ਦਾ ਨਾਮਕਰਨ ਉਸ ਦੇ ਵੱਖ-ਵੱਖ ਗੁਣਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਜਿਵੇਂ ਤਿੱਖੀ ਆਵਾਜ਼ ਕਰਨ ਵਾਲੇ ਲਾਲ ਸਿਰ ਵਾਲੇ ਤੋਤੇ ਨੂੰ ਅੰਗਰੇਜ਼ੀ 'ਚ ਪਲੰਮ ਹੈਡਿਡ ਪੈਰਾਕੀਟ ਕਹਿੰਦੇ ਹਨ, ਜਦਕਿ ਇਸ ਦੇ ਰਹਿਣ ਵਾਲੇ ਇਲਾਕਿਆਂ 'ਚ ਇਸ ਨੂੰ ਟੂਈਆਂ ਤੋਤਾ ਦੇ ਨਾਂ ਨਾਲ ਜਾਣਦੇ ਹਾਂ। ਇਹ ਪਰੇਸ਼ਾਨੀ ਸਿਰਫ਼ ਪੰਛੀਆਂ ਨਾਲ ਹੀ ਨਹੀਂ ਬਲਕਿ ਜਾਨਵਰਾਂ, ਸੱਪਾਂ, ਕੀੜਿਆਂ, ਜੰਗਲਾਂ ਅਤੇ ਮਨੁੱਖਾਂ, ਭਾਵ ਹਰ ਜੀਵਤ ਪ੍ਰਾਣੀ ਦੇ ਨਾਂ ਨੂੰ ਲੈ ਕੇ ਹੈ। ਉਸ ਸਮੇਂ ਵਿਗਿਆਨੀਆਂ ਨੂੰ ਲੱਗਾ ਕਿ ਸਾਰੇ ਜੀਵਤ ਪ੍ਰਾਣੀਆਂ ਦਾ ਇਕ ਵਿਗਿਆਨਕ ਨਾਮਕਰਣ ਹੋਣਾ ਚਾਹੀਦਾ ਹੈ।

ਸੋਲਵੀਂ ਸਦੀ ਦੇ ਯੂਰਪ 'ਚ ਗਿਆਨ ਅਤੇ ਅਧਿਐਨ ਦੀ ਪ੍ਰਮੁੱਖ ਭਾਸ਼ਾ ਲੈਟਿਨ ਸੀ। ਜੀਵਾਂ ਅਤੇ ਜੰਗਲਾਂ ਦੇ ਵਿਗਿਆਨਕ ਨਾਵਾਂ ਦੀ ਖੋਜ ਲੈਟਿਨ 'ਚ ਹੀ ਹੋਈ ਸੀ। ਜੀਵਾਂ ਲਈ ਲੈਟਿਨ 'ਚ ਪਹਿਲੀ ਵਾਰ ਦੋ ਨਾਵਾਂ ਵਾਲੀ ਚੀਜ਼ ਵਿਕਸਿਤ ਕਰਨ ਦਾ ਮਾਣ ਸਵੀਡਨ ਦੇ ਡਾਕਟਰ ਕਾਰਲ ਲਿਨੇਅਸ ਨੂੰ ਜਾਂਦਾ ਹੈ। ਇਨ੍ਹਾਂ ਨੇ ਅਠਾਰਵੀਂ ਸਦੀ ਦੇ ਸ਼ੁਰੂਆਤੀ ਦੌਰ 'ਚ ਆਪਣੀਆਂ ਪੁਸਤਕਾਂ 'ਸਪੀਸ਼ੀਜ਼ ਪਲਾਂਟੇਰਮ ਅਤੇ ਸਿਸਟਮਾ ਨੇਚੁਰੇ' 'ਚ ਪਹਿਲੀ ਵਾਰ ਬਨਸਪਤੀਆਂ ਅਤੇ ਜੀਵਾਂ ਲਈ ਇਸ ਨਾਂਮਾਵਲੀ ਦਾ ਇਸਤੇਮਾਲ ਕੀਤਾ ਗਿਆ। ਇਸ ਦੇ ਆਧਾਰ 'ਤੇ ਅੱਗੇ ਚੱਲ ਕੇ 'ਪ੍ਰਾਣੀਸ਼ਾਸਤਰੀ ਨਾਮਕਰਨ ਦੀ ਅੰਤਰ-ਰਾਸ਼ਟਰੀ ਸ਼੍ਰੇਣੀ' ਬਣੀ ਜੋ ਅੱਜ ਵੀ ਪੰਛੀਆਂ ਨਾਲ ਸਾਰੇ ਪ੍ਰਾਣੀਆਂ ਦੇ ਵਿਗਿਆਨਕ ਨਾਮਕਰਨ ਦਾ ਕੰਮ ਕਰ ਰਹੀ ਹੈ। ਪਰੰਪਰਾ ਅਨੁਸਾਰ ਇਹ ਸ਼ਬਦਾਵਲੀ ਲੈਟਿਨ ਭਾਸ਼ਾ 'ਚ ਹੈ।

ਪਹਿਲਾ ਸ਼ਬਦ ਪੰਛੀ ਦੀ ਮੁੱਖ ਜਾਤੀ ਨੂੰ ਦਰਸਾਉਂਦਾ ਹੈ ਅਤੇ ਦੂਜਾ ਪੰਛੀ ਦੇ ਕਿਸੇ ਗੁਣ ਨੂੰ ਜਾਂ ਉਸ ਦੇ ਭੂਗੋਲਿਕ ਖੇਤਰ ਨੂੰ, ਜਿੱਥੇ ਉਹ ਮਿਲਦਾ ਹੈ। ਕਈ ਵਾਰ ਦੂਜਾ ਸ਼ਬਦ ਉਸ ਜੀਵ ਨੂੰ ਪਹਿਲੀ ਵਾਰ ਲੱਭਣ ਵਾਲੇ ਵਿਅਕਤੀ ਦੇ ਨਾਂ 'ਤੇ ਵੀ ਹੋ ਸਕਦਾ ਹੈ। ਸਾਲਿਮ ਅਲੀ ਨੇ ਕੇਰਲ 'ਚ ਫਰ-ਫੁੱਲ ਖਾਣ ਵਾਲੇ ਜਿਸ ਅਨੋਖੇ ਚਮਗਿੱਦੜ ਨੂੰ ਲੱਭਿਆ ਸੀ, ਉਸ ਦਾ ਵਿਗਿਆਨਕ ਨਾਂ ਰੱਖਿਆ ਗਿਆ ਹੈ-ਲੈਟੀਡਿਨਸ ਸੈਨੀਮਲਟ।

ਇਸ ਤੋਂ ਇਲਾਵਾ ਇਸ ਸ਼੍ਰੇਣੀ ਤੋਂ ਲਿਖੇ ਨਾਂ ਦੇ ਪਹਿਲੇ ਸ਼ਬਦ ਦਾ ਪਹਿਲਾ ਅੱਖਰ 'ਕੈਪੀਟਲ' 'ਚ ਲਿਖਿਆ ਜਾਂਦਾ ਹੈ ਅਤੇ ਦੂਜੇ ਸ਼ਬਦ ਦਾ ਪਹਿਲਾ ਅੱਖਰ ਸਾਧਾਰਨ ਭਾਵ ਛੋਟੇ ਰੂਪ 'ਚ ਲਿਖਿਆ ਜਾਂਦਾ ਹੈ। ਇਹ ਨਾਂ ਤਿਰਛੀ (ਟੇਢੀ ਸ਼ੈਲੀ) ਭਾਵ ਇਟੈਲਿਕ 'ਚ ਲਿਖੇ ਜਾਂਦੇ ਹਨ।



- ਕਈ ਚਿੜੀਆਂ ਦਾ ਹਿੱਸਾ ਗੁਲਾਬੀ ਹੁੰਦਾ ਹੈ। ਇਹ ਯੂਰਪ ਤੋਂ ਆ ਕੇ ਸਰਦੀਆਂ ਸਾਡੇ ਦੇਸ਼ 'ਚ ਬਿਤਾਉਂਦੀਆਂ ਹਨ।
- ਚਿੜੀਆਂ ਦੀ ਦੂਜੀ ਪ੍ਰਜਾਤੀ ਹੈ ਪੁਹੈਆ। ਇਸ ਦਾ ਵਿਗਿਆਨਕ ਨਾਂ 'ਸਟੁਰਮਸ ਪਾਗਾਡਾਰੁਮ' ਹੈ। ਤੁਸੀਂ ਦੇਖੋਗੇ ਕਿ ਦੋਵਾਂ ਚਿੜੀਆਂ ਦੇ ਵਿਗਿਆਨਕ ਨਾਂ ਇਕੋ ਹੋਣਗੇ।
- ਇਹ ਖ਼ੂਬਸੂਰਤ ਪੰਛੀ-ਗੁਲਡ ਸ਼ੱਕਰਖੋਰਾ-ਉਤਰ-ਪੂਰਵੀ ਦੇਸ਼ਾਂ 'ਚ ਮਿਲਦਾ ਹੈ। ਇਸ ਨੂੰ ਗੁਲਡ ਨਾਂ ਦੇ ਵਿਗਿਆਨੀ ਨੇ ਖੋਜਿਆ ਸੀ ਅਤੇ ਉਸਦੀ ਇੱਛਾ ਸੀ ਕਿ ਇਸਨੂੰ ਉਸ ਦੀ ਦਿਵੰਗਤ ਪਤਨੀ ਦੇ ਨਾਂ ਨਾਲ ਯਾਦ ਕੀਤਾ ਜਾਵੇ। ਲਿਹਾਜ਼ਾ ਸ਼ੱਕਰਖ਼ੋਰਾ ਅੰਗਰੇਜ਼ੀ 'ਚ 'ਮਿਸਜ਼ ਗੌਲਡਜ਼ ਸਨਬਰਡ' ਕਹਿਲਾਉਂਦਾ ਹੈ ਅਤੇ ਇਸ ਦਾ ਵਿਗਿਆਨਕ ਨਾਂ ਹੈ-ਐਥੋਪਾਇਗਾਡੇਰਾ ਹੈ।
- ਸਵਰਨ ਪੀਲਕ ਇਹ ਹੈ ਸਾਡੇ ਪਿੰਡਾਂ 'ਚ ਮਿਲਣ ਵਾਲੀ ਚਿੜੀ ਦੀ ਇਕ ਖ਼ਾਸ ਕਿਸਮ। ਕਿਉਂਕਿ ਇਹ ਆਪਣੀ ਪ੍ਰਜਾਤੀ ਦੀ ਸਭ ਤੋਂ ਜਾਣੀ-ਪਛਾਣੀ ਪੰਛੀ ਹੈ ਇਸ ਲਈ ਇਸ ਦੇ ਵਿਗਿਆਨਕ ਨਾਂ 'ਚ ਪਹਿਲਾਂ ਤੋਂ ਹੀ ਇਸ ਦਾ ਨਾਂ ਦਿੱਤਾ ਗਿਆ ਹੈ- ਓਰੀਓਲਸ ਓਰੀਓਲਸ।

ਬਾਂਸਰੀ ਵਰਗੀ ਮਿੱਠੀ ਆਵਾਜ਼ 'ਚ ਗਾਉਣ ਵਾਲੇ ਇਸ ਪੰਛੀ ਦੇ ਬੰਗਾਲੀ ਭਾਸ਼ਾ 'ਚ ਬਹੁਤ ਵਧੀਆ ਨਾਂ ਹਨ- ਸ਼ੋਨਾ ਬੋਊ (ਸੋਨੇ ਵਰਗੀ ਬਹੂ) ਅਤੇ ਬੋਊ ਕੋਥਾ ਕੋਊ (ਬਹੂ ਬਾਤ ਕਰੋ)

• **ਫ਼ੀਚਰ ਡੈਸਕ**



## ਕਦੋਂ ਹੋਈ @ ਦੀ ਸ਼ੁਰੂਆਤ?

ਦੁਨੀਆ ਭਰ ਵਿਚ ਵੱਖ-ਵੱਖ ਬੋਲੀਆਂ ਬੋਲਣ ਵਾਲੇ ਇਸ 'ਏਟ ਦ ਰੇਟ ਆਫ਼' ਨੂੰ ਵੱਖ-ਵੱਖ ਨਾਵਾਂ ਨਾਲ ਬੁਲਾਉਂਦੇ ਹਨ। ਜਿਵੇਂ ਅਰਮਾਨੀਆਈ ਬੋਲੀ ਵਿਚ ਇਸ ਨੂੰ ਕੁੱਤੇ ਦਾ ਬੱਚਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਚੀਨ ਵਿਚ ਇਸ ਨੂੰ 'ਘੁਮਾਓਦਾਰ ਏ' ਕਹਿੰਦੇ ਹਨ। ਤਾਈਵਾਨ ਵਿਚ ਬੋਲੀ ਜਾਣ ਵਾਲੀ ਚੀਨੀ ਭਾਸ਼ਾ 'ਚ ਇਸ ਨੂੰ 'ਛੋਟਾ ਚੂਹਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਡੇਨਿਸ਼ ਬੋਲੀ 'ਚ ਹਾਥੀ ਦੀ ਸੁੰਡ ਕਿਹਾ ਜਾਂਦਾ ਹੈ।



- ਯੂਰੋਪ ਵਿਚ @ ਨੂੰ ਕੀੜਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਮੱਧ ਏਸ਼ੀਆਈ ਦੇਸ਼ ਕਜ਼ਾਕਿਸਤਾਨ ਵਿਚ ਚੰਦ ਦਾ ਕੰਨ, ਜਰਮਨੀ ਵਿਚ @ ਨੂੰ ਸਪਾਈਡਰ ਮੌਂਕੀ ਭਾਵ ਮੱਕੜੀ ਦੀ ਤਰ੍ਹਾਂ ਚਿਪਕਣ ਵਾਲਾ ਬਾਂਦਰ, ਯੂਨਾਨੀ @ ਨੂੰ ਛੋਟੀ ਬੱਤਖ ਦੇ ਨਾਂ ਨਾਲ ਬੁਲਾਉਂਦੇ ਹਨ।
- ਅਜਿਹਾ ਨਹੀਂ ਕਿ ਹਰ ਦੇਸ਼ ਵਿਚ @ ਭਾਵ 'ਏਟ ਦ ਰੇਟ ਆਫ਼' ਚਿਨ੍ਹ ਨੂੰ ਜਾਨਵਰਾਂ ਵਾਲਾ ਨਾਂ ਹੀ ਦਿੱਤਾ ਜਾਂਦਾ ਹੈ, ਬੋਸੀਨਿਆ ਵਿਚ ਇਸ ਨੂੰ ਝੱਕੀ 1 ਕਹਿੰਦੇ ਹਨ। ਇਸੇ ਤਰ੍ਹਾਂ ਸਲੋਵਾਕੀਆ ਵਿਚ ਆਚਾਰੀ ਫਿਸ਼ ਰੋਲ ਅਤੇ ਤੁਰਕੀ ਵਿਚ ਖ਼ੂਬਸੂਰਤ ਇਕ ਕਹਿਕੇ ਬੁਲਾਉਂਦੇ ਹਨ।
- ਇਸ 'ਏਟ ਦਿ ਰੇਟ ਆਫ਼' ਭਾਵ @ ਦੇ ਇਸਤੇਮਾਲ ਦੀ ਸ਼ੁਰੂਆਤ ਦੀ ਕਹਾਣੀ ਅਤੇ ਇਸ ਦਾ ਇਤਿਹਾਸ ਵੀ ਦਿਲਚਸਪ ਹੈ।
- ਕੀਥ ਹਿਊਸਟਨ ਦੇ ਮਸ਼ਹੂਰ ਬਲਾਗ 'ਸ਼ੇਡੀ ਕੈਰੇਕਟਰਸ' ਵਿੱਚ ਇਸ ਦੇ ਬਾਰੇ ਵਿਚ ਦਿਲਚਸਪ ਕਹਾਣੀ ਲਿਖੀ ਹੈ। ਈ-ਮੇਲ ਦੇ ਪਤੇ ਦੇ ਲਈ ਸਭ ਤੋਂ ਪਹਿਲਾਂ @ ਪ੍ਰਤੀਕ ਦਾ ਇਸਤੇਮਾਲ 1971 ਵਿਚ ਹੋਇਆ ਸੀ। 29 ਸਾਲ ਦੇ ਕੰਪਿਊਟਰ ਇੰਜਨੀਅਰ-ਰੇ ਟਾਮਲਿਸ਼ਨ ਨੇ ਸਭ ਤੋਂ ਪਹਿਲਾਂ ਈ-ਮੇਲ ਦੇ ਪਤੇ ਦੇ ਲਈ ਇਸ ਪ੍ਰਤੀਕ ਦੀ ਵਰਤੋਂ ਕੀਤੀ ਸੀ।।
- ਰੇ ਨੇ ਇਸ ਨੂੰ ਆਪਣੇ ਈ-ਮੇਲ ਸਿਸਟਮ ਵਿਚ ਇਸਤੇਮਾਲ ਕਰਨ ਲਈ ਚੁਣਿਆ ਸੀ। ਅੱਜ ਇਹੀ ਚਿੰਨ੍ਹ @ ਪੂਰੀ ਦੁਨੀਆ ਵਿਚ ਈ-ਮੇਲ ਦੇ ਪਤੇ ਦੇ ਲਈ ਵਰਤਿਆ ਜਾਂਦਾ ਹੈ।।
- ਉਸ ਸਮੇਂ ਤੱਕ ਈ-ਮੇਲ ਦਾ ਬਹੁਤ ਇਸਤੇਮਾਲ ਨਹੀਂ ਹੁੰਦਾ ਸੀ। ਇੰਟਰਨੈੱਟ ਨਹੀਂ ਸੀ। ਰੇ ਟਾਮਲਿਸਨ ਨੇ ਇਸ ਚਿੰਨ੍ਹ ਨੂੰ ਚਾਹੇ ਜੋ ਵੀ ਸੋਚ ਕੇ ਚੁਣਿਆ ਪਰ ਇਹ ਬੈਠਿਆ ਖ਼ੂਬ ਸਟੀਕ ਹੈ, ਕਿ ਤੁਸੀਂ ਫਲਾਂਣੀ ਈ-ਮੇਲ ਜਾਂ ਡੋਮੇਨ ਨੂੰ ਮੇਲ ਭੇਜ ਰਹੇ ਹੋ।।
- ਈ-ਮੇਲ ਦਾ ਪਤਾ ਦੱਸਣ ਦੇ ਲਈ ਵਰਤੋਂ ਤੋਂ ਪਹਿਲਾਂ ਵੀ @ ਚਿਨ੍ਹ ਦਾ ਅੰਗਰੇਜ਼ੀ ਵਿਚ ਹੋ ਰਿਹਾ ਸੀ ਪਰ ਜ਼ਿਆਦਾਤਰ ਇਹ ਮੁੱਲ ਦੱਸਣ ਦੇ ਲਈ ਹੁੰਦਾ ਸੀ। ਜਿਵੇਂ ਦੱਸ ਸੇਂਟ ਪ੍ਰਤੀ ਰੋਟੀ ਮੁੱਲ ਤੋਂ ਵੀਹ ਰੋਟੀਆਂ ਦਾ ਮੁੱਲ ਦੱਸਣਾ ਭਾਵ ਵੀਹ ਰੋਟੀਆਂ @ ਦਸ ਸੇਂਟ। ।ਵੈਸੇ 'ਏਟ ਦ ਰੇਟ ਆਫ਼' ਭਾਵ @ ਦੀ ਸਭ ਤੋਂ ਪਹਿਲਾਂ ਵਰਤੋਂ ਦਾ ਜ਼ਿਕਰ 1536 ਦਾ ਮਿਲਦਾ ਹੈ।। ਜਦੋਂ ਇਟਲੀ ਦੇ ਫਲੋਰੇਂਸ ਸ਼ਹਿਰ ਦੇ ਇਕ ਕਾਰੋਬਾਰੀ ਨੇ ਆਪਣੀ ਚਿੱਠੀ ਵਿਚ ਵਾਈਨ ਦਾ ਰੇਟ ਦੱਸਣ ਦੇ ਲਈ @ ਚਿਨ੍ਹ ਦੀ ਵਰਤੋਂ ਕੀਤੀ ਸੀ।
- ਅੰਗਰੇਜ਼ੀ ਦੇ ਇਸ ਚਿਨ੍ਹ ਸ਼ਬਦ ਦਾ ਅਰਥ 'ਮੁੱਲ' ਸਪੇਨਿਸ ਅਤੇ ਪੁਰਤਗਾਲੀ ਭਾਸ਼ਾ ਵਿੱਚ ਹੈ। ਦੋਵੇਂ ਹੀ ਬੋਲੀਆਂ ਵਿਚ ਭਾਰ ਤੋਲਣ ਲਈ ਇਸ @ ਦੀ ਵਰਤੋਂ ਹੁੰਦੀ ਹੈ। ਜਿਸ ਡੱਬੇ ਜਾਂ ਬਰਤਨ ਵਿਚ ਇਹ ਵਜ਼ਨ ਕੀਤਾ ਜਾਂਦਾ ਹੈ, ਉਹ ਵੀ ਇਸ ਦੇ ਇਸਤੇਮਾਲ ਨਾਲ ਹੀ ਜੁੜਿਆ ਹੋਇਆ ਹੈ। •

## ਪੁਲਿਸ ਦੀ ਵਰਦੀ ਦਾ ਰੰਗ ਖ਼ਾਕੀ ਕਿਉਂ?

ਭਾਰਤ ਦੀ ਪੁਲਿਸ ਵਿਵਸਥਾ ਲਈ ਹਰ ਸਾਲ 1893 'ਚ ਇੰਗਲੈਂਡ 'ਚ ਇਕ ਖ਼ਾਸ ਪਰੀਖਣ ਕੀਤਾ ਗਿਆ। ਇਸ ਇਮਤਿਹਾਨ 'ਚ ਚੁਣੇ ਗਏ ਅਧਿਕਾਰੀਆਂ ਨੂੰ ਭਾਰਤ 'ਚਟ ਪ੍ਰੋਬੇਸ਼ਨ ਪੀਰੀਅਡ 'ਤੇ ਤੈਨਾਤ ਕੀਤਾ ਗਿਆ। ਜਿਸ ਤੋਂ ਬਾਅਦ 1907 'ਚ ਅੰਗਰੇਜ਼ਾਂ ਨੇ ਪੁਲਿਸ ਦਾ ਗਠਨ ਕੀਤਾ। ਜਿਸ ਵਿਚ ਪ੍ਰੀਖਿਆ ਵਿਚ ਚੁਣੇ ਗਏ ਵਿਸ਼ੇਸ਼ ਕੈਂਡੀਡੇਟਸ ਨੂੰ ਇੰਡੀਅਨ ਇੰਪੀਰੀਅਲ ਪੁਲਿਸ ਦਾ ਹਿੱਸਾ ਬਣਾਇਆ ਗਿਆ ਸੀ।

ਅੰਗਰੇਜ਼ਾਂ ਦੇ ਸਮੇਂ ਪੁਲਿਸ ਦੀ ਵਰਦੀ ਦਾ ਰੰਗ ਸਫ਼ੇਦ ਹੁੰਦਾ ਸੀ। ਉਸ ਦੌਰਾਨ ਧੂੜ ਅਤੇ ਮਿੱਟੀ ਦੇ ਕਾਰਨ ਉਨ੍ਹਾਂ ਦੀ ਵਰਦੀ ਬਹੁਤ ਜਲਦ ਖ਼ਰਾਬ ਹੋ ਜਾਂਦੀ ਹੈ। ਇਸ ਕਰਕੇ ਬ੍ਰਿਟਿਸ਼ ਸਰਕਾਰ ਦੀ ਪੁਲਿਸ ਦੇ ਸੈਨਿਕ ਆਪਣੀ ਵਰਦੀ 'ਤੇ ਵੱਖ-ਵੱਖ ਰੰਗਾਂ ਦਾ ਇਸਤੇਮਾਲ ਕਰਨ ਲੱਗੇ। ਇਸ ਸਮੱਸਿਆ ਨੂੰ ਦੇਖਦੇ ਹੋਏ ਅੰਗਰੇਜ਼ਾਂ ਨੇ ਖਾਕ ਨਾਂ ਦੀ ਡਾਈ ਬਣਾਈ। ਇਸ ਡਾਈ 'ਚ ਧੂੜ ਅਤੇ ਮਿੱਟੀ ਜ਼ਿਆਦਾ ਨਹੀਂ ਦਿਖਦੀ ਸੀ। ਜਿਸ ਤੋਂ ਬਾਅਦ ਸਾਲ 1847 'ਚ ਬ੍ਰਿਟਿਸ਼ ਸਰਕਾਰ ਵੱਲੋਂ ਸਰ ਹੈਰੀ ਬਰਨੇਟ ਲਮਸਡੈਨ ਨੇ ਅਧਿਕਾਰਿਕ ਰੂਪ ਨਾਲ ਭਾਰਤੀ ਪੁਲਿਸ ਦੀ ਵਕਦੀ ਨੂੰ ਖਾਕੀ ਦੇ ਰੰਗ 'ਚ ਰੰਗਣ ਦਾ ਫ਼ੈਸਲਾ ਕੀਤਾ। ਖਾਕ ਡਾਈ ਦਾ ਇਸਤੇਮਾਲ ਕਰਨ ਦੀ ਵਜ੍ਹਾ ਨਾਲ ਇਸ ਦਾ ਨਾਂ ਖਾਕੀ ਰੱਖਿਆ ਗਿਆ ਸੀ।

ਦੇਸ਼ ਅੰਦਰ ਸ਼ਾਂਤੀ ਵਿਵਸਥਾ ਬਣਾ ਕੇ ਰੱਖਣ ਲਈ ਪੁਲਿਸ ਦਾ ਇਕ ਅਹਿਮ ਰੋਲ ਹੁੰਦਾ ਹੈ। ਪੁਲਿਸ ਨੂੰ ਅਸੀਂ ਉਸ ਦੀ ਖਾਕੀ ਵਰਤੀ ਤੋਂ ਪਛਾਣਦੇ ਹਾਂ। ਕੀ ਤੁਹਾਨੂੰ ਕਦੇ ਖਿਆਲ ਆਇਆ ਹੈ ਕਿ ਆਖ਼ਰ ਕਿਸ ਕਾਰਨ ਪੁਲਿਸ ਦੀ ਵਰਦੀ ਦਾ ਰੰਗ ਖਾਕੀ ਰੱਖਿਆ ਗਿਆ। ਦਰਅਸਲ ਹਰ ਆਦਮੀ ਫੋਰਸ ਦੀ ਵਰਦੀ ਦੇ ਰੰਗ ਨੂੰ ਮਾਹਿਰਾਂ ਦੀ ਮਦਦ ਨਾਲ ਚੁਣਿਆ ਜਾਂਦਾ ਹੈ। ਅੱਜ ਅਸੀਂ ਤੁਹਾਨੂੰ ਪੁਲਿਸ ਦੀ ਵਰਦੀ ਦੇ ਖਾਕੀ ਰੰਗ ਹੋਣ ਬਾਰੇ ਦੱਸ ਰਹੇ ਹਾਂ...



**ਈਵੀਐੱਮ ਮਸ਼ੀਨ ਦਾ ਇਸਤੇਮਾਲ ਸਭ ਤੋਂ ਪਹਿਲਾਂ 1982 'ਚ ਕੇਰਲ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 50 ਮਤਦਾਨ ਕੇਂਦਰਾਂ 'ਚ ਕੀਤਾ ਗਿਆ। ਜਨਤਕ ਖੇਤਰ ਦੇ ਦੋ ਅਦਾਰਿਆਂ ਭਾਰਤ ਇਲੈਕਟ੍ਰਾਨਿਕਸ ਲਿਮਟਿਡ, ਬੰਗਲੌਰ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, ਹੈਦਰਾਬਾਦ ਦੇ ਸਹਿਯੋਗ ਨਾਲ ਭਾਰਤੀ ਚੋਣ ਕਮਿਸ਼ਨ ਨੇ ਇਸ ਈਵੀਐੱਮ ਮਸ਼ੀਨ ਨੂੰ ਤਿਆਰ ਕਰਵਾਇਆ ਹੈ...**

## ਕੀ ਹੈ ਵੋਟਿੰਗ ਮਸ਼ੀਨ?

ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈਵੀਐੱਮ) ਇਕ ਅਜਿਹਾ ਬਿਜਲੀ ਨਾਲ ਚੱਲਣ ਵਾਲਾ ਉਪਕਰਨ ਹੈ ਜਿਸ ਦੀ ਵਰਤੋਂ ਚੋਣਾਂ ਦੌਰਾਨ ਵੋਟ ਪਾਉਣ ਲਈ ਕੀਤੀ ਜਾਂਦੀ ਹੈ। ਇਸ ਮਸ਼ੀਨ 'ਚ ਕੁੱਝ ਸਾਲ ਪਹਿਲਾਂ ਚੋਣਾਂ ਦੌਰਾਨ ਵੋਟਾਂ ਪਾਉਣ ਦੀ ਪ੍ਰਕਿਰਿਆ ਸਾਧਾਰਨ ਸੀ ਜਿਸ 'ਚ ਇਕ ਕਾਗਜ਼ ਦੇ ਟੁਕੜੇ 'ਤੇ ਪਸੰਦੀਦਾ ਉਮੀਦਵਾਰ ਦੇ ਚੋਣ ਨਿਸ਼ਾਨ ਦੀ ਮੋਹਰ ਲਗਾ ਦਿੱਤੀ ਜਾਂਦੀ ਸੀ ਜਿਸ ਨੂੰ 'ਬੈਲਟ' ਕਿਹਾ ਜਾਂਦਾ ਸੀ, ਫਿਰ ਮੋਹਰ ਲੱਗੇ ਕਾਗਜ਼ ਦੇ ਟੁਕੜੇ ਨੂੰ ਮੋੜ ਕੇ ਇਕ ਬਕਸੇ 'ਚ ਪਾ ਦਿੱਤਾ ਜਾਂਦਾ ਸੀ। ਚੋਣਾਂ ਦੇ ਅੰਤ 'ਚ ਇਨ੍ਹਾਂ ਟੁਕੜਿਆਂ ਨੂੰ ਬਾਕਸ 'ਚੋਂ ਕੱਢ ਕੇ ਗਿਣਤੀ ਕੀਤੀ ਜਾਂਦੀ ਸੀ। ਇਸ ਦੇ ਨਾਲ ਹੀ 'ਨੋਟਾ ਵੋਟ' ਦਾ ਅਧਿਕਾਰ ਵੀ ਦਿੱਤਾ ਗਿਆ ਸੀ। ਇਸ ਅਧਿਕਾਰ ਦੀ ਵਰਤੋਂ ਵੋਟਰ ਉਸ ਸਮੇਂ ਕਰਦਾ ਸੀ ਜਦੋਂ ਵੋਟਰ ਨੂੰ ਆਪਣੇ ਇਲਾਕੇ ਦਾ ਕੋਈ ਵੀ ਉਮੀਦਵਾਰ ਪਸੰਦ ਨਾ ਹੋਵੇ। ਵੋਟਰ ਵੱਲੋਂ ਖ਼ਾਲੀ ਕਾਗਜ਼ ਦੇ ਟੁਕੜੇ 'ਤੇ ਇਕ ਕਾਂਟੇ ਦਾ ਨਿਸ਼ਾਨ ਲਗਾ ਦਿੱਤਾ ਜਾਂਦਾ ਸੀ ਜਿਸ ਦਾ ਮਤਲਬ ਹੁੰਦਾ ਸੀ ਕਿ ਉਹ ਕਿਸੇ ਵੀ ਉਮੀਦਵਾਰ ਦੇ ਹੱਕ 'ਚ ਵੋਟ ਨਹੀਂ ਪਾ ਰਿਹਾ। ਇਕ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੂੰ ਵੀ ਕਾਫ਼ੀ ਦੇਰ ਬਾਅਦ ਐਲਾਨਿਆ ਜਾਂਦਾ ਸੀ। ਫਿਰ ਦੌਰ ਆਇਆ ਇਲੈਕ੍ਰਾਨਿਕ ਮਸ਼ੀਨ ਦਾ, ਜਿਸ ਨੇ ਇਸ ਚੋਣ ਪ੍ਰਕਿਰਿਆ ਨੂੰ ਆਸਾਨ ਬਣਾ ਦਿੱਤਾ।

ਈਵੀਐੱਮ ਮਸ਼ੀਨ ਦਾ ਇਸਤੇਮਾਲ ਸਭ ਤੋਂ ਪਹਿਲਾਂ 1982 'ਚ ਕੇਰਲ ਦੀਆਂ ਵਿਧਾਨਸਭਾ ਚੋਣਾਂ ਦੌਰਾਨ 50 ਮਤਦਾਨ ਕੇਂਦਰਾਂ 'ਚ ਕੀਤਾ ਗਿਆ। ਇਸ ਮਸ਼ੀਨ ਨੂੰ ਦੋ ਜਨਤਕ ਖੇਤਰ ਅਦਾਰੇ ਭਾਰਤ ਇਲੈਕਟ੍ਰਾਨਿਕਸ ਲਿਮਟਿਡ, ਬੰਗਲੌਰ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, ਹੈਦਰਾਬਾਦ ਦੇ ਸਹਿਯੋਗ ਨਾਲ ਭਾਰਤੀ ਚੋਣ ਕਮਿਸ਼ਨ ਨੇ ਇਸ ਈਵੀਐੱਮ ਮਸ਼ੀਨ ਨੂੰ ਤਿਆਰ ਕਰਵਾਇਆ। ਇਸ ਮਸ਼ੀਨ ਨੂੰ ਸਭ ਤੋਂ ਪਹਿਲਾਂ 1982 'ਚ ਕੇਰਲ ਦੀਆਂ ਵਿਧਾਨਸਭਾ ਚੋਣਾਂ ਦੇ 50 ਮੱਤਦਾਨ ਕੇਂਦਰਾ 'ਤੇ ਇਸਤੇਮਾਲ ਕੀਤਾ ਗਿਆ। 1983 ਤੋਂ ਬਾਅਦ ਮਸ਼ੀਨਾਂ ਦੀ ਵਰਤੋਂ ਇਸ ਲਈ ਬੰਦ ਕਰ ਦਿੱਤੀ ਗਈ ਕਿਉਂਕਿ ਕਿ ਅਦਾਲਤ ਵੱਲੋਂ ਚੋਣਾਂ ਦੌਰਾਨ ਮਸ਼ੀਨ ਦੀ ਵਰਤੋਂ ਕਰਨ ਦੀ ਮੰਨਜ਼ੂਰੀ ਨਹੀਂ ਦਿੱਤੀ ਗਈ। 1988 'ਚ ਸੰਸਦ ਨੇ ਇਸ ਕਾਨੂੰਨ ਨੂੰ ਸੋਧ ਕੇ ਲੋਕ ਐਕਟ, 1951 ਦੀ ਪ੍ਰਤੀਨਿਧਤਾ ਅਧੀਨ ਨਵੀਂ ਧਾਰਾ-61ਏ ਜੋੜੀ ਗਈ ਜੋ ਚੋਣ ਕਮਿਸ਼ਨ ਨੂੰ ਵੋਟਿੰਗ ਮਸ਼ੀਨ ਦੀ ਵਰਤੋਂ ਕਰਨ ਦਾ ਅਧਿਕਾਰ ਦਿੰਦੀ ਹੈ। 15 ਮਾਰਚ 1989 'ਚ ਇਸ ਦੀ ਵਰਤੋਂ ਨੂੰ ਮੁੜ ਸ਼ੁਰੂ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਫਰਵਰੀ 1990 'ਚ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਖੇਤਰੀ ਦਲਾਂ ਦੇ ਪ੍ਰਤੀਨਿਧੀਆਂ ਵੱਲੋਂ ਚੋਣ ਸੁਧਾਰ ਕਮੇਟੀ ਬਣਾਈ ਗਈ। ਨਵੰਬਰ 1998 ਤੋ ਬਾਅਦ ਸਾਧਾਰਣ ਚੋਣਾਂ ਅਤੇ ਹੋਰਨਾਂ ਚੋਣਾਂ 'ਚ ਹਰ ਸੰਸਦੀ ਤੇ ਵਿਧਾਨਸਭਾ ਚੋਣਾਂ 'ਚ ਈਵੀਐੱਮ ਦੀ ਵਰਤੋਂ ਸ਼ੁਰੂ ਕਰ ਦਿੱਤੀ ਗਈ। ਭਾਰਤ 'ਚ 2004 ਤੋਂ ਈਵੀਐੱਮ ਮਸ਼ੀਨ ਦਾ ਇਸਤੇਮਾਲ ਹੋਣ ਲੱਗਾ ਤੇ ਦੇਸ਼ ਦੇ ਸਾਰੇ ਮਤਦਾਨ ਕੇਂਦਰਾਂ 'ਤੇ ਮਸ਼ੀਨ ਨਾਲ ਵੋਟਿੰਗ ਦਾ ਦੌਰ ਸ਼ੁਰੂ ਹੋਇਆ।

### ਕੀ ਹੈ ਈਵੀਐੱਮ ਮਸ਼ੀਨ?

ਇਸ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦੇ ਦੋ ਹਿੱਸੇ ਹੁੰਦੇ ਹਨ, ਜਿਨ੍ਹਾਂ ਚੋਂ ਇਕ ਹਿੱਸਾ ਬੈਲੇਟਿੰਗ ਯੂਨਿਟ ਜੋ ਕਿ ਵੋਟਰਾਂ ਲਈ ਹੁੰਦਾ ਹੈ ਅਤੇ ਦੂਜਾ ਹਿੱਸਾ ਹੈ ਕੰਟਰੋਲ ਯੂਨਿਟ ਜੋ ਪੋਲਿੰਗ ਅਫ਼ਸਰਾਂ ਲਈ ਹੁੰਦਾ ਹੈ। ਈਵੀਐੱਮ ਦੇ ਦੋਵੇਂ ਹਿੱਸੇ ਇਕ ਪੰਜ ਮੀਟਰ ਲੰਬੀ ਤਾਰ ਨਾਲ ਜੁੜੇ ਹੁੰਦੇ ਹਨ ਅਤੇ ਬੈਲਟ ਯੂਨਿਟ ਅਜਿਹੇ ਸਥਾਨ 'ਤੇ ਰੱਖਿਆ ਜਾਂਦਾ ਹੈ ਜਿੱਥੇ ਵੋਟਰ ਦੀ ਨਜ਼ਰ ਨਹੀ ਪੈਂਦੀ। ਮੱਤਦਾਤਾ ਵਾਲੇ ਹਿੱਸੇ 'ਤੇ ਉਮੀਦਵਾਰਾਂ ਦੇ ਨਾਂ ਅਤੇ ਉਨ੍ਹਾਂ ਦੇ ਲੜੀਵਾਰ ਨੰਬਰ ਦਿੱਤੇ ਹੁੰਦੇ ਹਨ। ਉਮੀਦਵਾਰਾਂ ਦੇ ਨਾਂ ਦੋ ਤੋਂ ਤਿੰਨ ਭਾਸ਼ਾਵਾਂ 'ਚ ਲਿਖੇ ਹੁੰਦੇ ਹਨ ਤੇ ਨਾਲ ਹੀ ਉਨ੍ਹਾਂ ਦਾ ਚੋਣ ਨਿਸ਼ਾਨ ਦਿੱਤਾ ਜਾਂਦਾ ਹੈ, ਤਾਂ ਜੋ ਪੜ੍ਹ-ਲਿਖ ਨਹੀ ਸਕਦੇ ਉਹ ਚੋਣ ਨਿਸ਼ਾਨ ਤੋਂ ਉਮੀਦਵਾਰ ਦੀ ਪਹਿਚਾਣ ਕਰ ਸਕਣ। ਇਕ ਬੈਲਟ ਯੂਨਿਟ 'ਚ 16 ਉਮੀਦਵਾਰਾਂ ਦੇ ਨਾਂ ਦਰਜ ਕੀਤੇ ਜਾ ਸਕਦੇ ਹਨ। ਇਕ ਚੋਣ ਹਲਕੇ ਤੋਂ ਸਿਰਫ 64 ਉਮੀਦਵਾਰਾਂ ਨੂੰ ਹੀ ਵੋਟਿੰਗ ਮਸ਼ੀਨ 'ਚ ਦਰਸਾਇਆ ਜਾ ਸਕਦਾ ਹੈ ਜਿਸ ਲਈ 4 ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਉਮੀਦਵਾਰਾਂ ਦੀ ਗਿਣਤੀ 64 ਤੋਂ ਜਿਆਦਾ ਹੋਵੇ ਤਾਂ ਚੋਣ ਕਮਿਸ਼ਨ ਨੂੰ ਪੁਰਾਣੇ ਕਾਗਜ਼ੀ ਬੈਲੇਟ ਵਾਲੀ ਪ੍ਰਕਿਰਿਆ ਦੀ ਸਹਾਇਤਾ ਲੈਣੀ ਪਵੇਗੀ। ਹਾਲਾਂਕਿ ਇਕ ਚੋਣ ਹਲਕੇ ਦੀਆਂ ਵੋਟਾਂ ਦੀ ਗਿਣਤੀ 1500 ਤੋਂ ਜਿਆਦਾ ਨਹੀਂ ਹੁੰਦੀ ਫਿਰ ਵੀ ਈਵੀਐੱਮ ਇਕ ਵਾਰ 'ਚ 3840 ਵੋਟਾਂ ਹੀ ਦਰਜ ਕਰ ਸਕਦੀ ਹੈ। ਇਸ ਮਸ਼ੀਨ ਨੂੰ ਬਿਨਾ ਬਿਜ਼ਲੀ ਤੋਂ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਕਿਉਂਕਿ ਇਸ 'ਚ ਇਕ 6 ਵੋਲਟ ਦੀ ਅਲਕਾਲਾਈਨ ਬੈਟਰੀ ਦਿੱਤੀ ਜਾਂਦੀ ਹੈ। ਕੰਟਰੋਲ ਯੂਨਿਟ 'ਚ ਚੋਣਾਂ ਦਾ ਡਾਟਾ 10 ਸਾਲ ਤੱਕ ਸੁਰੱਖਿਅਤ ਰਹਿੰਦਾ ਹੈ।




**ਪੰਜਾਬ ਵਿਚ ਸੰਨ 2004 ਤੋਂ ਈਵੀਐੱਮ ਮਸ਼ੀਨ ਦਾ ਇਸਤੇਮਾਲ ਕੀਤਾ ਜਾਣ ਲੱਗਾ...**

ਇਨ੍ਹਾਂ ਨਾਵਾਂ ਦੇ ਅੱਗੇ ਇਕ ਨੀਲੇ ਰੰਗ ਦਾ ਬਟਨ ਦਿੱਤਾ ਜਾਂਦਾ ਹੈ, ਜਿਸ ਨੂੰ ਦਬਾਉਣ 'ਤੇ ਵੋਟ ਦਰਜ ਹੁੰਦੀ ਹੈ। ਪਾਉਣ ਲਈ ਦਬਾਇਆ ਜਾਂਦਾ ਹੈ। ਇਸ ਬਟਨ ਨੂੰ ਇਕ ਵੋਟਰ ਵੱਲੋਂ ਇਕੋ ਵਾਰ ਹੀ ਦਬਾਇਆ ਜਾ ਸਕਦਾ ਹੈ। ਬਟਨ ਦਬਾਉਣ 'ਤੇ ਇਕ ਲਾਲ ਰੰਗ ਦੀ ਬੱਤੀ ਵੀ ਚਮਕਦੀ ਹੈ ਤੇ ਇਕ ਬੀਪ ਦੀ ਆਵਾਜ਼ ਆਉਂਦੀ ਹੈ ਜੋ ਵੋਟ ਦਰਜ ਹੋਣ ਦਾ ਪ੍ਰਮਾਣ ਦਿੰਦੀ ਹੈ। ਇਸ ਤੋਂ ਇਲਾਵਾ ਬੈਲਟ ਯੂਨਿਟ ਮਸ਼ੀਨ 'ਤੇ ਇਕ ਖਾਲੀ ਬਟਨ ਵੀ ਦਿੱਤਾ ਜਾਂਦਾ ਹੈ ਜਿਸ ਨੂੰ ਨੋਟਾ ਵੋਟ ਦੇ ਆਧਾਰ 'ਤੇ ਇਸਤੇਮਾਲ ਕੀਤਾ ਜਾਂਦਾ ਹੈ। ਇਸ ਬਟਨ ਦੇ ਅੱਗੇ ਕਿਸੇ ਵੀ ਉਮੀਦਵਾਰ ਦਾ ਨਾਂ ਜਾਂ ਚੋਣ ਨਿਸ਼ਾਨ ਨਹੀਂ ਦਿੱਤਾ ਜਾਂਦਾ।

ਜੇ ਕੋਈ ਵੋਟਰ ਕਿਸੇ ਉਮੀਦਵਾਰ ਨੂੰ ਵੋਟ ਨਹੀਂ ਪਾਉਣਾ ਚਾਹੁੰਦਾ ਤਾਂ ਉਹ ਇਸ ਬਟਨ ਨੂੰ ਦਬਾ ਸਕਦਾ ਹੈ। ਇਸ ਬਟਨ ਨੂੰ ਦਬਾਉਣ ਦਾ ਭਾਵ ਕਿ ਤੁਹਾਨੂੰ ਆਪਣੇ ਇਲਾਕੇ ਦਾ ਕੋਈ ਵੀ ਉਮੀਦਵਾਰ ਪਸੰਦ ਨਹੀਂ ਹੈ। ਨੋਟਾ ਵੋਟ ਨੂੰ ਚੋਣਾਂ ਦੌਰਾਨ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿੱਤੀ ਜਾਂਦੀ। ਇਸ ਨੋਟਾ ਬਟਨ ਨੂੰ ਬੈਲੇਟ ਮਸ਼ੀਨ ਦੇ ਸਭ ਤੋਂ ਹੇਠਾਂ ਦਿੱਤਾ ਗਿਆ ਹੈ। ਇਸ ਦੂਜੇ ਪਾਸੇ ਕੰਟਰੋਲ ਯੂਨਿਟ 'ਤੇ ਲੱਗਾ ਰਿਜ਼ਲਟ ਬਟਨ ਦਬਾਉਣ 'ਤੇ ਵੋਟਾਂ ਦੀ ਗਿਣਤੀ ਸਕ੍ਰੀਨ 'ਤੇ ਦੇਖੀ ਜਾ ਸਕਦੀ ਹੈ। ਮਤਦਾਨ ਪੂਰਾ ਹੋਣ ਤੋਂ ਬਾਅਦ ਕੰਟਰੋਲ ਯੂਨਿਟ ਬੰਦ ਕਰ ਦਿੱਤਾ ਜਾਂਦਾ ਹੈ। ਇਸ ਮਸ਼ੀਨ ਦੇ ਅੰਦਰ ਇਕ ਸਿਕਿਓਰਿਟੀ ਚਿਪ ਦਿੱਤੀ ਜਾਂਦੀ ਹੈ ਜਿਸ 'ਚ ਡਾਟਾ ਸੁਰੱਖਿਅਤ ਰਹਿੰਦਾ ਹੈ ਤੇ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਮਸ਼ੀਨ ਦਾ ਸਾਰਾ ਕੰਟਰੋਲ ਚੋਣ ਕਮਿਸ਼ਨ ਕੋਲ ਹੁੰਦਾ ਹੈ ਜਿੱਥੇ ਸਾਰੀਆਂ ਮਸ਼ੀਨਾਂ ਦਾ ਡਾਟਾ ਇਕ ਸਰਵਰ 'ਤੇ ਸਟੋਰ ਹੁੰਦਾ ਹੈ। ਫਿਰ ਵੋਟਾਂ ਦੀ ਗਿਣਤੀ ਨੂੰ ਉਮੀਦਵਾਰਾਂ ਅਨੁਸਾਰ ਵੱਖ-ਵੱਖ ਕਰ ਦਿੱਤਾ ਜਾਂਦਾ ਹੈ।

• **ਮਨੀਸ਼ ਕੁਮਾਰ**

## ਹੁਣ ਡਰੋਨ 'ਚ ਇਨਸਾਨ ਵੀ ਉੱਡਣਗੇ

ਸਭ ਤੋਂ ਪਹਿਲਾਂ ਡਰੋਨ ਨੂੰ ਬਣਾਉਣ ਦਾ ਮਕਸਦ ਸੈਨਾ ਨੂੰ ਉਨ੍ਹਾਂ ਦੇ ਕੰਮਾਂ 'ਚ ਮਦਦ ਕਰਨਾ ਸੀ ਪਰ ਹੁਣ ਸ਼ੌਕੀਆ ਜਾਂ ਪੇਸ਼ੇਵਰ ਵੀਡੀਓਗ੍ਰਾਫਰ ਵੀ ਇਨ੍ਹਾਂ ਨੂੰ ਉਡਾਉਣ ਲੱਗੇ ਹਨ। ਡਰੋਨ ਹੁਣ ਇੰਨੀਂ ਆਸਾਨੀ ਨਾਲ ਮਿਲ ਜਾਂਦਾ ਹੈ ਕਿ ਇਸ ਨੂੰ ਕੋਈ ਵੀ ਉਡਾ ਸਕਦਾ ਹੈ। ਡਰੋਨ ਨੂੰ ਅਨਮੈਂਡ ਏਰੀਲ ਵੇਹੀਕਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਪਰ ਹੁਣੇ ਜਿਹੇ ਇਕ ਇਨਸਾਨ ਨੇ ਡਰੋਨ 'ਤੇ ਸਵਾਰ ਹੋ ਕੇ ਉਡਾਨ ਭਰੀ, ਜੋ ਕਿ ਇਕ ਡਰੋਨ ਦੀ ਨਵੀਂ ਉਡਾਨ ਸਾਬਿਤ ਹੋ ਸਕਦੀ ਹੈ।

ਅਲੇਂਕਜੇਂਡਰ ਸੋਜੇਲ ਨੇ ਡਰੋਨ 'ਚ ਇਨਸਾਨ ਦੇ ਉੱਡਣ ਦੇ ਸੁਪਨੇ ਨੂੰ ਸੱਚ ਕਰ ਦਿੱਤਾ ਹੈ ਤੇ ਇਕ ਸਪੋਰਟ ਪਾਇਲਟ ਦੇ ਰੂਪ 'ਚ ਹਮੇਸ਼ਾਂ ਇਕੈਕਟ੍ਰਾਨਿਕ ਮਲਟੀ ਕਾਪਟਰ ਨਾਲ ਸਿੱਧਾ ਹਵਾ 'ਚ ਉਡਾਨ ਭਰਨ ਦੇ ਸੁਪਨੇ ਦੇਖਦਾ ਸੀ। ਸਾਲਾਂ ਤੱਕ ਉਹ ਆਪਣੀ ਟੀਮ ਦੇ ਨਾਲ ਇਸ ਸੁਪਨੇ ਨੂੰ ਪੂਰਾ ਕਰ ਸਕਣ ਲਈ ਯਤਨ ਕਰਦੇ ਰਹੇ ਪਰ ਇਨਸਾਨ ਸਮੇਤ ਡਰੋਨ ਜਿਵੇਂ ਹੀ ਭਾਰੀ ਜਹਾਜ਼ ਨੂੰ ਹਵਾ 'ਚ ਉਡਾਉਣਾ ਆਸਾਨ ਨਹੀਂ ਸੀ, ਦਰਅਸਲ ਸ਼ੁਰੂਆਤ 'ਚ ਇਹ ਅਸੰਭਵ ਲਗ ਰਿਹਾ ਸੀ ਪਰ ਅਲੇਕਜ਼ੇਂਡਰ ਸੋਜੇਲ ਇਸ 'ਚ ਕਾਮਯਾਬ ਰਹੇ। ਉਨ੍ਹਾਂ ਨੇ ਲਗਪਗ ਪੰਜ ਮਿੰਟ ਤੱਕ ਉਡਾਨ ਭਰੀ।

ਆਪਣੀ ਤਕਨੀਕੀ ਦੂਰਦਰਸ਼ਿਤਾ ਅਤੇ ਉਡਾਨ ਨਾਲ ਪਿਆਰ ਦੇ ਚਲਦੇ ਸੋਜੇਲ ਨੇ ਆਖਰਕਾਰ ਇਨਸਾਨ ਨੂੰ ਉੱਡਣ ਵਾਲਾ ਡ੍ਰੋਨ ਬਣਾ ਦਿੱਤਾ। ਸੋਜੇਲ ਪੂਰੀ ਦੁਨੀਆ 'ਚ ਇਕੱਲੇ ਹਨ, ਜੋ ਇਲੈੱਕਟ੍ਰਾਨਿਕ ਮੋਟਰ ਦੀ ਮਦਦ ਨਾਲ ਜਹਾਜ਼ ਨੂੰ ਸਿੱਧਾ ਉਡਾਉਣ 'ਚ ਕਾਮਯਾਬ ਰਹੇ ਹਨ। ਬਹੁਤ ਸਾਰੀਆਂ ਕੰਪਨੀਆਂ ਇਸ 'ਤੇ ਪ੍ਰਾਜੈਕਟ ਚਲਾ ਰਹੀਆਂ ਹਨ, ਜਿਨ੍ਹਾਂ 'ਚ ਵੱਡੇ ਹੈਲੀਕਾਪਟਰ ਕੰਪਨੀਆਂ ਵੀ ਸ਼ਾਮਲ ਹਨ, ਪਰ ਹੁਣ ਤਕ ਇਹ ਕਾਮਯਾਬ ਨਹੀਂ ਹੋ ਪਾਈਆ। ਸੋਜੇਲ ਨੇ ਜਦੋਂ ਆਪਣੀ ਪਹਿਲੀ ਉਡਾਨ ਦਾ ਵੀਡੀਓ ਯੂਟਿਊਬ 'ਤੇ ਦੇਖਿਆ ਤਾਂ ਇਸ ਨੂੰ ਲੋਕਾਂ ਦੁਆਰਾ ਬਹੁਤ ਪਸੰਦ ਕੀਤਾ ਗਿਆ।



*ਬੱਚਿਓ! ਅੱਜ ਵਿਗਿਆਨ ਨੇ ਇੰਨੀਂ ਜ਼ਿਆਦਾ ਤਰੱਕੀ ਕਰ ਲਈ ਹੈ ਕਿ ਉਸ ਦੀ ਮਦਦ ਨਾਲ ਅਸੀਂ ਆਪਣੇ ਸੁਪਨਿਆਂ ਨੂੰ ਸੱਚ ਕਰ ਸਕਦੇ ਹਾਂ। ਹਵਾ 'ਚ ਉੱਡਦੀ ਪਤੰਗ ਨੂੰ ਦੇਖ ਕੇ ਅਸੀਂ ਸੋਚਦੇ ਹਾਂ ਕਿ ਕਾਸ਼! ਅਸੀਂ ਵੀ ਇਸ ਵਾਂਗ ਉੱਡ ਸਕੀਏ। ਇਸੇ ਸੋਚ ਨੂੰ ਇਕ ਵਿਗਿਆਨੀ ਨੇ ਡਰੋਨ ਰਾਹੀਂ ਪੂਰਾ ਕੀਤਾ ਹੈ...*

### ਨਵੇਂ ਮਲਟੀ ਕਾਪਟਰ ਬਾਰੇ ਖੋਜ ਜਾਰੀ

ਉਨ੍ਹਾਂ ਦੇ ਇਕ ਖ਼ਾਸ ਡਰੋਨ 'ਚ ਇਕ ਸੀਟ ਹੈ। ਇਸ ਜ਼ਰੀਏ ਉਨ੍ਹਾਂ ਨੇ ਦਿਖਾਇਆ ਹੈ ਕਿ ਇਲੈੱਕਟ੍ਰਾਨਿਕ ਮੋਟਰ ਜ਼ਰੀਏ ਸਿੱਧੀ ਉਡਾਨ ਭਰੀ ਜਾ ਸਕਦੀ ਹੈ। ਹੁਣ ਇਹ ਇਕ ਅਜਿਹੀ ਮਸ਼ੀਨ ਬਣਾ ਰਹੇ ਹਨ, ਜਿਸ ਬਾਰੇ ਉਨ੍ਹਾਂ ਦਾ ਮੰਨਣਾ ਹੈ ਕਿ ਅਸਲ ਡਰੋਨ ਜਹਾਜ਼ ਦੇ ਰੂਪ 'ਚ ਹੋਵੇਗਾ ਅਤੇ ਅਸਲ ਰੂਪ 'ਚ ਉਸ 'ਚ ਸੁਰੱਖਿਆ, ਸੁਵਿਧਾ, ਆਰਾਨ ਅਤੇ ਹੈਂਡਲਿੰਗ ਦੇ ਵੱਖ-ਵੱਖ ਭਾਗ ਹੋਣਗੇ।

• **ਫ਼ੀਚਰ ਡੈਸਕ**



ਮਿੰਨੀ ਕਹਾਣੀ

## ਪੁੱਛ

• ਰਣਜੀਤ ਆਜ਼ਾਦ ਕਾਂਝਲਾ
62806-08609

ਕਈ ਦਿਨਾਂ ਤੋਂ ਦੁਧੋਂ ਭੱਜੀ ਮੈਂਹ ਦੀ ਗੱਲ ਜਦ ਦਲੀਪੋ ਨੇ ਅਪਣੀ ਗਵਾਂਢਣ ਸੀਤੋ ਨਾਲ ਸਾਂਝੀ ਕੀਤੀ ਤਾਂ ਸੀਤੋ ਨੇ ਕਵੈੜਾ ਜਾ ਮੂੰਹ ਬਣਾ ਕੇ ਕਿਹਾ, 'ਭੈਣੇ ! ਦੁੱਧ ਤੇ ਪੁੱਤ ਨੂੰ ਤਾਂ ਜੈ ਖਾਣੇ ਦੀ ਝੱਟ ਨਜ਼ਰ ਲੱਗ ਜਾਂਦੀ ਐ! ਕੋਈ ਅਗਲੀ ਪਿਛਲੀ ਰੋਕ ਰੁਦਣ ਵੀ ਹੋ ਸਕਦੀ ਐ ਜਿਸ ਕਰਕੇ ਮੈਂਹ ਦੁੱਧ ਚੜ੍ਹਾਗੀ।' ਸੀਤੋ ਨੇ ਦਲੀਪੋ ਨੂੰ ਸਲਾਹ ਦਿੱਤੀ ਕਿ ਲਾਗਲੇ ਪਿੰਡ ਇਕ ਪੰਡਿਤ ਪੁਛਿਆ ਦਿੰਦੈ ! ਤੁਸੀਂ ਉਹ ਤੋਂ ਪੁਛਿਆ ਪਵਾ ਕੇ ਵੇਖ ਲੋ। ਕੀ ਪਤਾ ਹੁੰਦੈ ਕਿਸੇ ਨੇ ਕੁਝ ਕਰ ਨਾ ਦਿੱਤਾ ਹੋਵੇ ! ਸੀਤੋ ਕਿਸੇ ਸਿਆਣੇ ਵਾਂਗ ਕਹਿ ਰਹੀ ਸੀ।'

ਮੈਂ ਲੈ ਕੇ ਕੀ ਜਾਵਾਂ ਪੰਡਿਤ ਦੇ? 'ਦਲੀਪੋ ਨੇ ਸੀਤੋ ਦੇ ਨੇੜੇ ਹੁੰਦਿਆਂ ਪੁਛਿਆ।' ਲਜਾਣਾ ਕੀ ਐਹ ਭੈਣੇ ! ਪੰਜ ਸੱਤ ਕਿਲੋ ਕਣਕ ਦਾ ਕਣ ਲੈ ਜਾਹ। ਪੰਜਾਂ ਮਿੰਟਾਂ ਵਿਚ ਟੇਵਾ ਲਾ ਕੇ ਸਭ ਕੁਝ ਦੱਸ ਦੂ ਤੈਨੂੰ ਕਿ ਕੀ ਹੋਇਆ ਤੇਰੀ ਮੈਂਹ ਨੂੰ ? ' ਸੀਤੋ ਚੰਗੇ ਵਕੀਲ ਵਾਂਗ ਦਲੀਲ ਦੇ ਰਹੀ ਸੀ।

ਦਲੀਪੋ ਨੇ ਘਰ ਆ ਕੇ ਝੱਟ ਛੇ -ਸੱਤ ਕਿਲੋ ਕਣਕ ਕੱਪੜੇ ਦੇ ਲੜ ਬੰਨ੍ਹੀ ਤੇ ਆਪਣੇ ਪਤੀ ਨੂੰ ਨਾਲ ਲੈ ਕੇ ਲਾਗਲੇ ਪਿੰਡ ਪੰਡਿਤ ਪਾਸ ਪੁੱਛਦੇ-ਪੁਛਾਂਦੇ ਉਹਦੀ ਬਾਹਰਲੀ ਕੋਠੀ ਨੇੜੇ ਜਾ ਰੁਕੇ। ਪੁੱਛਿਆ ਲੈਣ ਆਇਆ ਜੋੜਾ ਕੰਧ ਉੱਪਰ ਦੀ ਕੀ ਵੇਖਦਾ ਹੈ ਕਿ ਅੱਗੋਂ ਪੰਡਿਤ ਖ਼ੁਦ ਆਪਣੀ ਗਊ ਨੂੰ ਜੂੜ ਲਾ ਕੇ ਗਊ ਦੇ ਪਿਠ 'ਤੇ ਸੋਟੀਆਂ ਮਾਰ-ਮਾਰ ਧਾਰ ਚੋ ਰਿਹਾ ਹੈ ਤਾਂ ਦਲੀਪੋ ਦਾ ਪਤੀ ਸੁਭਾਵਿਕ ਹੀ ਬੋਲਿਆ, 'ਭਾਲਦੀ ਐਹ ਇਹ ਪੰਡਿਤ ਤੋਂ ਮੱਝ ਦੇ ਦੁੱਧ ਬਾਰੇ ਪੁੱਛਣਾ ! ਇਹ ਤਾਂ ਆਪ ਅਪਣੀ ਗਊ ਨੂੰ ਕੁਟ-ਕੁਟ ਕੇ ਦੁੱਧ ਚੋ ਰਿਹੈ। ਚੱਲ ! ਮੁੜ ਘਰ ਨੂੰ ਇਹੀ ਕਣਕ ਪਿਸਾ ਕੇ ਮੈਂਹ ਨੂੰ ਖਵਾ ਦੇਹ, ਆਪੇ ਦੁੱਧ ਉੱਤਰ ਆਊਗੀ। ਪੇਟੋਂ ਭੁੱਖੀ ਤੋਂ ਭਾਲਦੀ ਐਂਹ ਦੁੱਧ !!! ' ਦਲੀਪੋ ਦਾ ਪਤੀ ਦੰਦ ਕਰੀਚ ਕੇ ਕਹਿੰਦਾ ਹੋਇਆ ਅਪਣੇ ਪਿੰਡ ਵੱਲ ਨੂੰ ਹੋ ਤੁਰਿਆ। •

## ਪ੍ਰੋ. ਸੁਲੱਖਣ ਮੀਤ ਦੀਆਂ ਰੁਬਾਈਆਂ



94633-29939

ਉਸ ਦੀ ਇਕ ਤਸਵੀਰ ਹੀ
ਮੇਰਾ ਜੀਵਨ ਹੈ।
ਉਸ ਦੇ ਦੋਵੇਂ ਕੰਗਣ
ਮੇਰੀ ਧੜਕਣ ਹੈ।
ਉਸ ਦੇ ਬਾਝੋਂ ਹੋਰ
ਕਿਸੇ ਨੂੰ ਚਾਹਿਆ ਨਾ,
ਉਹੀ 'ਮੀਤ' ਪਿਆਰਾ,
ਉਹੀ ਸੱਜਨ ਹੈ।

oooooo

ਓਹੀ ਚੰਨ ਤੇ ਓਹੀ ਤਾਰੇ।
ਓਹੀ ਜੁਗਨੂੰ ਜਗਣ ਵਿਚਾਰੇ।
ਓਹੀ ਧਰਤੀ ਮਹਿਕੀ-ਮਹਿਕੀ,
ਐਪਰ ਨਾ ਉਹ 'ਮੀਤ' ਪਿਆਰੇ।

oooooo

ਉਹਦਾ ਅਸੀਂ ਵਸਾਹ ਕਰ ਬੈਠੇ।
ਅਪਣਾ ਆਪ ਤਬਾਹ ਕਰ ਬੈਠੇ।
ਹੁਣ ਦਾਮਨ ਉਹ ਕਾਹਤੋਂ ਪਕੜੇ,
ਜਿਹਨੂੰ ਅਸੀਂ ਤਬਾਹ ਕਰ ਬੈਠੇ।

oooooo

ਉਨ੍ਹਾਂ ਵਾਲੇ ਦੇ ਨਾਲ ਲਾ ਕੇ,
ਰੱਖ ਨਾ ਛੋਟਾ ਦਰ।
ਜੇ ਪਰਬਤ ਦੇ ਪੈਰੀਂ ਵੱਸਣੈਂ,
ਪਾ ਨਾ ਕੱਚਾ ਘਰ।
ਜੇ ਤੂੰ 'ਮੀਤ' ਬਨਾਉਣਾ ਦਿਲਬਰ,
ਦਿਲ ਵਿਚ ਰੱਖੀ 'ਮੀਤ',
ਜਾਂ ਫਿਰ 'ਮੀਤ' ਬਨਾਵਣ ਵਾਲੀ,
ਗ਼ਲਤੀ ਨਾ ਤੂੰ ਕਰ।

oooooo

ਉਭੜ-ਖਾਬੜ ਰਾਹ ਦੇ ਉੱਤੇ,
ਖਾਂਦਾ ਹਾਂ ਹਿਚਕੋਲੇ।
ਪੈਰਾਂ ਹੇਠੋਂ ਧਰਤੀ ਨਿਕਲੇ,
ਨਾਲੇ ਮਨਵਾ ਡੋਲੇ।
ਪੈਰ-ਪੈਰ 'ਤੇ ਵਧਦਾ ਨ੍ਹੇਰਾ,
ਦੁੱਖ ਦਰਦ ਨਾ ਰਹਿਣਾ,
'ਮੀਤ' ਹੁਰਾਂ ਨੇ ਜਦ ਮੁਸਕਾ ਕੇ,
ਦਰ ਸਾਡੇ ਲਈ ਖੋਲ੍ਹੇ।

oooooo

ਅਸੀਂ ਲੋਕ ਤਾਂ ਸ਼ੀਸ਼ਾ ਹੋਈਏ,
ਠੇਸ ਜ਼ਰਾ ਨਾ ਸਹੀਏ।
ਜੋ ਗੱਲ ਦਿਲ ਦੇ ਅੰਦਰ ਆਏ,
ਉਹ ਰੱਬ ਲਗਦੀ ਕਹੀਏ।
ਜਬਰ-ਜ਼ੁਲਮ ਲੋਕਾਂ ਦੇ ਸਹਿਣੇ,
'ਮੀਤ' ਨਾ ਮੇਰੀ ਆਦਤ,
ਫੁੱਲਾਂ ਨਾਲ ਵੇਖ ਕੇ ਕੰਡੇ,
ਚੁੱਪ ਅਸੀਂ ਨਾ ਰਹੀਏ।

oooooo

ਅਕਸਨ ਦਾ ਮੈਂ ਫੁੱਲ ਬੇਚਾਰਾ,
ਵਿਚ ਉਜਾੜਾਂ ਖੜ੍ਹਿਆ।
ਸੂਖ਼ਮ ਛੋਹ ਤੋਂ ਵਿਰਵਾ ਸੱਖਣਾ,
ਟਾਹਣੀ ਨਾਲੋਂ ਝੜਿਆ।
ਮੇਰੀ ਜਿੰਦੜੀ ਰੁਲ਼ਦੀ ਫਿਰਦੀ,
ਸੁੱਕ-ਸੁੱਕ ਹੋਇਆ ਸੋਗੀ,
ਨਾ ਹੀ ਉਹਨੇ ਗਲ਼ ਵਿਚ ਪਾਇਆ
ਨਾ ਉਸ ਜੂੜੇ ਜੜਿਆ।





• ਸਤੀਸ਼ ਕੁਮਾਰ ਵਰਮਾ
99157-06407

# ਮਠਿਆਈ ਆਈ ਕਿਤਾਬ ਲਿਆਈ

ਜੇ ਅਸੀਂ ਵਿਆਹਾਂ ਦੇ ਕਾਰਡਾਂ ਤੇ ਡੱਬਿਆਂ ਦਾ ਕੰਮ ਬੰਦ ਕਰ ਦੇਈਏ ਤਾਂ ਸਮੇਂ ਤੇ ਧਨ ਦੀ ਬੱਚਤ ਹੋ ਸਕਦੀ ਹੈ। ਅਜੋਕੇ ਸਮੇਂ ਵਿਚ ਵ੍ਹਟਸਐਪ ਉੱਤੇ ਕਾਰਡ ਭੇਜਿਆ ਜਾ ਸਕਦਾ ਹੈ ਜਿਸ ਨਾਲ ਸਮਾਂ ਵੀ ਬਚ ਸਕਦਾ ਹੈ...

ਸਾਡੇ ਸਮਾਜ ਵਿਚ ਵਿਆਹ ਬੜੀ ਵੱਡੀ ਰਸਮ ਮੰਨਿਆ ਜਾਂਦਾ ਹੈ ਜਿਸ ਦੀਆਂ ਤਿਆਰੀਆਂ ਪਹਿਲਾਂ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ। ਲੇਕਿਨ ਇਸ ਦੇ ਨਾਲ ਹੀ ਇਸ ਵਿਚ ਬਹੁਤ ਸਾਰੀਆਂ ਰਸਮਾਂ ਦਾ ਦਖ਼ਲ ਵੀ ਹੁੰਦਾ ਹੈ। ਇਨ੍ਹਾਂ ਵਿੱਚੋਂ ਕੁਝ ਰਸਮਾਂ ਚੰਗੀਆਂ ਵੀ ਹਨ ਪਰ ਕਈ ਵਾਰ ਇਹ ਰਸਮਾਂ ਇਹੋ ਜਿਹੀਆਂ ਬਣ ਜਾਂਦੀਆਂ ਹਨ ਜਿਸ ਵਿਚ ਸਮੇਂ ਅਤੇ ਪੈਸੇ ਦੀ ਫ਼ਜ਼ੂਲ ਖ਼ਰਚੀ ਹੁੰਦੀ ਹੈ, ਜਿਵੇਂ ਵਿਆਹ ਦੇ ਕਾਰਡ ਦੇ ਨਾਲ ਮਹਿੰਗੀਆਂ ਮਠਿਆਈਆਂ ਅਤੇ ਤੋਹਫ਼ੇ ਆਦਿ ਪਹੁੰਚਾਉਣਾ। ਅੱਜ ਕੱਲ੍ਹ ਲੋਕ ਮਿਠਾਈਆਂ ਖਾਂਦੇ ਘੱਟ ਹਨ, ਇਸ ਕਰਕੇ ਮਠਿਆਈ ਕਿੰਨੇ-ਕਿੰਨੇ ਦਿਨ ਉਸੇ ਤਰ੍ਹਾਂ ਹੀ ਪਈ ਰਹਿੰਦੀ ਹੈ।

ਇਸ ਤੋਂ ਇਲਾਵਾ ਜਦੋਂ ਤੁਸੀਂ ਕਾਰਡ ਨਾਲ ਮਠਿਆਈ ਭੇਜਦੇ ਹੋ ਤਾਂ ਬੰਦੇ 'ਤੇ ਬੰਧਨ ਹੋ ਜਾਂਦਾ ਹੈ ਕਿ ਵਿਆਹ 'ਤੇ ਜ਼ਰੂਰ ਜਾਣਾ ਪਵੇਗਾ। ਇਸ ਸਾਰੇ ਕੰਮ ਵਿਚ ਸਮਾਂ ਬਹੁਤ ਜ਼ਿਆਦਾ ਲਗਦਾ ਹੈ। ਜੇ ਅਸੀਂ ਵਿਆਹਾਂ ਦੇ ਕਾਰਡਾਂ ਅਤੇ ਡੱਬਿਆਂ ਦਾ ਕੰਮ ਬੰਦ ਕਰ ਦੇਈਏ ਤਾਂ ਸਮੇਂ ਅਤੇ ਧਨ ਦੀ ਬੱਚਤ ਹੋ ਸਕਦੀ ਹੈ। ਅਜੋਕੇ ਸਮੇਂ ਵਿਚ ਵ੍ਹਟਸਐਪ ਉੱਤੇ ਕਾਰਡ ਭੇਜਿਆ ਜਾ ਸਕਦਾ ਹੈ ਜਿਸ ਨਾਲ ਸਮਾਂ ਬਚਾਇਆ ਜਾ ਸਕਦਾ ਹੈ। ਜਿਸ ਨੂੰ ਤੁਸੀਂ ਕਾਰਡ ਦੇਣ ਜਾਂਦੇ ਹੋ ਤਾਂ ਇਹੀ ਨਹੀਂ ਕਿ ਤੁਹਾਡਾ ਸਮਾਂ ਬਰਬਾਦ ਹੋ ਰਿਹੇ ਸਗੋਂ ਉਸ ਬੰਦੇ ਦਾ ਸਮਾਂ ਵੀ ਬਰਬਾਦ ਹੁੰਦਾ ਹੈ। ਇਸ ਸਮੇਂ ਦਾ ਕੋਈ ਮੁੱਲ ਨਹੀਂ ਹੁੰਦਾ ਕਿਉਂਕਿ ਇਹ ਅਮੁੱਲਾ ਸਮਾਂ ਹੈ ਜਿਹੜਾ ਬਚਾਇਆ ਜਾ ਸਕਦਾ ਹੈ। ਲੇਕਿਨ ਹੁਣ ਕੁਝ ਲੋਕ ਨਵੇਂ ਤਜਰਬੇ ਕਰਨ ਲੱਗੇ ਹਨ ਜਿਸ ਨਾਲ ਪਰੰਪਰਕ ਰਸਮਾਂ ਵੀ ਉਸਾਰੂ ਬਣ ਜਾਂਦੀਆਂ ਹਨ, ਜਿਵੇਂ ਅਸੀਂ ਅਕਸਰ ਪੜ੍ਹਦੇ ਹਾਂ ਕਿ ਕਿਸੇ ਵਿਆਹ ਉੱਤੇ ਕਿਸੇ ਬੰਦੇ ਨੇ ਖ਼ੂਨਦਾਨ ਕੈਂਪ ਲਾਇਆ ਜਾਂ ਵਿਆਹ ਤੇ ਕੁਝ ਹੋਰ ਸਮਾਜਿਕ ਕੰਮ ਕੀਤਾ। ਇਹ ਸਭ ਵੀ ਠੀਕ ਹਨ ਪਰ ਅਜਿਹੀ ਚੀਜ਼ ਜਿਹੜੀ ਵਿਆਹ ਦੀਆਂ ਰਸਮਾਂ ਦੇ ਅਨੁਕੂਲ ਹੁੰਦੀ ਹੋਈ ਵੱਖਰੀ, ਉਸਾਰੂ ਤੇ ਜ਼ਿਆਦਾ ਢੁੱਕਵੀਂ ਹੋਵੇ, ਉਸ ਦਾ ਵੱਖਰਾ ਹੀ ਅਨੰਦ ਹੈ। ਇਸ ਕੜੀ ਵਿਚ ਇਕ ਨਵਾਂ ਤਜਰਬਾ ਮੇਰੇ ਅਜ਼ੀਜ਼ ਤੇ ਪੰਜਾਬ ਦੀ ਪ੍ਰਸਿੱਧ ਸ਼ਖ਼ਸੀਅਤ ਡਾ. ਧਰਮਿੰਦਰ ਸਿੰਘ ਉੱਭਾ ਨੇ ਕੀਤਾ।

ਜਦੋਂ ਉਨ੍ਹਾਂ ਨੇ ਆਪਣੇ ਬੇਟੇ ਸੁਹਜਦੀਪ ਦੇ ਵਿਆਹ ਲਈ ਭੇਜੇ 'ਕਾਰਡ' ਦੇ ਨਾਲ ਇਕ ਵਿਸ਼ੇਸ਼ 'ਕਿਤਾਬ' ਵੀ ਭੇਜੀ। ਇਹ ਕਿਤਾਬ ਕੋਈ ਆਮ ਕਿਤਾਬ ਨਹੀਂ ਹੈ। ਉਨ੍ਹਾਂ ਨੇ ਇਹ ਕਿਤਾਬ ਵਿਆਹ ਤੋਂ ਪਹਿਲਾਂ ਹੀ ਭੇਜ ਦਿੱਤੀ ਹੈ ਜਦਕਿ ਵਿਆਹਾਂ ਉੱਤੇ ਕਿਤਾਬਾਂ ਦੇ ਸਟਾਲ ਲਾਉਣ ਦੀ ਖ਼ਬਰ ਵੀ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ। ਡਾ. ਉੱਭਾ ਨੇ ਵੱਖਰਾ ਕੰਮ ਇਹ ਕੀਤਾ ਕਿ ਆਪਣੇ ਸਾਰੇ ਪਰਿਵਾਰ ਨੂੰ ਹੀ ਵਿਆਹ ਦੀਆਂ ਰਸਮਾਂ ਦੇ ਨਾਲ ਇਹ ਕਿਤਾਬ ਰਾਹੀਂ ਜੋੜ ਦਿੱਤਾ ਹੈ। ਇਸ ਕਿਤਾਬ ਦਾ ਨਾਂ ਹੈ : ਸਾਕ ਸੁਹਾਵੇ। ਧਰਮਿੰਦਰ ਹੁਰਾਂ ਦੇ ਜਿੰਨੇ ਨੇੜਲੇ ਰਿਸ਼ਤੇਦਾਰ ਭਾਵ 'ਵਡੇਰੇ ਪਰਿਵਾਰ' ਦੇ ਮੈਂਬਰ ਸਨ ਉਨ੍ਹਾਂ ਨੇ ਇਸ ਕਿਤਾਬ ਵਿਚ ਰਿਸ਼ਤਿਆਂ ਦੀ ਮਹੱਤਤਾ ਬਾਰੇ ਲੇਖ ਲਿਖੇ ਹਨ। ਧਰਮਿੰਦਰ ਸਿੰਘ ਉੱਭਾ ਵੱਲੋਂ ਇਹ ਕਿਤਾਬ ਸੰਪਾਦਿਤ ਕੀਤੀ ਗਈ ਹੈ। ਉਨ੍ਹਾਂ ਨੇ ਬੇਟੇ ਦੇ ਵਿਆਹ ਦੇ ਕਾਰਡ ਨਾਲ ਸਭ ਦੇ ਘਰ ਪਰੰਪਰਕ ਰੂਪ ਵਿਚ ਮਠਿਆਈ ਭੇਜੀ ਪਰ ਨਾਲ ਹੀ ਉਸ ਡੱਬੇ ਦੇ ਉੱਤੇ ਕਿਤਾਬ 'ਸਾਕ ਸੁਹਾਵੇ' ਰੱਖੀ ਹੋਈ ਸੀ। ਇਹ ਕਿਤਾਬ ਅਜਿਹੀ ਹੈ ਜਿਸ ਨੂੰ ਹਰ ਕੋਈ ਪੜ੍ਹ ਅਤੇ ਮਾਣ ਸਕਦਾ ਹੈ। ਕੋਈ ਹੋਰ ਸਾਹਿਤਕ ਕਿਤਾਬ ਹੁੰਦੀ ਤਾਂ ਸ਼ਾਇਦ ਹਰ ਇਕ ਲਈ ਰੈਲੇਵੈਂਟ ਨਾ ਹੁੰਦੀ ਪਰ ਪ੍ਰਸਤੁਤ ਕਿਤਾਬ ਸਾਰਿਆਂ ਲਈ ਰੈਲੇਵੈਂਟ ਹੈ ਕਿਉਂਕਿ 'ਸਾਕ ਸੁਹਾਵੇ' ਰਿਸ਼ਤਿਆਂ ਦੀ ਖ਼ੂਬਸੂਰਤੀ ਬਾਰੇ ਹੈ।

ਲਿਹਾਜ਼ਾ ਵਿਆਹ ਦੇ ਕਾਰਡ ਅਤੇ ਮਿਠਾਈ ਦੇ ਡੱਬੇ ਨਾਲ ਆਈ ਇਹ ਕਿਤਾਬ ਸਾਂਭਣਯੋਗ ਹੋ ਗਈ। ਅਸੀਂ ਹਰ ਵਿਆਹ ਦੇ ਕਾਰਡ ਨਹੀਂ ਸਾਂਭਦੇ ਪਰ ਇਹ ਕਿਤਾਬ ਹਮੇਸ਼ਾ ਲਈ ਸਾਂਭੀ ਰਹੇਗੀ ਅਤੇ ਨਾਲ ਹੀ ਇਸ ਵਿਆਹ ਦੀ ਯਾਦਗਾਰ ਹਮੇਸ਼ਾ ਬਣੀ ਰਹੇਗੀ। ਇਸ ਕਿਤਾਬ ਦਾ ਦੂਜਾ ਪੱਖ ਇਹ ਹੈ ਕਿ ਧਰਮਿੰਦਰ ਸਿੰਘ ਉੱਭਾ ਪਰਿਵਾਰ ਜੋ ਕਿ 'ਪ੍ਰੋ. ਅੱਛਰੂ ਸਿੰਘ ਪਰਿਵਾਰ' ਵਜੋਂ ਜਾਣਿਆ ਜਾਂਦਾ ਹੈ ਜਾਂ ਉਸ ਤੋਂ ਪਿੱਛੇ ਜਾਈਏ ਤਾਂ 'ਬਾਬਾ ਹੰਸਾ ਸਿੰਘ ਪਰਿਵਾਰ' ਵਜੋਂ ਪਛਾਣ ਰੱਖਦਾ ਹੈ ਜਿਨ੍ਹਾਂ ਨੇ ਸਮਾਜ ਸੇਵਾ ਵਿਚ ਸਾਰੀ ਉਮਰ ਬਿਤਾਈ ਅਤੇ ਮਾਨਸਾ ਜ਼ਿਲ੍ਹੇ ਵਿਚ ਪਾਣੀ ਦੀ ਸੇਵਾ ਕੀਤੀ। ਇਸ ਪਰਿਵਾਰ ਦੇ ਸਾਰੇ ਜੀਅ ਹੀ 'ਕਲਮ' ਨਾਲ ਜੁੜੇ ਹੋਏ ਨੇ। ਇਸ ਲਈ ਇਸ ਪਰਿਵਾਰ ਦਾ ਕੋਈ ਵੀ ਐਸਾ ਮੈਂਬਰ ਨਹੀਂ ਹੈ ਜਿਸ ਨੇ ਇਸ ਕਿਤਾਬ ਵਿਚ ਲੇਖ ਨਾ ਲਿਖਿਆ ਹੋਵੇ। ਜਿਸ ਦੇ ਪ੍ਰਮਾਣ ਵਜੋਂ ਅਸੀਂ ਲੇਖਾਂ ਦੀ ਤਰਤੀਬ ਦੇਖ ਸਕਦੇ ਹਾਂ। ਇਸ ਤਰਤੀਬ ਦੇ ਵਿਚ ਪਹਿਲੀ ਪੀੜ੍ਹੀ, ਦੂਜੀ ਪੀੜ੍ਹੀ ਤੇ ਤੀਜੀ ਪੀੜ੍ਹੀ ਭਾਵ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਸ਼ਾਮਿਲ ਹਨ। ਪਹਿਲੀ ਪੀੜ੍ਹੀ ਵਿੱਚੋਂ ਅੱਛਰੂ ਸਿੰਘ ਦਾ ਲੇਖ ਦੇਖਿਆ ਜਾ ਸਕਦਾ ਹੈ ਜਿਸ ਵਿਚ ਬਜ਼ੁਰਗਾਂ ਦੀ ਸਾਂਭ ਸੰਭਾਲ ਬਾਰੇ ਗੱਲ ਕੀਤੀ ਗਈ ਹੈ।

ਜੇ ਵਰਤਮਾਨ ਪੀੜ੍ਹੀ ਵੱਲ ਆਈਏ ਤਾਂ ਖ਼ੁਦ ਧਰਮਿੰਦਰ ਸਿੰਘ ਉੱਭਾ, ਉਨ੍ਹਾਂ ਦੀ ਪਤਨੀ ਡਾ. ਸਵਰਨਜੀਤ ਕੌਰ ਉੱਭਾ, ਭੈਣਾਂ ਡਾ. ਪਰਮਿੰਦਰ ਕੌਰ ਕਰਾਂਤੀ ਤੇ ਡਾ. ਗਗਨਦੀਪ ਕੌਰ ਸ਼ਾਮਿਲ ਹਨ। ਇਨ੍ਹਾਂ ਦੇ ਲੇਖਾਂ ਵਿਚ ਘਰ ਪਰਿਵਾਰ, ਪਤੀ ਪਤਨੀ ਸਬੰਧ, ਸੱਸ ਨੂੰਹ ਦਾ ਰਿਸ਼ਤਾ, ਨਨਦ ਭਰਜਾਈ ਦਾ ਰਿਸ਼ਤਾ, ਦੋਸਤੀ ਦਾ ਰਿਸ਼ਤਾ, ਅਸੂਲ ਪ੍ਰਸਤੀ ਆਦਿ ਉਹ ਵਿਸ਼ੇ ਛੋਹੇ ਗਏ ਹਨ ਜੋ ਮੁੱਖ ਤੌਰ ਤੇ 'ਜੀਵਨ ਜਾਚ' ਨਾਲ ਸਬੰਧਿਤ ਹਨ। ਇਸ ਦੇ ਨਾਲ ਹੀ ਜੇ ਇਸ ਪਰਿਵਾਰ ਦੀ ਤੀਜੀ ਪੀੜ੍ਹੀ ਵੱਲ ਜਾਈਏ ਤਾਂ ਧਰਮਿੰਦਰ ਦੇ ਵਿਆਂਦੜ ਮੁੰਡੇ ਸੁਹਜਬੀਰ ਸਿੰਘ ਉੱਭਾ, ਨਾਵਲਕਾਰ ਬੇਟੀ ਸਿਰਜਣਦੀਪ ਕੌਰ ਉੱਭਾ ਅਤੇ ਭਾਣਜੇ ਸੁਪਰੀਤ ਸਿੰਘ ਦੇ ਤਿੰਨੇ ਲੇਖ ਕ੍ਰਮਵਾਰ 'ਮੇਰਾ ਵਿਰਾਸਤੀ ਮਹਿਲ', 'ਪਿਆਰ, ਪਰਿਵਾਰ ਤੇ ਮੈਂ', 'ਦਾਦਾ-ਦਾਦੀ ਤੇ ਨਾਨਾ ਨਾਨੀ ਦਾ ਪਿਆਰ' ਅਸਲ ਵਿਚ ਪਹਿਲੀ ਪੀੜ੍ਹੀ ਤੇ ਤੀਜੀ ਪੀੜ੍ਹੀ ਵਿਚਕਾਰ ਪੁਲ ਦਾ ਕੰਮ ਕਰਦੇ ਜਾਪਦੇ ਹਨ ਜਿਸ ਵਿਚ ਵਿਚਕਾਰਲੀ ਪੀੜ੍ਹੀ ਸੁਤੇਸਿਧ ਹੀ 'ਪੁਲ' ਬਣ ਰਹੀ ਹੈ। ਇਹ ਕਿਤਾਬ ਪੜ੍ਹਨ ਤੋਂ ਬਾਅਦ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੋਈ ਕਿ ਸਾਡੇ ਪੰਜਾਬ ਵਿਚ 'ਸ਼ਬਦ ਸੱਭਿਆਚਾਰ' ਮੁੜ ਤੋਂ ਵਿਕਸਿਤ ਹੋ ਰਿਹਾ ਹੈ ਅਤੇ ਇਹ ਕਿਤਾਬ ਇਸ ਵਿਕਾਸ ਵਿਚ ਭੂਮਿਕਾ ਨਿਭਾ ਰਹੀ ਹੈ। ਇਸ ਕਿਤਾਬ ਦਾ ਇਕ ਪੱਖ ਇਹ ਵੀ ਹੈ ਕਿ ਕਿਤਾਬ ਰਿਸ਼ਤਿਆਂ ਦੀ ਮਜ਼ਬੂਤੀ ਵਿਚ ਵਿਸ਼ਵਾਸ ਪੈਦਾ ਕਰ ਰਹੀ ਹੈ ਜਿਸ ਦਾ ਪ੍ਰਮਾਣ ਪੁਸਤਕ ਵਿਚਲੇ ਲੇਖਾਂ ਦੇ ਸਿਰਲੇਖਾਂ ਤੋਂ ਹੀ ਮਿਲ ਜਾਂਦਾ ਹੈ।

ਇਸ ਕਿਤਾਬ ਦਾ ਤੀਜਾ ਪੱਖ ਇਹ ਹੈ ਕਿ ਇਹ ਕਿਤਾਬ 'ਸਾਂਝੇ ਪਰਿਵਾਰ' ਵਿਚ ਵਿਸ਼ਵਾਸ ਪੈਦਾ ਕਰ ਰਹੀ ਹੈ ਜਿਸ ਦਾ ਪ੍ਰਮਾਣ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਲੇਖਕਾਂ ਵਜੋਂ ਇਸ ਪੁਸਤਕ ਵਿਚ 'ਸਾਂਝੇ ਪਰਿਵਾਰ' ਵਜੋਂ ਉਪਸਥਿਤੀ ਹੈ। ਚੌਥਾ ਪੱਖ ਇਹ ਹੈ ਕਿ ਨਵੀਂ ਵਿਆਹੀ ਜੋੜੀ ਸੁਹਜਬੀਰ-ਕੰਵਲਦੀਪ ਦੇ ਵਿਆਹ ਦੇ ਬਹਾਨੇ ਇਹ ਕਿਤਾਬ 'ਸਾਂਝੇ ਪਰਿਵਾਰ' ਦਾ ਹੀ ਸੰਦੇਸ਼ ਦੇ ਰਹੀ ਹੈ। ਭਾਵੇਂ ਅੱਜ ਪਰਿਵਾਰ ਇਕੱਠੇ ਨਹੀਂ ਰਹਿੰਦੇ, ਅੱਡ-ਅੱਡ ਥਾਵਾਂ ਤੇ ਰਹਿੰਦੇ ਹਨ ਪਰੰਤੂ ਸਾਡੀ ਆਪਸ ਵਿਚ ਇਕਜੁਟਤਾ ਮੋਹ ਮੁਹੱਬਤ ਕਰਕੇ ਹੁੰਦੀ ਹੈ। ਇਸ ਮੁਹੱਬਤ ਦਾ ਆਧਾਰ 'ਸਾਕ' ਹੈ ਅਤੇ 'ਸਾਕ ਸੁਹਾਵੇ' ਹੋਣੇ ਚਾਹੀਦੇ ਹਨ। ਇਸ ਲਈ ਇਹ ਕਿਤਾਬ 'ਸਾਕਾਂ' ਭਾਵ 'ਰਿਸ਼ਤਿਆਂ' ਦੇ 'ਸੁਹਾਵੇ' ਭਾਵ 'ਸੁਹਾਵਣੇ' ਹੋਣ ਦੀ ਭਾਵਨਾ ਨਾਲ ਲਬਰੇਜ਼ ਹੈ।

ਕਿਤਾਬ ਨੂੰ ਧਰਮਿੰਦਰ ਸਿੰਘ ਉੱਭਾ ਨੇ ਬੜੀ ਸੂਝ ਸਿਆਣਪ ਨਾਲ ਸੰਪਾਦਿਤ ਕੀਤਾ ਹੈ ਜਿਸ ਦਾ ਪ੍ਰਮਾਣ ਇਸ ਪੁਸਤਕ ਦਾ ਸਮਰਪਣ ਹੈ ਜੋ ਛੇ ਕਵਿਤਾਵਾਂ ਕ੍ਰਮਵਾਰ ਮਾਂ ਨੂੰ, ਪਿਤਾ ਨੂੰ, ਪਤਨੀ ਨੂੰ, ਧੀ ਨੂੰ, ਪੁੱਤਰ ਨੂੰ, ਭੈਣ ਨੂੰ, ਦੇ ਰੂਪ ਵਿਚ ਰਚਿਆ ਗਿਆ ਹੈ। ਇਹ ਕਿਤਾਬ ਦੇ ਪਾਠ ਰਾਹੀਂ ਮੈਨੂੰ ਲੱਗਿਆ ਕਿ ਇਹ ਕਿਤਾਬ ਕੇਵਲ 'ਮਠਿਆਈ ਆਈ ਕਿਤਾਬ ਲਿਆਈ' ਵਾਲੀ ਅਚੰਭਿਤ ਕਰਨ ਵਾਲੀ ਖ਼ੁਸ਼ਗਵਾਰ ਘਟਨਾ ਹੀ ਨਹੀਂ ਹੈ ਬਲਕਿ 'ਕਿਤਾਬ ਆਈ ਜ਼ਿੰਦਗੀ ਦੀ ਮਿਠਾਸ ਲਿਆਈ' ਵਾਲਾ ਸੁਹਜਮਈ ਵਰਤਾਰਾ ਵੀ ਹੈ ਜਿਸ ਦਾ ਸੁਆਗਤ ਕਰਨਾ ਬਣਦਾ ਹੈ। •

### ਸ਼ਬਦ ਸੱਭਿਆਚਾਰ

ਪੰਜਾਬ ਵਿਚ 'ਸ਼ਬਦ ਸੱਭਿਆਚਾਰ' ਮੁੜ ਤੋਂ ਵਿਕਸਿਤ ਹੋ ਰਿਹਾ ਹੈ ਤੇ ਇਹ ਕਿਤਾਬ ਇਸ ਵਿਕਾਸ ਵਿਚ ਭੂਮਿਕਾ ਨਿਭਾ ਰਹੀ ਹੈ। ਇਹ ਕਿਤਾਬ ਰਿਸ਼ਤਿਆਂ ਦੀ ਮਜ਼ਬੂਤੀ ਵਿਚ ਵਿਸ਼ਵਾਸ ਪੈਦਾ ਕਰ ਰਹੀ ਹੈ ਜਿਸ ਦਾ ਪ੍ਰਮਾਣ ਲੇਖਾਂ ਦੇ ਸਿਰਲੇਖਾਂ ਤੋਂ ਮਿਲ ਜਾਂਦਾ ਹੈ।




ਨਵੀਂ ਸੋਚ ਨਵੀਂ ਪਹਿਲ

## ਗ਼ਜ਼ਲਾਂ



ਇਕਵਿੰਦਰ ਸਿੰਘ

ਅਪਣੇ ਘਰ ਵਿਚ ਬੇਗਾਨਾ ਮਹਿਸੂਸ ਕਰਾਂ!
ਬੇਗਾਨਾਪਨ ਰੋਜ਼ਾਨਾ ਮਹਿਸੂਸ ਕਰਾਂ!

ਯਾਰ ਮਿਲਾਉਂਦੇ ਹੱਥ ਨੇ ਨੰਗਿਆਂ ਹੱਥਾਂ ਨਾਲ,
ਫਿਰ ਵੀ ਸਭ ਦੇ ਦਸਤਾਨਾ ਮਹਿਸੂਸ ਕਰਾਂ!

ਜਿੱਥੇ ਕੌੜੀਆਂ ਯਾਦਾਂ ਧਰੀਆਂ ਹੋਈਆਂ ਨੇ,
ਦਿਲ ਵਿਚ ਐਸਾ ਤਹਿਖ਼ਾਨਾ ਮਹਿਸੂਸ ਕਰਾਂ !

ਟੋਲ ਪਲਾਜ਼ੇ 'ਤੇ ਕਟਵਾ ਕੇ ਪਰਚੀ ਮੈਂ,
ਭਰਿਆ ਕੋਈ ਹਰਜਾਨਾ ਮਹਿਸੂਸ ਕਰਾਂ!

ਜਦ ਵੀ ਤੇਰੀ ਨਗਰੀ ਦੇ ਵਿਚ ਆਉਂਦਾ ਹਾਂ,
ਪੈਰ-ਪੈਰ 'ਤੇ ਮੈਅਖ਼ਾਨਾ ਮਹਿਸੂਸ ਕਰਾਂ!

ਉੱਡਦੇ ਬਦਲਾਂ ਉੱਤੇ ਵਗਦੇ ਪਾਣੀ 'ਤੇ ,
ਲਿਖਿਆ ਤੇਰਾ ਅਫ਼ਸਾਨਾ ਮਹਿਸੂਸ ਕਰਾਂ!

ਜਦ ਵੀ ਤੈਨੂੰ ਮਿਲਦਾ ਹਾਂ ਮੈਂ 'ਇਕਵਿੰਦਰ',
ਖ਼ੁਦ ਨੂੰ ਕੁਛ-ਕੁਛ ਦੀਵਾਨਾ ਮਹਿਸੂਸ ਕਰਾਂ!



ਜਗਤਾਰ ਪੱਖੋ
9465196946

ਸੋਚਾਂ ਦਾ ਬੇਅੰਤ ਖਿਲਾਰਾ
ਮੇਰੇ ਮਨ ਦੇ ਅੰਦਰ ਵੀ ਹੈ।
ਅਰਬਦ-ਨਰਬਦ ਧੁੰਦੂਕਾਰਾ
ਮੇਰੇ ਮਨ ਦੇ ਅੰਦਰ ਵੀ ਹੈ।

ਹੁਣ ਤਾਂ ਵੇਖੋ ਮੌਸਮ ਮੁਨਕਰ
ਹੋਈ ਜਾਂਦੇ ਰੁੱਤਾਂ ਕੋਲੋਂ,
ਤੋਹਫ਼ੇ ਦੇ ਵਿਚ ਮਿਲਿਆ ਲਾਰਾ
ਮੇਰੇ ਮਨ ਦੇ ਅੰਦਰ ਵੀ ਹੈ।

ਮਿੱਠਾ ਸਾਗਰ ਖਾਰਾ ਹੋਇਆ
ਗ਼ਮ ਨਦੀਆਂ ਦੇ ਪੀ ਕੇ ਸਾਰੇ,
ਵਗਦਾ ਇਕ ਸਮੁੰਦਰ ਖਾਰਾ
ਮੇਰੇ ਮਨ ਦੇ ਅੰਦਰ ਵੀ ਹੈ।

ਅੱਧੀ ਰਾਤੀਂ ਮਾਰੂਥਲ ਨੇ
ਜ਼ਖ਼ਮ ਵਿਖਾਏ ਅੰਬਰ ਤਾਈਂ,
ਦਰਦਾਂ ਦੀ ਇਕ ਵਹਿੰਦੀ ਧਾਰਾ
ਮੇਰੇ ਮਨ ਦੇ ਅੰਦਰ ਵੀ ਹੈ।

ਫੁੱਲ ਖਿੜੇ ਪਰ ਫਲ਼ ਨਾ ਲੱਗੇ
ਰੋਹੀ ਦਾ ਰੁੱਖ 'ਕੱਲਾ ਰੋਵੇ,
ਹਉਕੇ ਲੈਂਦਾ ਚਾਅ ਕੁਆਰਾ
ਮੇਰੇ ਮਨ ਦੇ ਅੰਦਰ ਵੀ ਹੈ।

ਸੁਣਿਆ ਉਸ ਦੇ ਵਿਹੜੇ ਅੰਦਰ
ਹਾਸੇ ਠੱਠੇ ਖਿੜ-ਖਿੜ ਹੋਵੇ,
ਦੁੱਖਾਂ ਦਾ ਇਕ ਅਜਬ ਨਜ਼ਾਰਾ
ਮੇਰੇ ਮਨ ਦੇ ਅੰਦਰ ਵੀ ਹੈ।

ਪੱਥਰ ਪਾਟਣ ਸ਼ੀਸ਼ੇ ਤਿੜਕਣ
ਦਿਲ ਵੀ ਇੱਥੇ ਟੁੱਟਣ 'ਪੱਖੋ',
ਰਾਤ ਗਈ ਤੋਂ ਟੁੱਟਦਾ ਤਾਰਾ
ਮੇਰੇ ਮਨ ਦੇ ਅੰਦਰ ਵੀ ਹੈ।

ਜਦੋਂ ਮਿਲਿਆ ਤਾਂ ਲਗਦਾ ਸੀ,
ਉਹ ਮੈਨੂੰ ਪਿਆਰ ਕਰਦਾ ਹੈ,
ਬੜਾ ਸਤਿਕਾਰ ਕਰਦਾ ਹੈ।
ਪਤਾ ਲੱਗਾ ਮਗਰ ਮਗਰੋਂ,
ਉਹ ਪਿਠ 'ਤੇ ਵਾਰ ਕਰਦਾ,
ਤੇ ਦਿਲ ਦੇ ਪਾਰ ਕਰਦਾ ਹੈ।

ਅਨੋਖੇ ਕੰਮ ਹਨ ਉਸ ਦੇ
ਨਾ ਦੁਨੀਆ ਜਾਣਦੀ ਉਸ ਨੂੰ
ਨਾ ਹੀ ਪਹਿਚਾਣਦੀ ਉਸ ਨੂੰ,
ਕਿ ਧਰਤੀ ਦੇ ਹਰ ਹਿੱਸੇ ਦਾ
ਜੋ ਸ਼ਿੰਗਾਰ ਕਰਦਾ ਹੈ
ਮੇਰਾ ਕਰਤਾਰ ਕਰਦਾ ਹੈ।

ਤਰੱਕੀ ਕਰ ਲਈ ਵਿਗਿਆਨ ਨੇ
ਬੇਸ਼ੱਕ ਜ਼ਮਾਨੇ 'ਤੇ
ਰਹੀ ਦੁਨੀਆ ਨਿਸ਼ਾਨੇ ਤੇ,
ਨਹੀਂ ਹੁੰਦਾ ਕੁਝ ਮਨੁੱਖਾਂ ਤੋਂ,
ਜੋ ਸਭ ਕਰਤਾਰ ਕਰਦਾ ਹੈ,
ਉਹ ਸਿਰਜਣਹਾਰ ਕਰਦਾ ਹੈ।

ਬਣਾਇਆ ਯਾਰ ਜਿਸ ਨੂੰ ਵੀ,
ਰਿਹਾ ਪਰਖਦਾ ਮੈਨੂੰ,
ਭਲਾ ਦੱਸਾਂ ਮੈਂ ਕੀ ਤੈਨੂੰ।
ਉਹ ਬਣ ਦਿਲਬਰ ਸਹੋਤੇ ਤੇ,
ਹਮੇਸ਼ਾ ਵਾਰ ਕਰਦਾ ਹੈ,
ਤੇ ਮੇਰਾ ਯਾਰ ਕਰਦਾ ਹੈ।

ਬਿਦੇਸ਼ਾਂ ਵਿਚ ਚਲੇ ਜਾਵੋ,
ਤੇ ਉਥੇ ਜਾ ਕੇ ਵਸ ਜਾਵੋ,
ਜਾਂ ਝੱਖੜਾਂ ਵਿਚ ਹੀ ਫਸ ਜਾਵੋ।
ਨਹੀਂ ਭੁੱਲਦਾ ਕਦੇ ਵੀ ਪਿਆਰ,
ਜੋ ਪਰਿਵਾਰ ਕਰਦਾ ਹੈ,
ਤੇ ਬਾਰਮ ਬਾਰ ਕਰਦਾ ਹੈ।



ਜਿੰਗਾ ਸਿੰਘ ਸਹੋਤਾ
946368713



ਰਣਬੀਰ ਆਕਾਸ਼
98765-82400

ਜ਼ਰਾ ਕੁ ਠਹਿਰ ਇਬਾਦਤ ਨੂੰ
ਵੇਖਦਾ ਜਾਵੀਂ।
ਅਸਾਂ ਦੀ ਪਿਆਰ-ਮੁਹੱਬਤ ਨੂੰ
ਵੇਖਦਾ ਜਾਵੀਂ।

ਅਸੀਂ ਚਿਰਾਗ਼ ਹਵਾਵਾਂ 'ਚ
ਬਾਲ ਕੇ ਛੱਡਣੇ,
ਤੂੰ ਰੋਸ਼ਨੀ ਦੀ ਹਕੀਕਤ ਨੂੰ
ਵੇਖਦਾ ਜਾਵੀਂ।

ਤਿਰਾ ਵਿਯੋਗ ਤਾਂ ਦਿਲ
ਵਿਚ ਹੈ ਸਾਂਭ ਕੇ ਰੱਖਿਆ,
ਕਦੇ ਤੂੰ ਯਾਰ ਅਮਾਨਤ ਨੂੰ
ਵੇਖਦਾ ਜਾਵੀਂ।

ਅਗਰ ਯਕੀਨ ਨਹੀਂ ਹੈ ਕਿ
ਮੈਂ ਕਮਾਇਆ ਕੀ?
ਮਿਰੀ ਜਹਾਨ ਤੋਂ ਰੁਖ਼ਸਤ ਨੂੰ
ਵੇਖਦਾ ਜਾਵੀਂ।

ਅਖ਼ੀਰ ਮੌਤ ਨੇ ਸਾਹਾਂ ਨੂੰ
ਕੈਦ ਕਰ ਲੈਣਾ,
ਤੂੰ ਜ਼ਿੰਦਗੀ ਦੀ ਜ਼ਮਾਨਤ
ਨੂੰ ਵੇਖਦਾ ਜਾਵੀਂ।

ਸਵੇਰ ਸਾਰ ਸ਼ੁਰੂ ਹੋ ਗਈ
ਮਸ਼ੱਕਤ ਹੈ,
ਹੈ ਲਾਜਵਾਬ ਵਿਰਾਸਤ ਨੂੰ
ਵੇਖਦਾ ਜਾਵੀਂ।

ਸਦਾ ਸਫ਼ੈਦ ਕਬੂਤਰ
'ਆਕਾਸ਼' ਦੇਖੇ ਨੇ,
ਜ਼ਮੀਂ ਹੈ ਲਾਲ,
ਸਿਆਸਤ ਨੂੰ
ਵੇਖਦਾ ਜਾਵੀਂ।

ਸ਼ਬਦੋ ਵਣਜਾਰਿਓ

## ਲੀਲ੍ਹਾ



ਪਰਮਜੀਤ ਢੀਂਗਰਾ
94173-58120

ਕੋਸ਼ਾਂ ਵਿਚ ਲੀਲ੍ਹਾ ਦਾ ਅਰਥ ਹੈ-ਖੇਡ ਤਮਾਸ਼ਾ, ਅਚਰਜ ਖੇਡ, ਕੌਤਕ, ਚੋਜ, ਰਾਮ ਲੀਲ੍ਹਾ, ਕ੍ਰਿਸ਼ਨ ਲੀਲ੍ਹਾ, ਲੀਲ੍ਹਧਾਰੀ-ਲੀਲ੍ਹਾ ਕਰਨ ਵਾਲਾ, ਲੀਲ੍ਹਾ ਭੂਮੀ-ਲੀਲ੍ਹਾ ਕਰਨ ਦੀ ਥਾਂ, ਲੀਲ੍ਹਾ ਰਚਨਾ-ਖੇਡ ਕਰਨੀ, ਰੰਗ ਤਮਾਸ਼ਾ ਵਿਖਾਉਣਾ, ਕੌਤਕ ਵਿਖਾਉਣਾ, ਲੀਲ੍ਹਾਵਤੀ-ਪ੍ਰਸਿੱਧ ਜੋਤਸ਼ੀ ਭਾਸਕਰਾਚਾਰਯ ਦੀ ਪਤਨੀ ਦਾ ਨਾਂ ਜਿਸ ਨੇ ਗਣਿਤ ਦੀ ਇਕ ਪੁਸਤਕ ਰਚੀ ਤੇ ਉਹਦਾ ਨਾਂ ਲੀਲ੍ਹਾਵਤੀ ਰੱਖਿਆ।

ਕ੍ਰਿਸ਼ਨ ਲੀਲ੍ਹਾ-ਕ੍ਰਿਸ਼ਨ ਦੇ ਚਰਿਤਰ ਨੂੰ ਪੇਸ਼ ਕਰਨ ਵਾਲੀਆਂ ਨਾਟਕੀ ਝਾਕੀਆਂ, ਗੋਵਰਧਨ ਲੀਲ੍ਹਾ-ਕ੍ਰਿਸ਼ਨ ਮਹਾਰਾਜ ਦੀ ਉਹ ਲੀਲ੍ਹਾ ਜਿਸ ਵਿਚ ਇੰਦਰ ਦਾ ਅਭਿਆਨ ਤੋੜਨ ਲਈ ਕ੍ਰਿਸ਼ਨ ਨੇ ਗੋਵਰਧਨ ਪਹਾੜ ਉਂਗਲ 'ਤੇ ਚੁੱਕ ਲਿਆ।

ਜਲ ਲੀਲ੍ਹਾ-ਪਾਣੀ ਵਿਚ ਨਹਾਉਂਦਿਆਂ ਕੀਤੇ ਜਾਣ ਵਾਲੇ ਕਲੋਲ, ਜੀਵਨ ਲੀਲ੍ਹਾ-ਜ਼ਿੰਦਗੀ ਦੀ ਖੇਡ, ਨਾਗ ਲੀਲ੍ਹਾ-ਕ੍ਰਿਸ਼ਨ ਮਹਾਰਾਜ ਜੀ ਦੀ ਉਹ ਲੀਲ੍ਹਾ ਜਿਸ ਵਿਚ ਉਨ੍ਹਾਂ ਨੇ ਕਾਲੀ ਨਾਗ ਨੂੰ ਨੱਥਿਆ, ਬਾਲ ਲੀਲ੍ਹਾ-ਗੁਰੂ ਨਾਨਕ ਦੇਵ ਜੀ ਦੇ ਬਾਲ ਕੌਤਕ, ਰੱਬੀ ਲੀਲ੍ਹਾ-ਕੁਦਰਤ ਦੀ ਖੇਡ, ਰਾਮ ਲੀਲ੍ਹਾ-ਜਿਸ ਵਿਚ ਰਾਮ ਜੀ ਦੇ ਜੀਵਨ ਚਰਿਤਰ ਨਾਲ ਸਬੰਧਿਤ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਹਨ।

ਲੀਲ੍ਹਾਉਣਾ-ਲੀਲ੍ਹਾ ਕਰਨੀ, ਖੇਡ ਖੇਡਣੀ (ਭਰਿਆ ਸਰੁ ਲੀਲਾਇ, ਕੋਈ ਬੁਕ ਝੋਲ ਨਾ ਪੀਤਾ- ਸ਼ਾਹ ਹੁਸੈਨ) ਸੰਸਾਰ ਦੇ ਸਾਰੇ ਸੱਭਿਆਚਾਰਾਂ ਵਿਚ ਵਿਨਾਸ਼ ਲੀਲ੍ਹਾ ਦਾ ਜ਼ਿਕਰ ਮਿਲਦਾ ਹੈ। ਇਸ ਨੂੰ ਭੂਤ ਤੇ ਭਵਿੱਖ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਕ ਪਰਲੋ ਜੋ ਭੂਤ ਵਿਚ ਆਈ ਜਿਸ ਨੂੰ ਜਲ ਪਰਲੋ ਕਿਹਾ ਜਾਂਦਾ ਹੈ। ਇਕ ਪਰਲੋ ਜਾਂ ਕਿਆਮਤ ਭਵਿੱਖ ਵਿਚ ਆਵੇਗੀ। ਪਰਲੋ ਦਾ ਅਰਥ ਹੈ- ਪੂਰਨ ਵਿਨਾਸ਼, ਤਬਾਹੀ, ਬਰਬਾਦੀ।

ਇਨ੍ਹਾਂ ਅਰਥਾਂ ਤੋਂ ਸਪਸ਼ਟ ਹੈ ਕਿ ਇਸ ਵਿਚ ਕੁਦਰਤ ਤੇ ਮਨੁੱਖ ਦੋਹਾਂ ਦੁਆਰਾ ਸਿਰਜੀਆਂ ਸਿਰਜਨਾਵਾਂ ਸ਼ਾਮਲ ਹਨ। ਜਦੋਂ ਵੀ ਕਿਤੇ ਵਿਨਾਸ਼ ਜਾਂ ਬਰਬਾਦੀ ਹੁੰਦੀ ਹੈ ਜਾਂ ਕੋਈ ਚਮਤਕਾਰ ਹੁੰਦਾ ਤਾਂ ਇਸ ਨੂੰ ਕੁਦਰਤ ਜਾਂ ਰੱਬੀ ਲੀਲ੍ਹਾ ਕਿਹਾ ਜਾਂਦਾ ਹੈ। ਸ੍ਰਿਸ਼ਟੀ ਵਿਚ ਪਲ-ਪਲ ਹੋ ਰਿਹਾ ਪਰਿਵਰਤਨ ਅਸਲ 'ਚ ਲੀਲ੍ਹਾ ਹੀ ਹੈ।

ਪਰਲੋ ਸ਼ਬਦ ਬਣਿਆ ਹੈ- ਸੰਸਕ੍ਰਿਤ 'ਪਰਲਯ' ਤੋਂ 'ਪਰਾ+ਲੀ+ਅਚ'। ਇਸ ਵਿਚ 'ਲੀ' ਧਾਤੂ ਵਿਚ ਬਰਬਾਦ ਹੋਣ, ਟੁਟਣ, ਪਿਘਲਣ, ਜੁੜਨ, ਬੰਨ੍ਹਣ, ਇਕ ਹੋ ਜਾਣ, ਛੁਪਾਉਣ ਵਰਗੇ ਭਾਵ ਹਨ। ਦੋ ਵਸਤੂਆਂ ਦਾ ਇਕਮਿਕ ਹੋ ਜਾਣਾ-ਲੀਨ ਜਾਂ ਲੀਨਤਾ ਹੈ। ਲੀਨ ਸ਼ਬਦ ਇਸ ਤੋਂ ਹੀ ਬਣਿਆ ਹੈ। ਵਿਲੀਨ ਹੋ ਜਾਣਾ-ਮਿਲ ਜਾਣਾ, ਸ਼ਬਦ ਵੀ ਇਸੇ ਤੋਂ ਬਣਿਆ ਹੈ।

ਲੀਲ੍ਹਾ ਸ਼ਬਦ ਵੀ ਇਸੇ ਕੜੀ 'ਚ ਆਉਂਦਾ ਹੈ। 'ਲ੍ਹੀ' ਸ਼ਬਦ ਵਿਚ ਨਿਹਿਤ ਧਿਆਨ ਲਾਉਣ ਦਾ ਭਾਵ ਹੈ, ਇਹ ਅਰਥ ਖੇਡ, ਮਨੋਰੰਜਨ, ਆਂਗਿਕ ਚੇਸ਼ਟਾ ਵੱਲ ਵੀ ਇਸ਼ਾਰਾ ਕਰਦਾ ਹੈ। ਇਸ ਵਿਚ ਕ੍ਰਿਸ਼ਨ ਨਾਲ ਜੁੜੀ ਰਾਸ ਲੀਲ੍ਹਾ ਵੀ ਹੈ। ਲੈਅਕਾਰੀ ਸੰਗੀਤ ਦਾ ਪ੍ਰਮੁੱਖ ਤੱਤ ਹੈ। ਲੈਅ ਵੀ ਇਸੇ ਲ੍ਹੀਂ ਧਾਤੂ ਤੋਂ ਉਪਜੀ ਹੈ ਜਿੱਥੇ ਇਹਦਾ ਭਾਵ-ਇਕ ਸੁਰ ਜਾਂ ਇਕ ਸੁਰਤਾ ਹੈ। ਪੁਰਾਣੇ ਜ਼ਮਾਨੇ ਵਿਚ ਨਿਵਾਸ ਜਾਂ ਆਸਰੇ ਨੂੰ ਵੀ ਲੈਅ ਕਿਹਾ ਜਾਂਦਾ ਸੀ। ਜਿਸ ਤੋਂ ਬਣੇ ਸ਼ਬਦ ਹਨ-ਦੇਵਾਲਯ, ਵਿੱਦਿਆਲਯ, ਔਸ਼ਧਾਲਯ, ਹਿਮਾਲਯ, ਇਨ੍ਹਾਂ ਸ਼ਬਦਾਂ ਵਿਚ ਘਰ, ਨਿਵਾਸ ਦੇ ਅਰਥ ਜੁੜੇ ਹੋਏ ਹਨ। ਆਲਯ ਜਾਂ ਆਲਾ ਵੀ ਇਸੇ ਭਾਵ ਵਾਲਾ ਸ਼ਬਦ ਹੈ। 'ਲੈ' ਵਿਚ 'ਪ੍ਰ' ਜੋੜ ਕੇ ਪਰਲੈ ਜਾਂ ਪਰਲੋ ਸ਼ਬਦ ਵਿਨਾਸ਼ ਜਾਂ ਬਰਬਾਦੀ ਦੇ ਅਰਥਾਂ ਨਾਲ ਜੁੜਿਆ।

ਇਸ ਤਰ੍ਹਾਂ ਲੀਲ੍ਹਾ ਦੀ ਲ੍ਹੀ ਧਾਤੂ ਨਾਲ ਇਕ ਪੂਰਾ ਪਰਿਵਾਰ ਜੁੜਿਆ ਹੋਇਆ ਹੈ ਜਿਸ ਵਿਚ ਅਸਚਰਜਤਾ ਦੇ ਕੌਤਕ ਵੀ ਹਨ ਤੇ ਜ਼ਿੰਦਗੀ ਦਾ ਵਿਨਾਸ਼ ਵੀ। ਇਹ ਜ਼ਿੰਦਗੀ ਮੌਤ ਦੇ ਦੋ ਸਿਰਿਆਂ ਵਿਚ ਵਾਪਰ ਰਹੇ ਅਦਭੁਤ ਕਾਰਜ ਦੀ ਲਖਾਇਕ ਹੈ। •

ਨਿੱਕੀ ਕਹਾਣੀ



## ਵੱਢੇ ਹੱਥ

ਭਾਗ ਸਿੰਘ ਦੇ ਹੱਥੋਂ ਪੈਨਸ਼ਨ ਵਾਲੇ ਫਾਰਮ ਫੜਦਿਆਂ ਹੀ ਸਰਪੰਚ ਬੋਲਿਆ, 'ਭਾਗ ਸਿਆਂ ਤੂੰ ਰੱਜਿਆ ਪੁੱਜਿਐਂ ਯਾਰ, ਪੁੱਤ ਤੇਰਾ ਮੁਲਾਜ਼ਮ ਐ, ਫੇਰ ਆਹ ਪੈਨਸ਼ਨ...।' 'ਪੁੱਛ ਨਾ ਸਰਪੰਚਾ, ਹੁਣ ਤੈਥੋਂ ਕਾਹਦਾ ਪਰਦਾ, ਅਸੀਂ ਤਾਂ ਆਪਣੀਆਂ ਦੋ ਮੰਨੀਆਂ ਅੱਡ ਪਕਾਉਨੇ ਆਂ। ਨੂੰਹ ਪੁੱਤ ਤਾਂ ਸਾਨੂੰ ਸਿਆਣਦੇ ਨੀ।' ਭਾਗ ਸਿਉਂ ਨੇ ਹਉਕਾ ਭਰਦਿਆਂ ਕਿਹਾ।

'ਪਰ ਬਾਹਰ ਤਾਂ ਤੇਰਾ ਪੁੱਤ ਬੜੀ ਸਿੱਖਿਆ ਦਿੰਦਾ ਫਿਰਦਾ ਬਜ਼ੁਰਗਾਂ ਦੇ ਸਤਿਕਾਰ ਦੀ ।' ਸਰਪੰਚ ਨੇ ਹੋਰ ਡੂੰਘਾ ਜਾਂਦਿਆਂ ਪੁੱਛਿਆ। 'ਹੂੰ ਆਪ ਬੀਬੀ ਕੋਕੋ ਤੇ ਮੱਤੀ ਦੇਵੇ ਲੋਕੋ। ਮੈਂ ਤਾਂ ਆਪਣੇ ਚੁੱਲ੍ਹੇ ਦੇ ਸਮਾਨ ਦੇ ਪੈਸਿਆਂ ਬਦਲੇ ਵੀ ਸੋਨੇ ਦੀ ਮੁੰਦਰੀ ਗਹਿਣੇ ਧਰੀਂ ਬੈਠਾਂ ਸਰਪੰਚਾ।' ਭਾਗ ਸਿਉਂ ਚੀਸ ਵੱਟਦਿਆਂ ਬੋਲਿਆ। 'ਪਰ ਤੂੰ ਜ਼ਮੀਨ ਦਾ ਮਾਲਕ ਐਂ, ਆਪ ਠੇਕਾ ਲਿਆ ਕਰ।' ਸਰਪੰਚ ਨੇ ਕਿਹਾ। ਹੁਣ ਭਾਗ ਸਿਉਂ ਲੰਬਾ ਸਾਹ ਲੈਂਦਾ ਬੋਲਿਆ, 'ਸਰਪੰਚਾ ਜ਼ਮੀਨ ਮੁੰਡੇ ਦੇ ਨਾਂ ਕਰਾ ਕੇ ਮੈਂ ਆਪਣੇ ਹੱਥ ਵਢਾਈ ਬੈਠਾਂ। ਹੁਣ ਮੈਥੋਂ ਉਨ੍ਹਾਂ ਨੇ ਕੀ ਕਰਾਉਣੈਂ' ਹੁਣ ਸਰਪੰਚ ਕਦੇ ਭਾਗ ਸਿਉਂ ਦੇ ਹੱਥਾਂ ਵੱਲ ਤੇ ਕਦੇ ਪੈਨਸ਼ਨ ਫਾਰਮ ਵੱਲ ਵੇਖ ਰਿਹਾ ਸੀ।

• ਗੁਰਜੰਟ ਸਿੰਘ ਚਾਹਲ
94642-82636

# ਮਾਂ-ਬੋਲੀ ਦੇ ਸੰਕਲਪ ਸਬੰਧੀ ਪਹਿਲੂ



• ਡਾ. ਨਰਿੰਦਰ ਕਾਂਗ

ਦਰਾਵੜ ਲੋਕ ਸਾਡੇ ਲਈ ਉਦਾਹਰਣ ਹਨ ਜੋ ਹਰ ਹੀਲੇ ਹਿੰਦੀ ਤੋਂ ਬਚ ਕੇ ਆਪੋ-ਆਪਣੀ ਮਾਂ-ਬੋਲੀ ਦੀ ਰਾਖੀ ਕਰ ਰਹੇ ਹਨ। ਹਿੰਦੀ-ਅੰਗਰੇਜ਼ੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸਾਡੀ ਲੋੜ ਹੈ ਪਰ ਇਸ ਨੂੰ ਅਸੀਂ ਪੰਜਾਬੀ ਦੀ ਬਲੀ ਦੇ ਕੇ ਅੱਗੇ ਲਿਆ ਰਹੇ ਹਾਂ...

ਮਾਂ-ਬੋਲੀ ਬਾਬਤ ਬਹੁਤ ਲਿਖਿਆ ਗਿਆ ਤੇ ਲਿਖਿਆ ਜਾ ਰਿਹਾ ਹੈ। ਇਸ ਵਿਸ਼ੇ ਬਾਬਤ ਕੋਈ ਵੀ ਵਿਸ਼ੇਸ਼ਗ, ਚਾਹੇ ਉਹ ਮੈਂ ਹੋਵਾਂ ਜਾਂ ਕੋਈ ਹੋਰ, ਉਸ ਤੋਂ ਕਿਸੇ ਨਵੀਂ ਗੱਲ ਦੀ ਆਸ ਨਹੀਂ ਰੱਖੀ ਜਾ ਸਕਦੀ, ਇਸ ਦੇ ਬਾਵਜੂਦ ਇਸ ਵਿਸ਼ੇ ਤੇ ਜਿੰਨੀ ਗੱਲਬਾਤ ਹੋਵੇ, ਜਿੰਨਾ ਲਿਖਿਆ ਜਾਵੇ, ਥੋੜ੍ਹਾ ਹੈ। ਉਹਦਾ ਕਾਰਨ ਹੀ ਇਹ ਹੈ ਕਿ ਇਹ ਵਿਸ਼ਾ ਸਦੀਵੀ ਹੈ। ਜਿੰਨਾ ਚਿਰ ਤਕ ਮਨੁੱਖ ਜਾਤੀ ਜਿਉਂਦੀ ਹੈ, ਖੇਤਰੀ ਭਾਸ਼ਾਵਾਂ ਜਾਂ ਛੋਟੇ-ਛੋਟੇ ਸਮੂਹਾਂ ਵੱਲੋਂ ਬੋਲੀਆਂ ਜਾਂਦੀਆਂ ਭਾਸ਼ਾਵਾਂ, ਜਿਹੜੇ ਵੀ ਵਰਗ, ਗਰੁੱਪ ਜਾਂ ਅਲਪ ਸੰਖਿਅਕ ਲੋਕਾਂ ਦੀਆਂ ਮਾਤ-ਭਾਸ਼ਾਵਾਂ ਹੋਣਗੀਆਂ, ਲੋਕ ਉਨ੍ਹਾਂ ਬਾਬਤ ਹਮੇਸ਼ਾ ਸਜਗ ਰਹਿਣਗੇ ਤੇ ਚਰਚਾ ਕਰਦੇ ਰਹਿਣਗੇ।

ਮਾਂ-ਬੋਲੀ ਬਾਬਤ ਸਾਨੂੰ ਚਰਚਾ ਕਰਨ ਦੀ ਲੋੜ ਕਿਉਂ ਪਈ? ਅੱਜ ਤੋਂ ਡੇਢ-ਦੋ ਸੌ ਸਾਲ ਪਹਿਲਾਂ ਤੱਕ ਇਸ ਗੱਲ ਦੀ ਤਵੱਕੋ ਵੀ ਨਹੀਂ ਸੀ ਕੀਤੀ ਜਾ ਸਕਦੀ ਕਿ ਮਾਂ-ਬੋਲੀ ਲਈ ਉਪਰਾਲੇ ਕਰਨੇ ਪੈਣਗੇ। ਮੁਸ਼ਕਿਲ ਉਦੋਂ ਪਈ ਜਦੋਂ ਆਧੁਨਿਕ ਹੋ ਚੁੱਕਾ ਤੇ ਮਸ਼ੀਨੀ ਵਰਤਾਰੇ ਦਾ ਭਰਿਆ ਅੰਗਰੇਜ਼ ਵਪਾਰੀ ਪਹਿਲਾਂ ਭਾਰਤ ਤੇ ਫਿਰ ਪੰਜਾਬ 'ਤੇ ਕਾਬਜ਼ ਹੋਇਆ। ਵਪਾਰੀ ਵਰਗ ਜਦ ਸਰਮਾਏਦਾਰ ਰਾਜਨੀਤਕ ਬਣਕੇ ਵਿਚਰਦਾ ਹੈ ਤਾਂ ਬੜਾ ਖ਼ਤਰਨਾਕ ਹੋ ਜਾਂਦਾ ਹੈ। ਉਹ ਹਮੇਸ਼ਾ ਦੋ ਧਿਰਾਂ ਬਨਾਉਣ ਵਿਚ ਯਕੀਨ ਰੱਖਦਾ ਹੈ। ਇਕ ਸਰਵਹਾਰਾ, ਕਿਰਤੀ ਧਿਰ ਜਿਹੜੀ ਨਪੀੜੀ ਜਾਂਦੀ ਹੈ ਤੇ ਦੂਸਰੀ ਲੁੱਟ-ਖੋਹ ਵਾਲੀ! ਇਹ ਜਿਹੜੀ ਲੁੱਟ-ਖੋਹ ਵਾਲੀ ਧਿਰ ਹੁੰਦੀ ਹੈ, ਉਹ ਹਮੇਸ਼ਾ ਭਾਰੂ ਧਿਰ ਦੀ ਗੱਲ ਕਰਦੀ ਹੈ ਤੇ ਉਸੇ ਭਾਰੂ ਧਿਰ ਦੇ ਵਰਤਾਰੇ ਤੇ ਬੋਲੀ ਨੂੰ ਪਹਿਲ ਦਿੰਦੀ ਹੈ। ਸਿੱਟੇ ਵਜੋਂ ਉਹੀ ਭਾਰੂ ਧਿਰ ਛੋਟੀਆਂ ਕੌਮੀਅਤਾਂ ਦੀ ਮਾਂ-ਬੋਲੀ ਨੂੰ ਹੜੱਪਣ ਲਈ ਹਰ ਹੀਲਾ, ਢੰਗ ਵਰਤਦੀ ਹੈ। ਜ਼ਰਾ ਯਾਦ ਕਰੋ, ਕੇਰਲਾ ਦੇ ਤੱਟ ਤੇ ਉਭਰਦਿਆਂ ਹੀ ਅੰਗਰੇਜ਼ਾਂ ਨੇ ਕੇਰਲਾਈਟ ਲੋਕਾਂ ਨੂੰ ਮਾਲਿਆਲਮ ਭੁੱਲਣ ਦੀ ਕੋਸ਼ਿਸ਼ ਵਿਚ ਦੇਸੀ ਅੰਗਰੇਜ਼ ਬਣਾ ਦਿੱਤਾ ਸੀ। ਗੋਆ, ਦਮਨ ਵਿਚ ਅੱਜ ਵੀ ਫ਼ਰਾਂਸੀਸੀ ਪ੍ਰਭਾਵ ਹੈ। ਪਰ ਮਾਂ-ਬੋਲੀ ਹੀ ਇਕ ਅਜਿਹੀ ਸਾਂਝੀ ਕੜੀ ਸੀ, ਜਿਹੜੀ ਲੋਕਾਂ ਨੂੰ ਨਾ ਅੰਗਰੇਜ਼, ਨਾ ਫ਼ਰਾਂਸੀਸੀ ਬਣਾ ਸਕੀ। ਅੱਜ ਅੰਗਰੇਜ਼ ਚਲੇ ਗਏ ਪਰ ਆਪਣੇ ਪਿੱਛੇ ਛੱਡ ਗਏ ਲੰਮੀ ਦਾਸਤਾਂ ਤੇ ਗ਼ੁਲਾਮ ਜ਼ਿਹਨੀਅਤ ਦਾ ਲੰਮਾ ਇਤਿਹਾਸ। ਅੱਜ ਸਾਨੂੰ ਅੰਗਰੇਜ਼ੀ ਸ਼ਾਨ ਲਗਦੀ ਹੈ ਤੇ ਮਾਤ-ਭਾਸ਼ਾ, ਚਾਹੇ ਕਿਸੇ ਖੇਤਰ ਦੀ ਹੋਵੇ, ਉਹਨੂੰ ਬੋਲਣ ਲੱਗਿਆਂ, ਉਹਦੇ ਵਿਚ ਪੜ੍ਹਨ ਲੱਗਿਆ ਸ਼ਰਮਿੰਦਗੀ ਹੁੰਦੀ ਹੈ ਪਰ ਅਜਿਹੇ ਦੌਰ ਵਿਚ ਵੀ ਕਿਤੇ-ਕਿਤੇ ਰੌਸ਼ਨ ਚਿਰਾਗ ਬਲਦੇ ਹਨ। ਬੰਗਾਲੀ ਲੋਕ ਸਾਡੇ ਸਾਹਮਣੇ ਵੱਡੀ ਉਦਾਹਰਣ ਹਨ। ਉਹ ਹਰ ਗੱਲ, ਹਰ ਸੰਕਲਪ ਨੂੰ ਬੰਗਾਲੀ ਵਿਚ ਲੈ ਜਾਣ, ਸਮਝਣ ਤੇ ਤਰਜਮਾ ਕਰਨ ਲਈ ਜਿਵੇਂ ਪ੍ਰਤੀਬੱਧ ਹਨ। ਮਾਂ-ਬੋਲੀ ਦੇ ਪ੍ਰੇਮੀ ਇਹ ਲੋਕ, ਜਿੱਥੋਂ ਤਕ ਮੈਨੂੰ ਯਾਦ ਹੈ, 2003 ਵਿਚ ਕਲਕੱਤੇ ਇਕ ਪੁਸਤਕ-ਮੇਲੇ ਦੀ ਅੱਗ ਵਿਚ ਸੜ ਕੇ ਸਵਾਹ ਹੋਈਆਂ ਬੰਗਲਾ ਕਿਤਾਬਾਂ ਲਈ ਬੱਚਿਆਂ, ਬੁੱਢਿਆਂ, ਔਰਤਾਂ, ਜਵਾਨਾਂ ਸਮੇਤ ਭੁੱਬਾਂ ਮਾਰ ਕੇ ਰੋਏ ਸਨ।

ਹੁਣ ਇਸ ਦੇ ਮੁਕਾਬਲੇ ਆਪਣੇ ਪੰਜਾਬੀਆਂ ਵੱਲ ਪੰਛੀ ਝਾਤ ਮਾਰੀਏ! ਆਪਣੀ ਮਾਂ-ਬੋਲੀ ਲਈ ਅਸੀਂ ਕਿੱਥੇ ਖੜ੍ਹੇ ਹਾਂ? ਪੰਜਾਬੀ, ਜੋ ਬਾਕੀ ਸਾਰੇ ਕੰਮਾਂ ਤੇ ਹੱਥੀਂ ਮਿਹਨਤ ਕਰਨ ਲਈ ਨੰਬਰ ਇਕ ਮੰਨੇ ਜਾਂਦੇ ਹਨ। ਅੱਜ ਵੀ ਇਕੀਵੀਂ ਸਦੀ ਵਿਚ ਮਾਂ-ਬੋਲੀ ਦੇ ਮਹੱਤਵ ਤੋਂ ਨੱਬੇ ਫ਼ੀਸਦੀ ਦੇ ਕਰੀਬ ਅਵੇਸਲੇ ਹਨ। ਦਸ ਫ਼ੀਸਦੀ ਜਾਗਦੇ ਸਿਰਾਂ ਵਾਲੇ ਲੋਕ, ਜਿਹੜੇ ਵਧੇਰੇ ਕਰ ਕੇ ਅਧਿਆਪਕ, ਲੇਖਕ, ਰੰਗਕਰਮੀ ਜਾਂ ਸਿਨਮਾ, ਟੀਵੀ ਤੇ ਹੋਰ ਸੂਖਮ ਕਲਾਵਾਂ ਨਾਲ ਜੁੜੇ ਹਨ ਉਹ ਵੀ ਕਿੰਨਾ ਕੁ ਸਜਗ ਹੋ ਸਕਦੇ ਹਨ? ਲੱਖ ਅਸੀਂ ਮਾਂ-ਬੋਲੀ ਦਿਵਸ ਮਨਾਈਏ, ਯਤਨ ਕਰੀਏ, ਲੇਖਕ-ਸਭਾਵਾਂ ਵੱਲੋਂ ਧਰਨੇ ਦਈਏ, ਮਾਂ-ਬੋਲੀ ਮੰਚ ਬਣਾ ਕੇ ਜਲੂਸ ਕੱਢੀਏ, ਅੰਤ ਅਸੀਂ ਵੀ ਤੇ ਸਾਡੇ ਬੱਚੇ ਵੀ ਮਾਡਲ ਤੇ ਕਾਨਵੈਂਟ ਸਕੂਲਾਂ ਵਿਚ ਪੜ੍ਹਨ ਲਈ ਮਜਬੂਰ ਹਨ। ਸਾਡੀ ਹੋਣੀ ਸਾਡੇ ਦੇਸ਼ੀ ਹਾਕਮਾਂ ਨੇ ਇਸ ਤਰ੍ਹਾਂ ਦੀ ਨਿਸ਼ਚਤ ਕਰ ਦਿੱਤੀ ਹੈ ਕਿ ਅਸੀਂ ਆਪੋ ਆਪਣੀਆਂ ਖੇਤਰੀ ਭਾਸ਼ਾਵਾਂ ਦਾ ਵਿਕਾਸ ਹੀ ਨਹੀਂ ਕਰ ਸਕਦੇ। ਉੱਤੋਂ 'ਰਾਸ਼ਟਰੀ ਭਾਸ਼ਾ ਹਿੰਦੀ ਹੈ' ਦੇ ਨਾਅਰੇ ਦੇ ਕੇ ਸਾਨੂੰ ਪਾਗ਼ਲ ਕਰ ਦਿੱਤਾ ਹੈ। ਜੇ ਕੋਈ ਜਾਗਦੀ ਆਤਮਾ ਵਾਲਾ ਕਹੇ ਵੀ ਕਿ ਮੈਂ ਕਿਉਂ ਹਿੰਦੀ ਜਾਂ ਅੰਗਰੇਜ਼ੀ ਵਿਚ ਬੱਚੇ ਪੜ੍ਹਾਵਾਂ? ਕਿਉਂ ਗੱਲਬਾਤ ਦੌਰਾਨ, ਬੈਂਕਾਂ ਵਿਚ, ਕੇਂਦਰੀ ਸਰਕਾਰ ਦੇ ਦਫ਼ਤਰਾਂ ਵਿਚ, ਪਾਸਪੋਰਟਾਂ ਲਈ, ਰੇਲਵੇ ਲਈ, ਹਵਾਈ ਸੇਵਾ ਲਈ ਅੰਗਰੇਜ਼ੀ-ਹਿੰਦੀ ਵਰਤਾਂ? ਜਿੱਥੇ ਫਾਰਮਾਂ ਦੀ ਛਪਾਈ ਤੇ ਅਰਬਾਂ ਰੁਪਏ ਅੰਗਰੇਜ਼ੀ-ਹਿੰਦੀ 'ਤੇ ਛਾਪੇ ਜਾਂਦੇ ਹਨ, ਉੱਥੇ ਦੋ ਸਤਰਾਂ ਪੰਜਾਬੀ ਦੀਆਂ ਹੋਣ, ਉਸ ਕਾਲਮ ਵਿਚ ਮੈਂ ਪੰਜਾਬੀ ਕਿਉਂ ਨਾ ਲਿਖਾਂ? ਜਿਹੜਾ ਵੀ ਇਹ ਸਭ ਕਹੇ, ਉਸ ਨੂੰ ਭਾਰਤੀ ਮਾਨਸਿਕਤਾ ਤੇ ਹਿੰਦੀ ਅੰਗਰੇਜ਼ੀ ਦੀ ਗ਼ੁਲਾਮੀ ਵਾਲੇ ਲੋਕ ਦੇਸ਼-ਧਰੋਹੀ ਕਹਿੰਦੇ ਹਨ? ਮੈਂ ਅੱਜ ਇਸ ਲੇਖ ਰਾਹੀਂ ਪੁੱਛਦੀ ਹਾਂ ਕਿ ਕੀ ਪੰਜਾਬੀ ਸਿਰਫ਼ ਸਿੱਖਾਂ ਦੀ ਮਾਂ-ਬੋਲੀ ਹੈ? ਕਿਸੇ ਕੇਰਲਾਈ ਮੁਸਲਮਾਨ ਨੂੰ ਕਦੀ ਮਲਿਆਲਮ ਨੂੰ ਮਾਂ ਕਹਿਣ ਤੋਂ ਸੰਕੋਚ ਨਹੀਂ। ਕੋਈ ਬੰਗਾਲੀ ਮੁਸਲਮਾਨ ਬੰਗਲਾ ਤੋਂ ਮੁਨਕਰ ਨਹੀਂ। ਸਗੋਂ ਬੰਗਲਾ ਦੇਸ਼ ਤਾਂ ਬਣਿਆ ਹੀ ਉਰਦੂ ਦੀ ਮੁਖ਼ਾਲਫ਼ਤ ਤੇ ਬੰਗਲਾ ਭਾਸ਼ਾ ਦੀ ਪ੍ਰਭੂਸੱਤਾ ਲਈ ਸੀ।

ਸਾਡੇ ਕੋਲ ਦਰਾਵੜ ਕੌਮਾਂ ਦੇ ਲੋਕ ਉਦਾਹਰਣ ਹਨ ਜੋ ਹਰ ਹੀਲੇ ਹਿੰਦੀ ਤੋਂ ਬਚ ਕੇ ਆਪੋ-ਆਪਣੀ ਮਾਂ-ਬੋਲੀ ਦੀ ਰਾਖੀ ਕਰ ਰਹੇ ਹਨ। ਹਿੰਦੀ-ਅੰਗਰੇਜ਼ੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਸਾਡੀ ਲੋੜ ਹਨ ਪਰ ਇਹ ਤੇ ਅਸੀਂ ਪੰਜਾਬੀ ਦੀ ਬਲੀ ਦੇ ਕੇ ਅੱਗੇ ਲਿਆ ਰਹੇ ਹਾਂ। ਮੈਂ ਬਤੌਰ ਵਿਦਿਆਰਥਣ ਤੇ ਬਤੌਰ ਅਧਿਆਪਿਕਾ ਲੰਮੇ ਸਮੇਂ ਤੋਂ ਵਿੱਦਿਅਕ ਪਸਾਰਾਂ ਨਾਲ ਜੁੜੀ ਹੋਈ ਹਾਂ। ਮੈਂ ਆਪਣੀ ਗਵਾਹ ਆਪ ਹਾਂ ਕਿ ਜਦ ਵੀ ਮੈਂ ਪੰਜਾਬੀ ਵਿਚ ਸਰਲ ਅਰਥ ਕਰ ਕੇ ਚਾਹੇ ਇਕਨਾਮਿਕਸ, ਚਾਹੇ ਪੁਲੀਟਿਕਲ ਸਾਇੰਸ, ਚਾਹੇ ਕਮਿਸਟਰੀ, ਕਿਸੇ ਵੀ ਵਿਦਿਆਰਥੀ ਦੀ ਲੋੜ ਨੂੰ ਮੁੱਖ ਰੱਖ ਕੇ ਸਮਝਾਏ, ਉਹ ਝੱਟ ਸਮਝ ਗਿਆ। ਉਹਦੇ ਲਈ ਔਖਾ ਹੀ ਕੁਛ ਨਹੀਂ ਰਿਹਾ। ਇਹਦੇ ਉਲਟ ਜਦ ਮੈਂ ਆਪਣੇ ਬੱਚਿਆਂ ਸਮੇਤ ਸੈਂਕੜੇ ਕਾਨਵੈਂਟ ਪੜ੍ਹੇ ਬੱਚੇ ਵੇਖਦੀ ਹਾਂ ਤਾਂ ਸਮਝ ਉਹਨਾਂ ਨੂੰ ਕੁਝ ਵੀ ਅੰਗਰੇਜ਼ੀ ਵਿਚ ਵੀ ਨਹੀਂ ਆਉਂਦਾ। ਬਸ ਉਹ ਬੇਲੋੜੀ ਅੰਗਰੇਜ਼ੀ ਬੋਲ-ਬੋਲ ਪ੍ਰਭਾਵ ਪਾਉਂਦੇ ਤੁਰੀ ਜਾਂਦੇ ਹਨ ਤੇ ਅਸੀਂ ਪੰਜਾਬੀ, ਜੋ ਅੰਗਰੇਜ਼ੀ ਦੇ ਸ਼ੈਦਾਈ ਹਾਂ, ਵੇਖ-ਵੇਖ ਡਰੀ ਜਾਂਦੇ ਹਾਂ ਤੇ ਖ਼ੁਸ਼ ਹੁੰਦੇ ਹਾਂ ਕਿ ਬੱਚਾ ਅੰਗਰੇਜ਼ੀ ਬੋਲਦਾ ਹੈ! ਉਸ ਬੱਚੇ ਨੂੰ ਜਦ ਕਮਿਸਟਰੀ, ਸੋਸ਼ਲ ਸਾਇੰਸ ਜਾਂ ਇਕਨਾਮਿਕਸ ਦੇ ਸੰਕਲਪ ਮੈਂ ਹੋਰ ਸੌਖੀ ਅੰਗਰੇਜ਼ੀ ਵਿਚ ਸਮਝਾਣ ਲਈ ਸਵਾਲ ਪਾਉਂਦੀ ਹਾਂ ਤਾਂ ਉਹ ਤੁਰੰਤ ਜਵਾਬ ਦੇ ਦਿੰਦੇ ਹਨ ਕਿ ਅਸੀਂ ਤਾਂ ਘੋਟਾ ਲਾਇਆ ਹੈ। ਇੱਥੋਂ ਤਕ ਕਿ ਉਹ ਅੰਗਰੇਜ਼ੀ ਦੀ ਸਰਲ ਤੇ ਸੌਖੀ ਗਰਾਮਰ ਦੇ ਵੀ ਜਾਣੂ ਨਹੀਂ ਹੁੰਦੇ। ਉਨਾਹਠ ਜਾਂ ਅਠੱਤਰ ਨੂੰ ਜਦ ਤਕ ਫਿਫਟੀ ਨਾਈਨ ਜਾਂ ਸੈਵੰਟੀਏਟ ਨਾ ਕਹੀਏ ਤਾਂ ਸਾਡੀ ਇਹ ਪੀੜ੍ਹੀ ਘਾਬਰੀ ਰਹਿੰਦੀ ਹੈ।

ਹੁਣ ਇਸ ਦੇ ਮਨੋਵਿਗਿਆਨਕ ਪਹਿਲੂ ਵੀ ਵੇਖੀਏ! ਮਾਂ-ਬੋਲੀ ਕਿਉਂ ਲੁੜੀਂਦੀ ਹੈ? ਅਸਲ ਵਿਚ ਮਾਂ ਬੋਲੀ ਬੋਲਣਾ ਇਕ ਅਜਿਹੀ ਹੀ ਅਵਸਥਾ ਹੈ, ਜੋ ਮੂਲ ਪ੍ਰਵਿਰਤੀ ਹੈ। ਪਿਆਰ, ਨਫ਼ਰਤ, ਮੁਹੱਬਤ ਜਾਂ ਸਰੀਰਕ ਤੇ ਮਾਨਸਿਕ ਸਬੰਧਾਂ ਲਈ ਲੋਚਾ ਸਾਨੂੰ ਵਾਕ ਬੋਲਣ ਲਈ ਮਜਬੂਰ ਕਰਦੀ ਹੈ। ਇਸੇ ਲੋਚਾ ਨੇ ਬੰਦੇ ਨੂੰ ਬੋਲਣ ਲਾਇਆ। ਇਸੇ ਲੋਚਾ ਨੇ ਇਕ ਖੇਤਰ ਦੀ ਭਾਸ਼ਾ ਨੂੰ ਸਮੂਹ ਦੀ ਭਾਸ਼ਾ ਬਣਾਇਆ। ਉਹੀ ਮਾਂ ਬੋਲੀ ਬਣੀ। ਯਾਦ ਰੱਖੋ, ਜੇ ਮਾਂ ਬੋਲੀ ਨਾ ਹੋਵੇ ਤਾਂ ਕਵਿਤਾ, ਨਾਚ, ਚਿੱਤਰਕਾਰੀ ਅਤੇ ਸੁੰਦਰਤਾ ਲਈ ਪਿਆਰ ਕਦੀ ਨਾ ਹੋਵੇ। ਇੱਥੋਂ ਤਕ ਕਿ ਮਾਂ ਬਾਪ, ਇਸਤਰੀ ਪੁਰਖ ਵਿਚਲਾ ਪਿਆਰ, ਪਰਿਵਾਰ ਲਈ ਸਾਂਝ, ਕੁਰਬਾਨੀ, ਗੱਲ ਕੀ ਕੁਛ ਵੀ ਨਾ ਹੁੰਦਾ।

ਮਾਂ-ਬੋਲੀ ਹੀ ਸਾਡੇ ਅਵਚੇਤਨ ਤੋਂ ਚੇਤਨ ਵੱਲ ਦਾ ਸਫ਼ਰ ਹੈ। ਯਾਦ ਕਰੀਏ ਇਤਿਹਾਸ ਨੂੰ! ਢਾਡੀਆਂ ਦੀਆਂ ਵਾਰਾਂ ਸੁਣ ਪੰਜਾਬੀ ਸ਼ਹੀਦ ਹੋ ਜਾਂਦੇ। ਜੱਲਿਆਂ ਵਾਲੇ ਬਾਗ਼, ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਹੀਦ ਹੋ-ਹੋ ਜਾਂਦੇ। ਦੇਸ਼-ਭਗਤੀ ਦੇ ਗੀਤਾਂ ਦੇ ਕੀਲੇ ਪੰਜਾਬੀ ਤਿੰਨ ਲੜਾਈਆਂ ਤਾਂ ਆਜ਼ਾਦ ਭਾਰਤ ਲਈ ਲੜ ਚੁੱਕੇ ਹਨ।

ਪੋਲੈਂਡ ਨੂੰ ਲਵੋ। ਜਰਮਨਾਂ ਨੇ ਲੱਖ ਵਾਰੀ ਪੋਲਿਸ਼ ਜ਼ਬਾਨ ਤੇ ਪੋਲਾਂ ਨੂੰ ਧਰਤੀ ਤੋਂ ਮਿਟਾਣਾ ਚਾਹਿਆ ਪਰ ਪੋਲ ਲੋਕ ਆਪਣੀ ਮਾਂ-ਬੋਲੀ ਨਾਲ ਇੰਨੀ ਪੱਕੀ ਤਰ੍ਹਾਂ ਜੁੜੇ ਹਨ ਕਿ ਅੱਜ ਵੀ ਪੋਲੈਂਡ ਇਕ ਹਰਿਆ-ਭਰਿਆ ਮੁਲਕ ਹੈ। ਬੰਗਲਾਦੇਸ਼ ਤਾਂ ਖ਼ੈਰ ਬਣਿਆ ਹੀ ਮਾਂ-ਬੋਲੀ ਦੇ ਨਾਂ 'ਤੇ ਹੈ। ਅੱਜ ਲੱਖਾਂ ਸਿੰਧੀ ਪਾਕਿਸਤਾਨ ਵਿਚ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਦਾ ਦੁੱਖ ਇੱਕੋ ਹੈ ਕਿ ਪੰਜਾਬੀ ਹੁਕਮਰਾਨ ਉਨ੍ਹਾਂ ਨੂੰ ਉਰਦੂ ਬੋਲਣ ਲਈ ਮਜ਼ਬੂਰ ਕਰ ਰਹੇ ਹਨ। ਉੱਥੇ ਪੰਜਾਬੀ ਭਾਰੂ ਹਨ, ਜੋ ਉਰਦੂ ਬੋਲਦੇ ਹਨ। ਪਰ ਸਿੰਧੀ ਆਪਣੀ ਮਾਂ ਬੋਲੀ ਸਿੰਧੀ ਲਈ ਲੜ ਰਹੇ ਹਨ।

ਅਮਰੀਕਨ ਭਾਸ਼ਾ ਵਿਗਿਆਨੀਆਂ ਨੇ ਸਪਸ਼ਟ ਕਿਹਾ ਹੈ ਜੇ ਰੈੱਡ ਇੰਡੀਅਨਜ਼ ਤੇ ਹੋਰ ਨੇਟਿਵ ਲੋਕਾਂ ਦੀਆਂ ਮਾਂ-ਬੋਲੀਆਂ ਨਾ ਸਾਂਭੀਆਂ ਗਈਆਂ ਤਾਂ ਇਕ ਦਿਨ ਇਸ ਅਮਰੀਕਨ ਇੰਗਲਿਸ਼ ਦਾ ਵੀ ਭੋਗ ਪੈ ਜਾਵੇਗਾ। ਆਸਟਰੇਲੀਆ ਵਿਚ ਹਰ ਯੂਨੀਵਰਸਿਟੀ ਵਿਚ, ਵਿਸ਼ੇਸ਼ਕਰ ਕੈਨਬਰਾ ਯੂਨੀਵਰਸਿਟੀ ਵਿਚ ਐਬੋਰਿਜਨਲ, ਮੂਲ ਵਾਸੀਆਂ ਦੀ ਭਾਸ਼ਾ ਤੇ ਕੰਮ ਹੋ ਰਿਹਾ ਹੈ। ਇਹ ਸਭ ਕੀ ਸੰਕੇਤ ਕਰਦਾ ਹੈ? ਇਹੀ ਕਿ ਮਾਂ-ਬੋਲੀ ਦਾ ਥਾਂ ਸਦੀਵੀ ਹੈ। ਇਹਦੇ ਬਿਨ੍ਹਾਂ ਅਸੀਂ ਅਧੂਰੇ ਹਾਂ। ਗਰੀਨਲੈਂਡ ਇਕ ਛੋਟਾ ਟਾਪੂ ਹੈ। ਉੱਥੇ ਡੈਨਮਾਰਕ ਦੇ ਰਾਜੇ ਦਾ ਕਬਜ਼ਾ ਸੀ। ਗਰੀਨਲੈਂਡ ਮੁਕਤੀ ਚਾਹੁੰਦਾ ਸੀ। ਇਹ ਤਕਰੀਬਨ ਇਕ ਸਦੀ ਪਹਿਲਾਂ ਦੇ ਆਸ-ਪਾਸ ਦਾ ਵਾਕਿਆ ਹੈ। ਗਰੀਨਲੈਂਡ ਦੇ ਵਾਸੀ ਮੁਕਤੀ ਇਸ ਲਈ ਚਾਹੁੰਦੇ ਸਨ ਕਿ ਰਾਜਾ ਉਨ੍ਹਾਂ ਨੂੰ ਡੈਨਿਸ਼ ਬੋਲੀ ਬੋਲਣ ਲਈ ਵੀ ਮਜਬੂਰ ਕਰਦਾ ਸੀ।

ਅੰਤ ਗਰੀਨਲੈਂਡ ਵਾਲਿਆਂ ਕੀਤਾ? ਉਹਨਾਂ ਆਪਣੇ ਧਰਮ ਵਿਦਵਾਨ ਭਿਖਸ਼ੂ ਡੈਨਮਾਰਕ ਦੇ ਰਾਜੇ ਕੋਲ ਤੇ ਪਾਰਲੀਮੈਂਟ ਵਿਚ ਭੇਜਣੇ ਕਰ ਦਿੱਤੇ। ਉਹ ਆਪਣੀ ਗਰੀਨਲੈਂ ਬੋਲੀ ਵਿਚ ਲੰਮੇ-ਲੰਮੇ ਅਕਾਊ ਭਾਸ਼ ਦੇਣ ਲੱਗ ਪੈਂਦੇ ਤੇ ਮੁਕਤੀ ਦੀ ਮੰ ਕਰਦੇ। ਉਨ੍ਹਾਂ ਦੇ ਭਾਸ਼ਣਾਂ ਦਾ ਅਨਵ ਕਰਾਉਂਦਾ ਰਾਜਾ ਤੇ ਪਾਰਲੀਮੈਂਟ ਇੰ ਅੱਕ ਗਏ ਕਿ ਅੰਤ ਉਨ੍ਹਾਂ ਗਰੀਨਲੈਂ ਮੁਕਤ ਕਰ ਦਿੱਤਾ।

ਅਸਾਂ ਪੰਜਾਬੀਆਂ ਕੁਛ ਨ ਖੱਟਿਆ। ਗਵਾਇਆ ਹੀ ਗਵਾਇ ਹੈ। ਕਹਿੰਦੇ ਹਨ ਕਿ ਪਰਪੰਚ ਹੀ ਪ ਹੁੰਦਾ ਹੈ। ਅੱਜ ਅਸੀਂ ਮਾਂ-ਬੋਲੀ ਨ ਜੁੜਨ ਦਾ ਪਰਪੰਚ ਕਰਦੇ ਹਾਂ। ਅ ਵਿਚ ਇਹ ਦਿਨ ਮਨਾਉਣਾ ਹੀ ਕਿ ਪਵੇ? ਅਸੀਂ ਇਹਨੂੰ ਭੁੱਲੇ ਹਾਂ ਤਾਂ ਤੇ ਮਾਂ-ਬੋਲੀ ਦਿਵਸ ਮਨਾਉਂਦੇ ਜੇ ਇਹ ਸੱਚੀਂ ਮਾਂ ਦੇ ਪਿਆਰ ਵਾਂ ਸਾਡੇ ਸਰੀਰ, ਲਹੂ ਤੇ ਆਤਮਾ 'ਚ ਘੁ ਹੋਵੇ ਤਾਂ ਮਾਂ ਬੋਲੀ ਦਿਵਸ ਦੀ ਕੀ ਲੋ ਹੈ? ਇਹਦਾ ਕੀ ਮਹਾਤਮ ਹੈ ਤਦ? ਅਸੀਂ ਸੱਚੀਂ ਮਾਂ-ਬੋਲੀ ਨਾਲ ਜੁੜਨਾ ਤਾਂ ਪਰਪੰਚ ਤਿਆਗਣੇ ਪੈਣਗੇ। ਸੋਸ਼ ਸਾਇੰਸ ਤੇ ਜਨਰਲ ਸਾਇੰਸ, ਗਣਿ ਟੈਕਨਾਲੋਜੀ ਦੇ ਵਿਸ਼ੇ ਨਾਲ ਸਬੰਧਿ ਸਮੱਗਰੀ ਤੇ ਪੁਸਤਕਾਂ ਨੂੰ ਪੰਜਾਬੀ ਵਿ ਅਨੁਵਾਦ ਕਰਨ ਲਈ ਕਮਰ ਕੱਸ ਪਏਗੀ। ਕਾਲਜਾਂ-ਯੂਨੀਵਰਸਿਟੀ ਨੂੰ ਕੰਮ ਕਰਨ ਲਈ ਮਜਬੂਰ ਕਰ ਪਵੇਗਾ ਤੇ ਸਭ ਤੋਂ ਵੱਧ ਪਬਲਿ ਕਾਨਵੈਂਟ ਤੇ ਮਾਡਰਨ ਸਕੂਲਾਂ ਨੂੰ ਚੌ ਤਕ ਦੀ ਪੜ੍ਹਾਈ ਸਿਰਫ਼ ਪੰਜਾਬੀ ਵਿ ਕਰਵਾਉਣ ਲਈ ਮਜਬੂਰ ਕਰ ਪਵੇਗਾ। ਭਾਸ਼ਾ ਦਿਵਸ ਸਾਰਥਕ ਤ ਹੀ ਹੈ, ਜੇ ਅਸੀਂ ਕਲਾ, ਸਾਹਿਤ, ਸਿਨੇਮ ਗੱਲ ਕੀ ਹਰ ਸੁਚਾਰੂ ਤੇ ਸੁਹਜਾਤੀ- ਲਹਿਰ ਨੂੰ ਮਾਂ-ਬੋਲੀ ਪੰਜਾਬੀ ਨ ਸਰਸ਼ਾਰ ਕਰ ਦਈਏ। ਮੇਰਾ ਇਹ ਯਕੀਨ ਹੈ ਕਿ ਖਾ ਪੀ ਕੇ, ਪੈਸੇ ਤੇ ਸੁਰਾ ਨਸ਼ੇ ਵਿਚ ਗਲਤਾਨ ਪੰਜਾਬੀ ਸ਼ਾਇਦ ਕਦੀ ਹੋਸ਼ ਵਿਚ ਆਣ! ਨਹੀਂ ਤੇ ਆਟੇ ਲੂਣ ਬਰਾਬਰ ਚੰਦ ਜਾਗਦੇ ਸਿਰ ਇ ਹਜ਼ਾਰਾਂ ਵਰ੍ਹੇ ਪੁਰਾਣੀ, ਸ਼ਾਨਾਮਤੀ ਪੰਜਾ ਲਈ ਜੂਝ ਤਾਂ ਰਹੇ ਹੀ ਹਨ। •

82888-5453



# ਜ਼ਿਲਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਦੀ ਪ੍ਰਧਾਨਗੀ ਹੇਠ ਹੋਈ ਰੈਵੀਨਿਊ ਪਟਵਾਰ ਯੂਨੀਅਨ ਦੀ ਅਹਿਮ ਮੀਟਿੰਗ : ਪਰਮਜੀਤ ਸਿੰਘ



**ਮਲੇਰਕੋਟਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਜ ਦੀ ਰੈਵੀਨਿਊ ਪਟਵਾਰ ਯੂਨੀਅਨ ਜਿਲਾ ਮਾਲੇਰਕੋਟਲਾ ਦੀ ਇੱਕ ਹੰਗਾਮੀ ਮੀਟਿੰਗ ਤਹਿਸੀਲ ਦਫਤਰ ਮਾਲੇਰਕੋਟਲਾ ਵਿਖੇ ਜਿਲਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮੀਤ ਪ੍ਰਧਾਨ ਪੰਜਾਬ ਸ. ਦੀਦਾਰ ਸਿੰਘ ਛੋਕਰ ਵਿਸ਼ੇਸ਼ ਤੌਰ ਤੇ ਹਾਜਰ ਆਏ। ਮੀਟਿੰਗ ਦੀ ਪ੍ਰਕਿਰਿਆ ਜਨਰਲ ਸਕੱਤਰ ਪਰਮਜੀਤ ਸਿੰਘ ਨਾਰੀਕੇ ਵੱਲੋਂ ਸ਼ੁਰੂ ਕੀਤੀ ਗਈ। ਜਿਸ ਉਪਰੰਤ ਸਾਰੇ ਪਟਵਾਰੀ ਸਾਹਿਬਾਨ ਦੇ ਵਿਚਾਰ ਲਏ ਗਏ। ਮੀਟਿੰਗ ਵਿੱਚ ਡੀ ਸੀ ਮਾਲੇਰਕੋਟਲਾ ਦੇ ਪਟਵਾਰੀਆਂ ਪ੍ਰਤੀ ਰਵੱਈਏ ਦੀ ਨਿਖੇਧੀ ਕੀਤੀ ਗਈ। ਪਟਵਾਰੀਆਂ ਦੁਆਰਾ ਕੀਤੇ ਗਏ ਕੰਮਾਂ ਵਿੱਚ ਡੀ ਸੀ ਦਫਤਰ ਵੱਲੋ ਸਿੱਧੀ ਦਖਲ ਅੰਦਾਜੀ ਦੀ ਨਿੰਦਾ ਕੀਤੀ ਗਈ। ਮੌਜੂਦਾ ਸਮੇਂ ਵਿੱਚ ਲਾਲ ਲਕੀਰ, ਤਤੀਮਿਆਂ ਦਾ ਕੰਮ, ਜੰਮੂ-ਕੱਟੜਾ ਅਤੇ ਸਰਹੰਦ ਸ਼ਹਿਣਾ ਨੈਸ਼ਨਲ ਹਾਈਵੇ ਦਾ ਕੰਮ, ਪਿੰਡਾਂ ਦੇ ਸਾਲਾਨਾ ਚਾਰ ਸਾਲੇ, ਇੰਤਕਾਲਾਂ ਦੀ ਪੈਂਡੇਂਸੀ, ਆਨਲਾਈਨ ਸਰਟੀਫਿਕੇਟ, ਰਿਕਾਰਡ ਦੀਆਂ ਨਕਲਾਂ ਆਦਿ ਕੰਮ ਇਕੱਠੇ ਚਲਦੇ ਹੋਣ ਦੇ ਬਾਵਜੂਦ ਬਹੁਗਿਣਤੀ ਪਟਵਾਰੀਆਂ ਪਾਸ ਦੋ ਤੋਂ ਤਿੰਨ ਸਰਕਲਾਂ ਦਾ ਵੀ ਵਾਧੂ ਬੋਝ ਹੈ। ਜਿਸ ਕਾਰਨ ਪਟਵਾਰੀਆਂ ਤੇ ਮਾਨਸਿਕ ਤੌਰ ਤੇ ਬਹੁਤ ਬੋਝ ਹੈ ਅਤੇ ਕੰਮ ਪੂਰਾ ਕਰਨ ਲਈ ਸ਼ਨੀਵਾਰ ਐਤਵਾਰ ਵੀ ਦਫਤਰ ਆਉਣਾ ਪੈਂਦਾ ਹੈ।

ਇਸ ਕਰਕੇ ਰਿਕਾਰਡ ਵਿੱਚ ਗਲਤੀਆਂ ਹੋਣ ਦੀ ਸੰਭਾਵਨਾ ਵੀ ਪੈਦਾ ਹੁੰਦੀ ਹੈ। ਯੂਨੀਅਨ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਇੱਕੋ ਸਮੇਂ ਇੱਕੋ ਕੰਮ ਕੀਤਾ ਜਾ ਸਕਦਾ ਹੈ। ਇਸ ਲਈ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਸਾਰੇ ਪਟਵਾਰੀ ਬਿਨਾਂ ਦਬਾਅ ਤੋਂ ਆਪਣਾ ਦਫਤਰ ਦਾ ਕੰਮ ਦਿਨ ਵੰਡ ਕੇ ਕਰਨਗੇ ਤਾਂ ਕਿ ਕਿਸੇ ਗਲਤੀ ਦੀ ਕੋਈ ਗੁੰਜਾਇਸ਼ ਨਾ ਰਹੇ ਅਤੇ ਕਿਸੇ ਪਟਵਾਰੀ ਦਾ ਕੋਈ ਨੁਕਸਾਨ ਨਾ ਹੋਵੇ। ਕੋਈ ਵੀ ਪਟਵਾਰੀ ਸ਼ਨੀਵਾਰ ਐਤਵਾਰ ਨੂੰ ਦਫ਼ਤਰ ਹਾਜ਼ਰ ਨਹੀਂ ਆਵੇਗਾ। ਜੇਕਰ ਆਉਣ ਵਾਲੇ ਸਮੇਂ ਵਿੱਚ ਪ੍ਰਸ਼ਾਸ਼ਨ ਅਤੇ ਡੀ ਸੀ ਦਫਤਰ ਨੇ ਪਟਵਾਰੀਆਂ ਪ੍ਰਤੀ ਰਵੱਈਆ ਸਹੀ ਨਹੀਂ ਕੀਤਾ ਤਾਂ ਇਸ ਸਬੰਧੀ ਹੋਰ ਵੀ ਕਰੜੇ ਫੈਸਲੇ ਲਏ ਜਾਣਗੇ। ਜਿਸਦੀ ਸਮੁੱਚੇ ਤੌਰ ਤੇ ਜਿੰਮੇਵਾਰੀ ਪ੍ਰਸ਼ਾਸ਼ਨ ਦੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦੁਸ਼ਯੰਤ ਸਿੰਘ ਰਾਕਾ, ਜ਼ਿਲ੍ਹਾ ਜਨਰਲ ਸਕੱਤਰ ਪਰਮਜੀਤ ਸਿੰਘ ਨਾਰੀਕੇ, ਜ਼ਿਲ੍ਹਾ ਖਜ਼ਾਨਚੀ ਗੁਰਿੰਦਰਜੀਤ ਸਿੰਘ, ਮੀਤ ਪ੍ਰਧਾਨ ਪੰਜਾਬ ਦੀਦਾਰ ਸਿੰਘ ਛੋਕਰ, ਪਟਵਾਰੀ ਅਬਦੁਲ ਰਸ਼ੀਦ, ਕਰਨ ਅਜੈਪਾਲ ਸਿੰਘ ਸੋਪਲ, ਗੁਰਿੰਦਰ ਸਿੰਘ ਰਾਏ ਤਿੰਨੇ ਤਹਿਸੀਲ ਪ੍ਰਧਾਨ, ਪਟਵਾਰੀ ਮਲਕੀਤ ਸਿੰਘ, ਅੰਮ੍ਰਿਤਪਾਲ ਸਿੰਘ, ਸੁਮਨਪ੍ਰੀਤ ਸਿੰਘ, ਹਰਵੀਰ ਸਿੰਘ ਸਰਵਾਰੇ, ਮਨਦੀਪ ਕੌਰ, ਵਿਨਾਕਸ਼ੀ ਜੋਸ਼ੀ, ਸਿਮਰਨਜੀਤ ਕੌਰ, ਮੰਨਾ ਦੇਵੀ, ਸੁਰਿੰਦਰ ਸਿੰਘ ਨਾਭਾ, ਅਜੈਪਾਲ ਸਿੰਘ, ਸਾਹਿਲ ਪੰਨਵਾਰ, ਸ਼ੁਭਮ ਹਾਂਡਾ, ਸ਼ਿਧਾਰਥ ਸਿੰਘ ਬਿਸ਼ਟ, ਅਵਤਾਰ ਸਿੰਘ, ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

# 21 ਫਰਵਰੀ ਤੋਂ 2 ਮਾਰਚ ਤੱਕ ਸ਼ੀਸ਼ ਮਹਿਲ ਵਿਖੇ ਲੱਗੇਗਾ ਕਰਾ.ਫਟ ਮੇਲਾ : ਦਮਨਜੀਤ ਸਿੰਘ ਮਾਨ

## ਦਸਤਕਾਰੀ ਵਸਤਾਂ, ਲੋਕ ਕਲਾਵਾਂ ਤੇ ਨਾਚਾਂ ਦੀ ਪੇਸ਼ਕਾਰੀ ਬਣੇਗੀ ਖਿੱਚ ਦਾ ਕੇਂਦਰ




**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੀ ਵਿਰਾਸਤੀ ਇਮਾਰਤ ਸ਼ੀਸ਼ ਮਹਿਲ ਦੇ ਵਿਹੜੇ 'ਚ ਇਸ ਵਾਰ 21 ਫਰਵਰੀ ਤੋਂ 2 ਮਾਰਚ ਤੱਕ ਕਰਾਫ਼ਟ ਮੇਲਾ ਅਤੇ ਸਖੀ ਸ਼ਕਤੀ ਮੇਲਾ ਲੱਗੇਗਾ, ਇਸ ਮੇਲੇ ਦਾ ਰੋਡ ਮੈਪ ਤਿਆਰ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਕੇ ਨੋਡਲ ਅਫ਼ਸਰਾਂ ਦੀ ਅਗਵਾਈ ਹੇਠ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਸੰਕਲਪ ਤਹਿਤ ਇਸ ਕਰਾਫ਼ਟ ਮੇਲੇ ਅਤੇ ਸਖੀ ਸ਼ਕਤੀ ਮੇਲੇ ਦੀਆਂ ਤਿਆਰੀਆਂ ਹੁਣੇ ਤੋਂ ਵਿੱਢ ਦਿੱਤੀਆਂ ਗਈਆਂ ਹਨ।

ਦਮਨਜੀਤ ਸਿੰਘ ਮਾਨ ਨੇ ਇਸ ਮੇਲੇ ਨੂੰ ਕਰਵਾਉਣ ਲਈ ਗਠਿਤ ਕਮੇਟੀਆਂ ਦੇ ਮੈਂਬਰ ਅਧਿਕਾਰੀਆਂ ਨੂੰ ਸੌਂਪੀਆਂ ਜਿੰਮੇਵਾਰੀਆਂ ਦੱਸਦਿਆਂ ਹਦਾਇਤ ਕੀਤੀ ਕਿ ਤਿਆਰੀਆਂ 'ਚ ਕਿਸੇ ਕਿਸਮ ਦੀ ਕੋਈ ਢਿੱਲ-ਮੱਠ ਨਾ ਵਰਤੀ ਜਾਵੇ ਅਤੇ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰ ਲਏ ਜਾਣ। ਉਨ੍ਹਾਂ ਕਿਹਾ ਕਿ ਮੇਲੇ ਲਈ ਕੋਈ ਵੀ ਜਾਣਕਾਰੀ ਲੈਣ ਲਈ ਦਸਤਕਾਰ ਏ.ਡੀ.ਸੀ. ਦਿਹਾਤੀ ਵਿਕਾਸ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

ਏ.ਡੀ.ਸੀ. ਮਾਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਉਲੀਕੇ ਗਏ ਇਸ ਕਰਾਫ਼ਟ ਮੇਲੇ ਵਿੱਚ ਦੇਸ਼ ਤੇ ਵਿਦੇਸ਼ਾਂ ਤੋਂ 110 ਤੋਂ ਵਧੇਰੇ ਵੱਖ-ਵੱਖ ਸ਼ਿਲਪਕਾਰ ਆਪਣੀਆਂ ਦਸਤਕਾਰੀ ਵਸਤਾਂ ਦਰਸ਼ਕਾਂ ਦੀ ਖਰੀਦੋ-ਫ਼ਰੋਖਤ ਲਈ ਇੱਥੇ ਲੈ ਕੇ ਆਉਣਗੇ। ਇਸ ਤੋਂ ਇਲਾਵਾ ਦਰਸ਼ਕਾਂ ਦੇ ਮਨੋਰੰਜਨ ਲਈ ਮਸ਼ਹੂਰ ਗਾਇਕਾਂ ਤੇ ਲੋਕ ਗਾਇਕਾਂ, ਉਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ 125 ਤੋਂ ਵਧੇਰੇ ਲੋਕ ਕਲਾਵਾਂ ਤੇ ਲੋਕ ਨਾਚਾਂ ਦੇ ਕਲਾਕਾਰਾਂ ਸਮੇਤ ਪੰਜਾਬ ਦੇ ਬਾਜੀਗਰ ਤੇ ਨਚਾਰ, ਹਰਿਆਣਾ ਦੇ ਬੀਨ ਜ਼ੋਗੀ, ਰਾਜਸਥਾਨ ਦੀ ਕੱਚੀ ਘੋੜੀ, ਬਹਿਰੂਪੀਏ ਸਮੇਤ ਹੋਰ ਵੰਨਗੀਆਂ ਦੀਆਂ ਪੇਸ਼ਕਾਰੀਆਂ ਦਾ ਪ੍ਰਬੰਧ ਕੀਤਾ ਜਾਵੇਗਾ।

ਏ.ਡੀ.ਸੀ. ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਕਰਾਫ਼ਟ ਮੇਲੇ ਦੌਰਾਨ ਧਾਤਾਂ 'ਤੇ ਹੋਇਆ ਦਸਤਕਾਰੀ ਦਾ ਕੰਮ, ਚਿੱਤਰਕਾਰੀ, ਪੱਥਰ ਤੇ ਮੀਨਾਕਾਰੀ ਨਾਲ ਲਬਰੇਜ਼ ਪੁਰਾਤਨ ਗਹਿਣੇ, ਕੱਪੜਿਆਂ 'ਚ ਚਿਕਨਕਾਰੀ, ਗੁਜਰਾਤੀ ਕਢਾਈ, ਸ਼ੀਸ਼ੇ ਦਾ ਕੰਮ, ਬਲਾਕ ਪ੍ਰਿੰਟਿਗ, ਕਲਾਕਾਰੀ, ਜ਼ਰੀ, ਸੋਜਨੀ ਅਨੇਕਾ ਕਿਸਮਾਂ ਦੇ ਹੋਰ ਸ਼ਾਨਦਾਰ ਕੱਪੜੇ ਵਿਕਣ ਲਈ ਸਜਾਏ ਜਾਣਗੇ। ਇਸ ਤੋਂ ਬਿਨ੍ਹਾਂ ਮਿੱਟੀ ਦੇ ਬਰਤਨਾਂ ਵਿਚ ਜੈਪੁਰ ਪੋਟਰੀ, ਟੈਰਾਕੋਟਾ, ਸੈਰਾਮਿਕ, ਬਲੈਕ ਪੋਟਰੀ, ਪੇਟਿੰਗ ਨਾਲ ਸਜੇ ਭਾਂਡੇ, ਪਟਚਿੱਤਰ, ਬਸੋਲੀ ਸਮੇਤ ਲੱਕੜ ਦੇ ਐਂਟੀਕ ਫਰਨੀਚਰ ਸਮੇਤ ਹੋਰ ਅਣਗਿਣਤ ਕਿਸਮਾਂ ਵੀ ਉਪਲਬੱਧ ਹੋਣਗੀਆਂ।

ਏ.ਡੀ.ਸੀ ਮਾਨ ਨੇ ਹੋਰ ਦੱਸਿਆ ਕਿ ਦਰਸ਼ਕਾਂ ਦੇ ਖਾਣ ਪੀਣ ਲਈ ਲਜੀਜ਼ ਪਕਵਾਨਾਂ ਦੀਆਂ ਸਟਾਲਾਂ, ਬੱਚਿਆਂ ਦੇ ਮਨੋਰੰਜਨ ਲਈ ਝੂਲਿਆਂ ਤੇ ਖੇਡਾਂ ਦੇ ਪ੍ਰਬੰਧਾਂ ਸਮੇਤ ਕਰਾਫਟ ਮੇਲੇ ਦੌਰਾਨ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਇਸ ਵਾਰ ਦਾ ਵੀ ਕਰਾਫ਼ਟ ਮੇਲਾ ਦਰਸ਼ਕਾਂ ਦੀ ਖਿੱਚ ਦਾ ਵੱਡਾ ਕੇਂਦਰ ਬਣੇਗਾ ਤੇ ਇੱਥੇ ਪਟਿਆਲਾ ਦੇ ਨਾਲ ਲੱਗਦੇ ਜ਼ਿਲ੍ਹਿਆਂ ਤੇ ਬਾਹਰੋਂ ਵੀ ਦਰਸ਼ਕ ਪੁੱਜਣਗੇ। ਇਸ ਮੌਕੇ ਐਸ.ਡੀ.ਐਮਜ ਸਮੇਤ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਮੌਜੂਦ ਸਨ।

# ਏ.ਪੀ.ਆਰ.ਓ ਹਰਦੀਪ ਸਿੰਘ ਦੇ ਨਾਨੀ ਜੀ ਸਵਰਗੀ ਮਾਤਾ ਸੁਰਜੀਤ ਕੌਰ ਨਮਿਤ ਅੰਤਿਮ ਅਰਦਾਸ ਅੱਜ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਏ.ਪੀ.ਆਰ.ਓ. ਹਰਦੀਪ ਸਿੰਘ ਦੇ ਨਾਨੀ ਜੀ ਮਾਤਾ ਸੁਰਜੀਤ ਕੌਰ (ਸੁਪਤਨੀ ਸਵਰਗੀ ਫ਼ੌਜੀ ਬਖ਼ਸ਼ੀਸ਼ ਸਿੰਘ ਨੰਨ੍ਹੜੇ) ਕਰੀਬ 88 ਸਾਲਾਂ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਉਨ੍ਹਾਂ ਦੇ ਜੱਦੀ ਪਿੰਡ ਗੁਰਦਿੱਤਪੁਰਾ, ਨਾਭਾ ਦੇ ਗੁਰਦੁਆਰਾ ਸਾਹਿਬ ਵਿਖੇ ਮਿਤੀ 15 ਜਨਵਰੀ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗਾ।



ਜਿਕਰਯੋਗ ਹੈ ਕਿ ਸਵਰਗੀ ਮਾਤਾ ਸੁਰਜੀਤ ਕੌਰ ਬਹੁਤ ਹੀ ਧਾਰਮਿਕ ਖਿਆਲਾਂ ਦੇ ਮਾਲਕ ਸਨ ਅਤੇ ਉਨ੍ਹਾਂ ਨੇ ਅੰਤਲੇ ਸਵਾਸਾਂ ਤੱਕ ਹਰ ਦੁੱਖ-ਸੁੱਖ ਵਿੱਚ ਪਰਮਾਤਮਾ ਦਾ ਸ਼ੁਕਰਾਨਾ ਹੀ ਕੀਤਾ। ਉਹ ਆਪਣੇ ਪਿੱਛੇ ਤਿੰਨ ਧੀਆਂ ਅਤੇ ਇੱਕ ਪੁੱਤਰ ਸਮੇਤ ਹੋਰ ਪਰਿਵਾਰ ਤੇ ਸਕੇ ਸੰਬੰਧੀਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਪੂਰਾ ਪਰਿਵਾਰ ਸਵਰਗੀ ਸੁਰਜੀਤ ਕੌਰ ਦੇ ਪਾਏ ਪੂਰਨਿਆਂ 'ਤੇ ਚੱਲਦਾ ਹੋਇਆ ਸਮਾਜ ਵਿੱਚ ਨਾਮਣਾ ਖੱਟ ਰਿਹਾ ਹੈ।

ਇਸ ਦੌਰਾਨ ਮਾਤਾ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ. ਵਰੁਣ ਸ਼ਰਮਾ ਤੇ ਐਸ.ਡੀ.ਐਮ ਨਾਭਾ ਕੰਨੂ ਗਰਗ ਸਮੇਤ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਭੁਪੇਸ਼ ਚੱਠਾ ਸਮੇਤ ਨਾਭਾ ਤੇ ਪਟਿਆਲਾ ਦੇ ਪੱਤਰਕਾਰਾਂ ਤੇ ਹੋਰ ਸ਼ਖ਼ਸੀਅਤਾਂ ਨੇ ਏ.ਪੀ.ਆਰ.ਓ. ਹਰਦੀਪ ਸਿੰਘ ਅਤੇ ਉਨ੍ਹਾਂ ਦੇ ਮਾਮਾ ਜੀ ਗੁਰਚਰਨ ਸਿੰਘ ਨੰਨ੍ਹੜੇ ਸਮੇਤ ਸਵਰਗੀ ਸੁਰਜੀਤ ਕੌਰ ਦੇ ਪੋਤਰੇ ਦੇਵਿੰਦਰ ਸਿੰਘ ਤੇ ਸੁਖਬੀਰ ਸਿੰਘ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਰਮਾਤਮਾ ਜਿੱਥੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਉਥੇ ਹੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਪੱਤਰਕਾਰਾਂ 'ਤੇ ਕੀਤੇ ਪਰਚੇ ਦੀ ਕੁੱਲ ਹਿੰਦ ਕਿਸਾਨ ਸਭਾ ਨੇ ਕੀਤੀ ਨਿਖੇਧੀ



**ਮਾਛੀਵਾੜਾ ਸਾਹਿਬ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਦੀ ਮੀਟਿੰਗ ਪਿੰਡ ਝੜੌਦੀ ਵਿਖੇ ਅਸ਼ੋਕ ਖੇੜਾ ਅਤੇ ਹਰਦੇਵ ਸਿੰਘ ਬਾਗ ਦੀ ਅਗਵਾਈ ਵਿੱਚ ਕੀਤੀ ਗਈ। ਸੂਬਾ ਆਗੂ ਕਾਮਰੇਡ ਨਿੱਕਾ ਸਿੰਘ ਖੇੜਾ ਕੁੱਲ ਹਿੰਦ ਕਿਸਾਨ ਸਭਾ ਆਗੂ ਨੇ ਪੰਜਾਬ ਅੰਦਰ ਪੱਤਰਕਾਰਾਂ ਅਤੇ ਕੁਝ ਫੇਸਬੁੱਕ ਆਈਡੀਆਂ ਉੱਪਰ ਕੀਤੇ ਗਏ ਪਰਚਿਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਕਿਹਾ ਕਿ ਲੋਕਤੰਤਰ ਦੇ ਚੌਥੇ ਥੰਮ ਨੂੰ ਦਬਾਉਣ ਦੀ ਸਰਕਾਰ ਵੱਲੋਂ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਤੇ ਇਹ ਲੋਕਤੰਤਰ ਤੇ ਸਿੱਧਾ ਹਮਲਾ ਹੈ। ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਕੇਂਦਰ ਦੀ ਭਾਜਪਾ ਸਰਕਾਰ ਦੇ ਨਕਸ਼ੇ ਕਦਮ ਤੇ ਚੱਲ ਪਈ ਹੈ, ਜਿਹੜਾ ਕੋਈ ਵੀ ਇਸ ਪਾਰਟੀ ਦੇ ਖਿਲਾਫ ਬੋਲਦਾ ਹੈ ਤਾਂ ਉਸ ਖਿਲਾਫ ਸਿੱਧਾ ਹੀ ਪਰਚਾ ਦਰਜ ਕੀਤਾ ਜਾਂਦਾ ਹੈ।

ਬੋਲਣ ਦੀ ਆਜ਼ਾਦੀ ਤੇ ਸਿੱਧਾ ਸਿੱਧਾ ਹਮਲਾ ਕੀਤਾ ਜਾ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੀ ਲੋਕ ਪੱਖੀ ਕਾਨੂੰਨਾਂ ਨੂੰ ਇੱਕ-ਇੱਕ ਕਰਕੇ ਖਤਮ ਕਰਦੀ ਜਾ ਰਹੀ ਹੈ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ ਸਨਾਤਨ ਹਿੰਦੂ ਧਰਮ ਨੂੰ ਉਤਸ਼ਾਹਿਤ ਕਰਨ ਲਈ, ਉੱਤਰੀ ਭਾਰਤ ਦੇ ਇੱਕ ਪ੍ਰਸਿੱਧ ਤੀਰਥ ਸਥਾਨ, ਪਟਿਆਲਾ (ਪੰਜਾਬ) ਦੇ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ ਕੀਤਾ। ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਤੋਂ, ਧਾਰਮਿਕ ਆਗੂ ਅਤੇ ਪ੍ਰਸਿੱਧ ਸਨਾਤਨੀ ਕਥਾ ਵਾਚਕ ਪੰਡਿਤ ਸ਼੍ਰੀ ਆਸ਼ੀਸ਼ ਭੱਟ ਅਜਰੋੜ ਵਾਲੇ ਨੇ ਆਪਣੀ ਪਵਿੱਤਰ ਕਥਾ ਰਾਹੀਂ ਸਮਝਾਇਆ ਕਿ ਭਗਤੀ ਅਤੇ ਸ਼ਕਤੀ ਦਾ ਪ੍ਰਤੀਕ: ਸ਼੍ਰੀ ਹਨੂੰਮਾਨ ਜੀ ਨੂੰ ਭਾਰਤੀ ਸੱਭਿਆਚਾਰ ਵਿੱਚ ਅਟੁੱਟ ਵਿਸ਼ਵਾਸ, ਸ਼ਰਧਾ, ਅਥਾਹ ਸ਼ਕਤੀ ਅਤੇ ਨਿਰਸਵਾਰਥ ਸੇਵਾ ਦਾ ਸਰਵਉੱਚ ਪ੍ਰਤੀਕ ਮੰਨਿਆ ਜਾਂਦਾ ਹੈ।

ਕਲਯੁਗ ਦੇ ਜਾਗ੍ਰਿਤ ਦੇਵਤਾ: ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਸ਼੍ਰੀ ਹਨੂੰਮਾਨ ਸੱਤ ਅਮਰਾਂ ਵਿੱਚੋਂ ਇੱਕ ਹਨ ਅਤੇ ਕਲਯੁਗ ਵਿੱਚ ਵੀ ਧਰਤੀ 'ਤੇ ਮੌਜੂਦ ਹਨ। ਉਹ ਕਿਸੇ ਵੀ ਵਿਅਕਤੀ ਦੇ ਸੱਦੇ 'ਤੇ ਮੌਜੂਦ ਹੁੰਦੇ ਹਨ ਜੋ ਉਨ੍ਹਾਂ ਨੂੰ ਸੱਚੇ ਦਿਲ ਨਾਲ ਬੁਲਾਉਂਦੇ ਹਨ।

ਅੱਠ ਸਿੱਧੀਆਂ ਦਾ ਦਾਤਾ: ਉਨ੍ਹਾਂ ਨੂੰ ਅੱਠ ਸਿੱਧੀਆਂ ਅਤੇ ਨੌਂ ਨਿਧੀਆਂ ਦੇ ਦਾਤਾ ਵਜੋਂ ਪੂਜਿਆ ਜਾਂਦਾ ਹੈ, ਜੋ ਆਪਣੇ ਭਗਤਾਂ ਦੇ ਸਾਰੇ ਮਾਨਸਿਕ ਅਤੇ ਸਰੀਰਕ ਦੁੱਖ ਦੂਰ ਕਰਦੇ ਹਨ। ਅਨੁਸ਼ਾਸਨ ਦੇ ਸਬਕ: ਹਨੂੰਮਾਨ ਜੀ ਦਾ ਜੀਵਨ ਸਾਨੂੰ ਅਨੁਸ਼ਾਸਨ, ਬ੍ਰਹਮਚਾਰੀ ਅਤੇ ਸੰਜਮ ਦੇ ਅਨਮੋਲ ਸਬਕ ਸਿਖਾਉਂਦਾ ਹੈ, ਜੋ ਮਨੁੱਖੀ ਜੀਵਨ ਲਈ ਅਨਮੋਲ ਅਤੇ ਪ੍ਰੇਰਨਾਦਾਇਕ ਹਨ।



ਅਨੁਪਮ ਬੁੱਧੀ: ਉਹ ਨਾ ਸਿਰਫ਼ ਸ਼ਕਤੀਸ਼ਾਲੀ ਹਨ ਸਗੋਂ ÷ਬੁੱਧੀਮਾਤਾਮ ਵਰਿਸ਼ਠਮ÷ ਵੀ ਮੰਨੇ ਜਾਂਦੇ ਹਨ, ਜਿਸਦਾ ਅਰਥ ਹੈ ਬੁੱਧੀਮਾਨਾਂ ਵਿੱਚੋਂ ਸਭ ਤੋਂ ਵਧੀਆ। ਸਮਰਪਣ ਦਾ ਸਿਧਾਂਤ: ਭਗਵਾਨ ਸ਼੍ਰੀ ਰਾਮ ਪ੍ਰਤੀ ਉਨ੍ਹਾਂ ਦੀ ਸ਼ਰਧਾ ਸਾਨੂੰ ਸਿਖਾਉਂਦੀ ਹੈ ਕਿ ਸੱਚੀ ਸ਼ਰਧਾ ਹੰਕਾਰ ਤੋਂ ਬਿਨਾਂ ਸੇਵਾ ਕਰਨ ਵਿੱਚ ਹੈ।

ਸੰਕਟਮੋਚਨ ਸਵਰੂਪ: ਉਨ੍ਹਾਂ ਨੂੰ ÷ਸੰਕਟਮੋਚਨ÷ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਵਿੱਚ ਅਸੰਭਵ ਕੰਮਾਂ ਨੂੰ ਵੀ ਆਸਾਨ ਬਣਾਉਣ ਦੀ ਸਮਰੱਥਾ ਹੈ।

ਹਿੰਮਤ ਪੈਦਾ ਕਰਨਾ: ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕਰਨ ਨਾਲ ਸ਼ਰਧਾਲੂਆਂ ਵਿੱਚ ਡਰ ਦੂਰ ਹੁੰਦਾ ਹੈ ਅਤੇ ਆਤਮਵਿਸ਼ਵਾਸ ਅਤੇ ਹਿੰਮਤ ਪੈਦਾ ਹੁੰਦੀ ਹੈ। ਨਿਮਰਤਾ ਦਾ ਗੁਣ: ਅਪਾਰ ਸ਼ਕਤੀਆਂ ਹੋਣ ਦੇ ਬਾਵਜੂਦ, ਸ਼੍ਰੀ ਹਨੂੰਮਾਨ ਜੀ ਦੀ ਨਿਮਰਤਾ ਉਨ੍ਹਾਂ ਨੂੰ ਦੂਜੇ ਦੇਵਤਿਆਂ ਤੋਂ ਵੱਖਰਾ ਕਰਦੀ ਹੈ।

ਨੌਜਵਾਨਾਂ ਲਈ ਪ੍ਰੇਰਨਾ: ਅੱਜ ਦੇ ਸਮੇਂ ਵਿੱਚ, ਸ਼੍ਰੀ ਹਨੂੰਮਾਨ ਜੀ ਸਰੀਰਕ ਸਿਹਤ ਅਤੇ ਮਾਨਸਿਕ ਇਕਾਗਰਤਾ ਦੇ ਸੰਬੰਧ ਵਿੱਚ ਨੌਜਵਾਨਾਂ ਲਈ ਸਭ ਤੋਂ ਵੱਡਾ ਰੋਲ ਮਾਡਲ ਹਨ। ਸੱਭਿਆਚਾਰਕ ਏਕਤਾ: ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ, ਹਨੂੰਮਾਨ ਜੀ ਦੀ ਪੂਜਾ ਪੂਰੇ ਦੇਸ਼ ਨੂੰ ਇੱਕ ਸੱਭਿਆਚਾਰਕ ਧਾਗੇ ਵਿੱਚ ਬੰਨ੍ਹਦੀ ਹੈ।

ਨਕਾਰਾਤਮਕਤਾ ਦਾ ਵਿਨਾਸ਼: ਜਿੱਥੇ ਹਨੂੰਮਾਨ ਜੀ ਨਿਵਾਸ ਕਰਦੇ ਹਨ, ਉੱਥੇ ਭੂਤਾਂ, ਆਤਮਾਵਾਂ ਅਤੇ ਨਕਾਰਾਤਮਕ ਊਰਜਾ ਦਾ ਪ੍ਰਵੇਸ਼ ਵਰਜਿਤ ਹੈ।

ਇਸ ਮੌਕੇ 'ਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸੰਸਥਾਪਕ ਸ਼੍ਰੀ ਪਵਨ ਕੁਮਾਰ ਗੁਪਤਾ, ਪੰਜਾਬ ਰਾਜ ਚੇਅਰਮੈਨ ਸ਼੍ਰੀ ਹੇਮਰਾਜ ਗੋਇਲ, ਪੰਜਾਬ ਮੁੱਖ ਸਨਾਤਨ ਧਰਮ ਪ੍ਰਚਾਰਕ ਜੋਤਸ਼ੀ ਆਚਾਰੀਆ ਸ਼੍ਰੀ ਬਦਰੀ ਪ੍ਰਸਾਦ ਸ਼ਾਸਤਰੀ, ਸੂਬਾ ਜਨਰਲ ਸਕੱਤਰ ਸ਼੍ਰੀ ਡਾ. ਸ਼੍ਰੀਚੰਦ ਸ਼ਰਮਾ, ਸ਼੍ਰੀਮਤੀ ਸੁਮਨ ਗੁਪਤਾ (ਪੰਜਾਬ ਪ੍ਰਧਾਨ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਮਹਿਲਾ ਇਕਾਈ), ਸ਼੍ਰੀਮਤੀ ਗੀਤਾ ਗੋਇਲ, ਸੂਬਾ ਜਨਰਲ ਸਕੱਤਰ, ਮਹਿਲਾ ਇਕਾਈ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪੰਜਾਬ, ਮਹਿਲਾ ਸ਼ਾਖਾ, ਪਟਿਆਲਾ ਦੀ ਜ਼ਿਲ੍ਹਾ ਮੁਖੀ, ਸ਼੍ਰੀਮਤੀ ਵੀਰਤਾ ਸ਼ਰਮਾ, ਜ਼ਿਲ੍ਹਾ ਉਪ ਪ੍ਰਧਾਨ, ਪਟਿਆਲਾ, ਸ਼੍ਰੀਮਤੀ ਸੁਨੀਤਾ ਰਾਣੀ, ਜ਼ਿਲ੍ਹਾ ਉਪ ਪ੍ਰਧਾਨ, ਪਟਿਆਲਾ, ਸ਼੍ਰੀ ਰੋਨੀ, ਸ਼੍ਰੀ ਰਮੇਸ਼ ਕੰਬੋਜ, ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਾਰੇ ਮੈਂਬਰ ਅਤੇ ਅਹੁਦੇਦਾਰ, ਜਿਨ੍ਹਾਂ ਵਿੱਚ ਪੱਪੂ, ਗੁੱਡੂ, ਖਿਲਾਵਨ ਅਤੇ ਰਾਮ ਪ੍ਰਸਾਦ ਸ਼ਾਮਲ ਹਨ।

# ਸੰਨੀ ਇਨਕਲੇਵ ਖਰੜ ਦੇ ਵਾਰਡ ਨੰ:9 ਵਿਚ ਗਲੀ ਵਿਚ ਖੜ੍ਹੇ ਪਾਣੀ ਕਾਰਨ ਵਸਨੀਕਾਂ ਦੀਆਂ ਮੁਸ਼ਕਿਲਾਂ ਵਧੀਆਂ

**ਖਰੜ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਖਰੜ ਤਹਿਤ ਪੈਂਦੀ ਵਾਰਡ ਨੰ: 9 ਸੰਨੀ ਇਨਕਲੇਵ ਸੈਕਟਰ 125, ਦੇ ਵਸਨੀਕ ਇੱਕ ਗਲੀ ਵਿਚ ਖੜ੍ਹੇ ਪਾਣੀ ਕਾਰਨ ਪਿਛਲੇ ਡੇਢ ਮਹੀਨੇ ਤੋਂ ਤੰਗ ਪ੍ਰੇਸਾਨ ਹਨ ਅਤੇ ਨਰਕ ਦੀ ਜਿੰਦਗੀ ਭੋਗ ਰਹੇ ਹਨ, ਵਸਨੀਕਾਂ ਨੂੰ ਆਪਣੇ ਮਕਾਨਾਂ ਤੋਂ ਬਾਹਰ ਨਿਕਲਣਾ ਵੀ ਔਖਾ ਹੋ ਗਿਆ ਹੈ। ਸੰਨੀ ਇਨਕਲੇਵ ਦੇ ਵਸਨੀਕ ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ, ਆਰ.ਐਸ.ਸਿੰਘ, ਹਰਜੀਤ ਸਿੰਘ ਦੁੱਗਲ, ਗੁਰਚੈਨ ਸਿੰਘ, ਜਸਪ੍ਰੀਤ ਕੌਰ, ਕੰਵਲਜੀਤ ਕੌਰ, ਪ੍ਰੀਤੀ ਪੋਲ ਦੇ ਨਿਵਾਸੀ ਨੇ ਦਸਿਆ ਕਿ ' ਬਰਸਾਤੀ ਪਾਣੀ ਦੇ ਨਿਕਾਸ ਲਈ ਨਗਰ ਕੌਂਸਲ ਖਰੜ ਵਲੋਂ ਪਾਈਪ ਲਾਈਨ ਵਿਛਾਈ ਗਈ ਸੀ ਜਿਸ ਕਾਰਨ ਪਾਣੀ ਦੇ ਕੁਨੈਕਸ਼ਨ ਵੀ ਟੁੱਟ ਚੁੱਕੇ ਹਨ ਅਤੇ ਥਾਂ-ਥਾਂ ਤੇ ਪਾਣੀ ਦੀ ਵੱਡੇ ਵੱਧਰ ਤੇ ਲੀਕੇਜ਼ ਹੋਣ ਕਾਰਨ ਗਲੀ ਵਿਚ ਖੁੱਲੇ ਆਮ ਪਾਣੀ ਖੜ੍ਹਾ ਹੈ ਅਤੇ ਇਸ ਗਲੀ ਵਿਚ ਖੜੇ ਪਾਣੀ ਕਾਰਨ ਇਸ ਵਾਰਡ ਦੇ 18-20 ਘਰਾਂ ਨੂੰ ਆਪਣੇ ਘਰਾਂ ਵਿਚ ਜਾਣਾ ਵੀ ਔਖਾ ਹੋ ਗਿਆ, ਪੈਦਲ ਵੀ ਜਾਣਾ ਮੁਸ਼ਕਿਲ ਹੋ ਗਿਆ ਹੈ ਅਤੇ ਬਜੁਰਗ ਅਤੇ ਬੱਚਿਆਂ ਨੂੰ ਪੈਦਲ ਚੱਲਣਾ ਵੀ ਔਖਾ ਹੋ ਗਿਆ ਹੈ। ਇਸ ਤੋਂ ਪਹਿਲਾਂ ਵਸਨੀਕ ਸਬੰਧਿਤ ਵਾਰਡ ਦੀ ਕੌਂਸਲਰ ਜੋਤੀ ਗੁਜਰਾਲ ਨੂੰ ਵੀ ਮਿਲ ਕੇ ਬੇਨਤੀ ਕੀਤੀ ਸੀ ਕਿ ਇਸ ਸਮੱਸਿਆ ਦਾ ਜਲਦੀ ਹੱਲ ਕਰਵਾਇਆ ਜਾਵੇ ਅਤੇ ਉਨ੍ਹਾਂ ਕਿਹਾ ਅਜੇ ਇਸ ਗਲੀ ਨੂੰ ਠੀਕ ਕਰਨ ਲਈ ਹੋਰ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਨਗਰ ਕੋਸਲ ਖਰੜ ਦੀ ਮਿਆਦ ਖਤਮ ਹੋਣ ਵਾਲੀ ਹੈ ਤੇ ਬਾਅਦ ਵਿਚ ਇਸ ਸਮੱਸਿਆ ਵੱਲ ਕਿਸੇ ਨੇ ਕੋਈ ਧਿਆਨ ਨਹੀ ਦੇਣਾ।



ਕਲੋਨੀ ਨਿਵਾਸੀਆਂ ਨੇ ਇਸ ਸਬੰਧ ਵਿਚ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਅਤੇ ਨਗਰ ਕੌਂਸਲ ਖਰੜ ਦੇ ਕਾਰਜ ਸਾਧਕ ਅਫਸਰ ਨੂੰ ਪੱਤਰ ਭੇਜਿਆ ਗਿਆ ਹੈ।

ਇਸ ਵਾਰਡ ਦੀ ਇਸ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ ਪਰ ਅੱਜ ਤੱਕ ਕੋਈ ਵੀ ਕਾਰਵਾਈ ਅਮਲ ਵਿਚ ਨਹੀ ਆਈ। ਉਨ੍ਹਾਂ ਸਥਾਨਕ ਪ੍ਰਸ਼ਾਸ਼ਨ ਅਤੇ ਨਗਰ ਕੌਂਸਲ ਖਰੜ ਤੋਂ ਮੰਗ ਕੀਤੀ ਕਿ ਇਸ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ।

# ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ 'ਸਿੱਖਿਆ ਵਿੰਗ' ਦੀ ਸ਼ੁਰੂਆਤ ਕੀਤੀ : ਕੋਹਲੀ

**ਲੁਧਿਆਣਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਸਿੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਨਵਾਂ ਸਿੱਖਿਆ ਵਿੰਗ ਸ਼ੁਰੂ ਕੀਤਾ ਗਿਆ ਹੈ। ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪਿਛਲੇ ਚਾਰ ਸਾਲਾਂ ਵਿੱਚ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਵੱਡਾ ਸੁਧਾਰ ਆਇਆ ਹੈ, ਜਿਸ ਕਾਰਨ ਕਈ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਵੀ ਸਰਕਾਰੀ ਸਕੂਲਾਂ ਵੱਲ ਆਕਰਸ਼ਿਤ ਹੋਏ ਹਨ।

ਸਿੱਖਿਆ ਵਿੰਗ ਅਧਿਆਪਕਾਂ ਦੀ ਨਿਯੁਕਤੀ, ਆਧੁਨਿਕ ਤਕਨੀਕਾਂ ਦੀ ਲਾਗੂਅਤ, ਦੁਪਹਿਰ ਦੇ ਖਾਣੇ ਦੀ ਗੁਣਵੱਤਾ, ਸਕੂਲੀ ਕਿਤਾਬਾਂ ਅਤੇ ਵਰਦੀਆਂ ਦੀ ਨਿਯਮਤ ਸਪਲਾਈ ਵਰਗੇ ਮੁੱਦਿਆਂ 'ਤੇ ਧਿਆਨ ਦੇਵੇਗਾ। ਪਾਰਟੀ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ, ਸ਼੍ਰੀ ਮਨੀਸ਼ ਸਿਸੋਦੀਆ ਅਤੇ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਹੇਠ ਸੂਬੇ ਭਰ ਵਿੱਚ 28 ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤੇ ਗਏ ਹਨ।



ਸ਼੍ਰੀ ਗੁਲਸ਼ਨ ਛਾਬੜਾ ਨੂੰ ਸਿੱਖਿਆ ਵਿੰਗ ਦਾ ਸੂਬਾ ਪ੍ਰਧਾਨ ਬਣਾਇਆ ਗਿਆ ਹੈ।

ਲੁਧਿਆਣਾ ਸ਼ਹਿਰੀ ਲਈ ਨਿੱਕੀ ਕੋਹਲੀ ਨੂੰ ਜ਼ਿਲ੍ਹਾ ਇੰਚਾਰਜ ਅਤੇ ਲੁਧਿਆਣਾ ਦਿਹਾਤੀ ਲਈ ਰਜਿੰਦਰ ਸਿੰਘ ਤੇ ਪਲਵਿੰਦਰ ਸਿੰਘ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਅਤੇ ਵਿਧਾਇਕਾਂ ਦੀ ਅਗਵਾਈ ਹੇਠ ਜ਼ਮੀਨੀ ਪੱਧਰ 'ਤੇ ਹੋਰ ਟੀਮਾਂ ਬਣਾਕੇ ਸਕੂਲਾਂ ਵਿੱਚ ਬਿਹਤਰ ਤਾਲਮੇਲ ਯਕੀਨੀ ਬਣਾਇਆ ਜਾਵੇਗਾ।

# ਕਾਂਗਰਸ ਜ਼ਿਲ੍ਹਾ ਜਨਰਲ ਸਕੱਤਰ ਜਗਦੀਸ਼ ਖੁਰਾਣਾ ਦਾ ਜਨਮਦਿਨ ਉਤਸ਼ਾਹ ਨਾਲ ਮਨਾਇਆ ਗਿਆ, ਵਰਕਰਾਂ ਨੇ ਦਿੱਤੀ ਵਧਾਈ

**ਬਠਿੰਡਾ,17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਰਾਸ਼ਟਰੀ ਕਾਂਗਰਸ ਦੇ ਜ਼ਿਲ੍ਹਾ ਜਨਰਲ ਸਕੱਤਰ ਜਗਦੀਸ਼ ਖੁਰਾਣਾ ਦਾ ਜਨਮਦਿਨ ਅੱਜ ਕਾਂਗਰਸੀ ਵਰਕਰਾਂ ਅਤੇ ਸਮਰਥਕਾਂ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰ ਤੋਂ ਹੀ ਉਨ੍ਹਾਂ ਦੇ ਨਿਵਾਸ ਅਤੇ ਦਫ਼ਤਰ 'ਤੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ।



ਖੁਰਾਣਾ ਦੇ ਜਨਮਦਿਨ ਦੇ ਸਬੰਧ ਵਿੱਚ ਵਰਕਰਾਂ ਨੇ ਕੇਕ ਕੱਟ ਕੇ ਅਤੇ ਮਠਿਆਈਆਂ ਵੰਡ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਜ਼ਿਲ੍ਹੇ ਦੇ ਸੀਨੀਅਰ ਕਾਂਗਰਸੀ ਆਗੂਆਂ ਅਤੇ ਪਾਰਟੀ ਅਹੁਦੇਦਾਰਾਂ ਨੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਅਤੇ ਉਨ੍ਹਾਂ ਦੀ ਤੰਦਰੁਸਤੀ ਤੇ ਲੰਬੀ ਉਮਰ ਦੀ ਕਾਮਨਾ ਕੀਤੀ। ਇਸ ਦੌਰਾਨ ਪਾਰਟੀ ਪ੍ਰਤੀ ਉਨ੍ਹਾਂ ਦੀ ਨਿਸ਼ਠਾ ਅਤੇ ਲੋਕ ਸੇਵਾ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ।

ਆਪਣੇ ਸੰਬੋਧਨ ਵਿੱਚ ਜਗਦੀਸ਼ ਖੁਰਾਣਾ ਨੇ ਸਾਰੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਥੀਆਂ ਦਾ ਇਹ ਪਿਆਰ ਅਤੇ ਵਿਸ਼ਵਾਸ ਹੀ ਉਨ੍ਹਾਂ ਨੂੰ ਜਨਤਾ ਦੀ ਸੇਵਾ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਸੰਕਲਪ ਲਿਆ ਕਿ ਉਹ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਦੇ ਰਹਿਣਗੇ।

ਇਸ ਮੌਕੇ ਸਥਾਨਕ ਕਾਂਗਰਸ ਕਮੇਟੀ ਦੇ ਰਵੀ ਖਰੇਰਾ, ਸੋਨੂੰ ਖਰੇਰਾ, ਟਹਿਲ ਸਿੰਘ ਸੰਧੂ, ਬਲਜਿੰਦਰ ਠੇਕੇਦਾਰ, ਨਰੇਸ਼ ਗਰਗ, ਹੈਪੀ ਸੋਨੀ, ਆਦਿ ਕਈ ਪ੍ਰਮੁੱਖ ਮੈਂਬਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ। ਸੋਸ਼ਲ ਮੀਡੀਆ 'ਤੇ ਵੀ ਸਵੇਰ ਤੋਂ ਹੀ ਸਮਰਥਕਾਂ ਵੱਲੋਂ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ।

# ਸੀ.ਐੱਮ. ਦੀ ਯੋਗਸ਼ਾਲਾ ਵਿੱਚ ਮਨਾਇਆ ਗਿਆ ਲੋਹੜੀ ਦਾ ਤਿਉਹਾਰ



**ਮਲੇਰਕੋਟਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਦੀ ਅਗਵਾਈ ਹੇਠ ਚੱਲ ਰਹੇ ਸੀ.ਐੱਮ. ਦੀ ਯੋਗਸ਼ਾਲਾ ਪ੍ਰੋਜੈਕਟ ਤਹਿਤ ਜ਼ਿਲ੍ਹੇ ਵਿੱਚ ਲੱਗ ਰਹੀਆਂ ਯੋਗਾ ਕਲਾਸਾਂ ਹੁਣ ਕੇਵਲ ਸਰੀਰਕ ਸਿਹਤ ਨੂੰ ਤੰਦਰੁਸਤ ਰੱਖਣ ਦਾ ਸਾਧਨ ਹੀ ਨਹੀਂ ਰਹੀਆਂ, ਸਗੋਂ ਇਹ ਸਮਾਜਿਕ ਸਾਂਝ, ਭਾਈਚਾਰੇ ਅਤੇ ਆਪਸੀ ਪ੍ਰੇਮ-ਪਿਆਰ ਦਾ ਪ੍ਰਤੀਕ ਵੀ ਬਣ ਰਹੀਆਂ ਹਨ। ਇਸ ਦੀ ਜਿਉਂਦੀ-ਜਾਗਦੀ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਜ਼ਿਲ੍ਹੇ ਦੀਆਂ ਵੱਖ-ਵੱਖ ਯੋਗਾ ਕਲਾਸਾਂ ਵਿੱਚ ਲੋਹੜੀ ਦਾ ਤਿਉਹਾਰ ਬੜੇ ਉਤਸ਼ਾਹ, ਖੁਸ਼ੀ ਅਤੇ ਪਰਿਵਾਰਕ ਮਾਹੌਲ ਵਿੱਚ ਮਨਾਇਆ ਗਿਆ।

ਜ਼ਿਲ੍ਹੇ ਦੀਆਂ ਕਈ ਯੋਗਾ ਕਲਾਸਾਂ ਵਿੱਚ ਮੈਂਬਰਾਂ ਵੱਲੋਂ ਇਕੱਠੇ ਹੋ ਕੇ ਲੋਹੜੀ ਮਨਾਈ ਗਈ, ਜਿੱਥੇ ਆਪਸੀ ਸਾਂਝੀਵਾਲਤਾ ਦੀ ਖ਼ੂਬਸੂਰਤ ਝਲਕ ਵੇਖਣ ਨੂੰ ਮਿਲੀ। ਯੋਗਾ ਕਲਾਸਾਂ ਦੇ ਮੈਂਬਰਾਂ ਨੇ ਦੱਸਿਆ ਕਿ ਯੋਗਾ ਕਰਨ ਨਾਲ ਨਾ ਸਿਰਫ਼ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਵਿੱਚ ਸੁਧਾਰ ਆ ਰਿਹਾ ਹੈ, ਸਗੋਂ ਹੁਣ ਉਹ ਹਰ ਤਿਉਹਾਰ ਨੂੰ ਪਰਿਵਾਰਕ ਮੈਂਬਰਾਂ ਵਾਂਗ ਇਕੱਠੇ ਹੋ ਕੇ ਮਨਾਉਂਦੇ ਹਨ।

ਬਲਾਕ ਅਮਰਗੜ੍ਹ ਅਤੇ ਅਹਿਮਦਗੜ੍ਹ ਵਿੱਚ ਵੀ ਯੋਗਾ ਕਲਾਸਾਂ ਦੌਰਾਨ ਲੋਹੜੀ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਤੋਂ ਇਲਾਵਾ, ਸਰਕਾਰੀ ਕਾਲਜ ਵਿੱਚ ਚੱਲ ਰਹੇ ਯੋਗਾ ਮੈਡੀਟੇਸ਼ਨ ਸਾਇੰਸ ਕੋਰਸ ਦੇ ਵਿਦਿਆਰਥੀਆਂ ਵੱਲੋਂ ਵੀ ਸੀ.ਐੱਮ. ਦੀ ਯੋਗਸ਼ਾਲਾ ਦੇ ਅਧੀਨ ਲੋਹੜੀ ਮਨਾਈ ਗਈ, ਜਿਸ ਨਾਲ ਵਿਦਿਆਰਥੀਆਂ ਅਤੇ ਟ੍ਰੇਨਰਾਂ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਵੇਖਣ ਨੂੰ ਮਿਲਿਆ।

ਜ਼ਿਕਰਯੋਗ ਹੈ ਕਿ ਇਸ ਸਮੇਂ ਜ਼ਿਲ੍ਹੇ ਵਿੱਚ ਕੁੱਲ 143 ਯੋਗਾ ਕਲਾਸਾਂ ਨਿਰੰਤਰ ਚੱਲ ਰਹੀਆਂ ਹਨ, ਜਿਨ੍ਹਾਂ ਨੂੰ 15 ਯੋਗਾ ਟ੍ਰੇਨਰਾਂ ਵੱਲੋਂ ਸੰਚਾਲਿਤ ਕੀਤਾ ਜਾ ਰਿਹਾ ਹੈ ਅਤੇ 27 ਵਿਦਿਆਰਥੀ ਸਕਾਲਰਸ਼ਿਪ ਦਾ ਲਾਭ ਲੈ ਰਹੇ ਹਨ। ਇਹ ਪ੍ਰੋਜੈਕਟ ਨਾ ਸਿਰਫ਼ ਲੋਕਾਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰ ਰਿਹਾ ਹੈ, ਸਗੋਂ ਸਮਾਜ ਵਿੱਚ ਏਕਤਾ, ਸਾਂਝ ਅਤੇ ਭਾਈਚਾਰੇ ਦੀ ਭਾਵਨਾ ਨੂੰ ਵੀ ਮਜ਼ਬੂਤ ਕਰ ਰਿਹਾ ਹੈ।

# ਨਿਰਪੱਖ ਵੈਲਫੇਅਰ ਸੋਸਾਇਟੀ ਨੇ ਧੀਆਂ ਦੀ ਲੋਹੜੀ ਦਾ ਤਿਉਹਾਰ ਮਨਾਇਆ

**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਰਪੱਖ ਵੈਲਫੇਅਰ ਸੋਸਾਇਟੀ ਰਜਿ. ਵੱਲੋਂ ਧੀਆਂ ਦੀ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਗਰੀਬ ਅਤੇ ਲੋੜਵੰਦ ਛੋਟੀਆਂ ਬੱਚੀਆਂ ਨੂੰ ਗਰਮ ਕੰਬਲ ਅਤੇ ਲੋਹੜੀ ਦਾ ਸਮਾਨ ਦੇ ਕੇ ਲੋਹੜੀ ਦੀਆਂ ਖੁਸ਼ੀਆਂ ਵੰਡੀਆਂ ਗਈਆਂ।



ਇਸ ਮੌਕੇ ਮੁੱਖ ਮਹਿਮਾਨ ਮੇਅਰ ਕੁੰਦਨ ਗੋਗੀਆ ਜੀ ਅਤੇ ਯੂਥ ਕਾਂਗਰਸ ਪ੍ਰਧਾਨ ਤੇ ਐਮ ਸੀ ਸੰਜੀਵ ਸ਼ਰਮਾ ਕਾਲੂ ਜੀ ਨੂੰ ਨਿਰਪੱਖ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਅਮਰਜੀਤ ਸਿੰਘ ਭਾਟੀਆ ਵਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਏਰੀਆ ਡਿਵੈਲਪਮੈਂਟ ਕਮੇਟੀ ਅਤੇ ਪਾਰਕ ਕਮੇਟੀ ਦੇ ਪ੍ਰਧਾਨ ਸ਼ਾਮ ਲਾਲ ਮਿੱਤਲ ਜੀ, ਹਿਊਮਨ ਸਰਵਿਸ ਸੁਸਾਇਟੀ ਦੇ ਪ੍ਰਧਾਨ ਜਤਿੰਦਰ ਸ਼ਰਮਾ ਜੀ ਹਿਊਮਨ ਵੈਲਫੇਅਰ ਮੰਚ ਦੇ ਚੇਅਰਪਰਸਨ ਲਲਿਤਾ ਰਾਓ ਜੀ ਵੀ ਸ਼ਾਮਿਲ ਹੋਏ। ਮੁੱਖ ਮਹਿਮਾਨਾ ਅਤੇ ਪ੍ਰਧਾਨਾਂ ਨੇ ਲੋਕਾਂ ਨੂੰ ਲੋਹੜੀ ਦਾ ਮਹੱਤਵ ਦੱਸਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਰਜਿੰਦਰ ਸਿੰਘ, ਮੈਡਮ ਅਨੀਤਾ, ਸੁਰਿੰਦਰ ਸਿੰਗਲਾ, ਹਰਪ੍ਰੀਤ ਸਿੰਘ, ਮੇਜਰ ਆਰ ਪੀ ਐਸ ਮਲਹੋਤਰਾ, ਮਨਮੋਹਨ ਅਰੋੜਾ, ਕਿਰਨ ਭਾਟੀਆ, ਤੀਰਥ ਰਾਣਾ, ਜਰਨੈਲ ਮਾਹੀ, ਪ੍ਰਿੰਸ ਬਾਵਾ, ਜਤਿੰਦਰ ਕੌਰ,ਅਮਨ, ਸਤਪਾਲ ਕੌਰ, ਕਰਮਜੀਤ ਸਿੰਘ ਬਾਸੀ, ਅਮਰਜੀਤ ਸਿੰਘ, ਕੁਲਵੰਤ ਸਿੰਘ ਸੁਪਰੀਡੈਂਟ, ਰਜਿੰਦਰ ਸਿੰਘ ਸੰਧੂ, ਹਰਭਜਨ ਸਿੰਘ, ਅਮਰਜੀਤ ਸਿੰਘ ਸੋਢੀ, ਜੋਗਿੰਦਰ ਸਿੰਘ, ਕੁਨਾਲ ਅਤੇ ਹੋਰ ਕਈ ਸਾਥੀ ਸ਼ਾਮਿਲ ਰਹੇ। ਇਸ ਤੋਂ ਇਲਾਵਾ 200 ਤੋਂ ਵੱਧ ਭੈਣ ਭਰਾ ਬੱਚਿਆਂ ਅਤੇ ਬਜ਼ੁਰਗਾਂ ਨੇ ਹਿੱਸਾ ਲਿਆ ਅਤੇ ਲੋਹੜੀ ਦਾ ਤਿਉਹਾਰ ਖੁਸ਼ੀਆਂ ਨਾਲ ਮਨਾਇਆ।

# ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੂੰ ਆਵਾਜਾਈ ਸੁਰੱਖਿਆ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਉਤਸ਼ਾਹਿਤ ਕੀਤਾ



**ਪਟਿਆਲਾ, 17 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਨਰਸਿੰਗ ਕਾਲਜ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਪ੍ਰਿੰਸੀਪਲ ਡਾਕਟਰ ਬਲਵਿੰਦਰ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਜਾਣਕਾਰੀ ਦੇਕੇ ਇਨ੍ਹਾਂ ਦੀ ਪਾਲਣਾ ਕਰਨ ਅਤੇ ਦੂਜਿਆਂ ਨੂੰ ਜਾਗਰੂਕ ਕਰਨ ਲਈ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਏ ਐਸ ਆਈ ਰਾਮ ਸਰਨ ਨੇ ਉਤਸ਼ਾਹਿਤ ਕੀਤਾ। ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਦੇ ਹੁਕਮਾਂ ਅਨੁਸਾਰ, ਡਾਕਟਰ ਵਿਸ਼ਾਲ ਚੋਪੜਾ ਮੈਡੀਕਲ ਸੁਪਰਡੈਂਟ ਰਾਜਿੰਦਰਾ ਹਸਪਤਾਲ ਦੀ ਹਦਾਇਤਾਂ ਅਨੁਸਾਰ ਡਾਕਟਰ ਬਲਵਿੰਦਰ ਕੌਰ ਪ੍ਰਿੰਸੀਪਲ ਨਰਸਿੰਗ ਕਾਲਜ ਦੀ ਸਰਪ੍ਰਸਤੀ ਹੇਠ ਸਾਰੇ ਵਿਦਿਆਰਥੀਆਂ ਨੂੰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਅਤੇ ਜ਼ਖਮੀਆਂ ਦੀ ਸੇਵਾ ਸੰਭਾਲ ਦੀ ਟ੍ਰੇਨਿੰਗਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਪ੍ਰਮਾਤਮਾ ਨੇ ਸਾਨੂੰ ਅਤੇ ਵਿਸ਼ੇਸ਼ ਤੌਰ ਤੇ ਡਾਕਟਰਾਂ ਨਰਸਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਕੇ ਧਰਤੀ ਤੇ ਭੇਜਿਆ ਹੈ ਇਸ ਲਈ ਸਾਨੂੰ ਪੀੜਤਾਂ ਦੇ ਦੁੱਖ ਨਿਵਾਰਨ ਅਤੇ ਜਾਨਾਂ ਬਚਾਉਣ ਲਈ ਹਮੇਸ਼ਾ ਤਿਆਰ ਰਹਿਣਾ ਜ਼ਰੂਰੀ ਹੈ। ਡਾਕਟਰ ਬਲਵਿੰਦਰ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਰਦੀਧਾਰੀ ਇਨਸਾਨ, ਦੇਸ਼, ਸਮਾਜ, ਮਾਨਵਤਾ ਅਤੇ ਵਾਤਾਵਰਨ ਦੇ ਮਦਦਗਾਰ ਅਤੇ ਪਹਿਰੇਦਾਰ ਫ਼ਰਿਸ਼ਤੇ ਹਨ।

# ਸੰਬਿਤ ਪਾਤਰਾ ਨੇ 'ਆਪ' ਸਰਕਾਰ 'ਤੇ ਵਿੰਨ੍ਹੇ ਨਿਸ਼ਾਨੇ

ਕੌਮੀ ਪਤ੍ਰਿਕਾ

ਨਵੀਂ ਦਿੱਲੀ/ਜਲੰਧਰ, 17 ਜਨਵਰੀ : ਭਾਜਪਾ ਦੇ ਰਾਸ਼ਟਰੀ ਬੁਲਾਰੇ ਤੇ ਐੱਮਪੀ ਸੰਬਿਤ ਪਾਤਰਾ ਨੇ ਪੰਜਾਬ ਕੇਸਰੀ ਗਰੁੱਪ ਉੱਤੇ ਕੀਤੇ ਹਾਲ ਦੇ ਹਮਲਿਆਂ ਉੱਤੇ ਆਮ ਆਦਮੀ ਪਾਰਟੀ ਨੂੰ ਲੰਬੇ ਹੱਥੀਂ ਲਿਆਂ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੀਡੀਆ ਦੀ ਆਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ 'ਪੰਜਾਬ ਕੇਸਰੀ' ਦੇ ਦਫ਼ਤਰ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਿਰੁੱਧ ਖ਼ਬਰ ਲਿਖਣ ਕਾਰਨ ਅੱਧੀ ਰਾਤ ਨੂੰ ਅਦਾਰੇ ਦੀ ਬਿਜਲੀ ਕੱਟ ਦਿੱਤੀ ਗਈ ਅਤੇ



ਦਫ਼ਤਰ 'ਤੇ ਰੇਡ ਕੀਤੀ ਗਈ। ਪਾਤਰਾ ਨੇ ਕਿਹਾ ਕਿ ਇਹ ਘਟਨਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦੀ ਯਾਦ ਦਿਵਾਉਂਦੀ ਹੈ। ਉਸ ਸਮੇਂ ਵੀ ਇੰਡੀਅਨ ਐਕਸਪ੍ਰੈੱਸ ਅਤੇ ਟਾਈਮਜ਼ ਆਫ਼ ਇੰਡੀਆ ਵਰਗੇ ਅਦਾਰਿਆਂ ਦੀ ਬਿਜਲੀ ਕੱਟ ਦਿੱਤੀ ਗਈ ਸੀ ਤਾਂ ਜੋ ਅਗਲੇ ਦਿਨ ਖ਼ਬਰਾਂ ਨਾ ਛਪ ਸਕਣ। ਕੇਜਰੀਵਾਲ ਦਿੱਲੀ ਦੇ 'ਸ਼ੀਸ਼ ਮਹਿਲ' ਤੋਂ ਨਿਕਲ ਕੇ ਹੁਣ ਪੰਜਾਬ ਦੇ 'ਹਵਾ ਮਹਿਲ' ਵਿੱਚ ਸੱਤਾ ਦਾ ਅਨੰਦ ਮਾਣ ਰਹੇ ਹਨ ਅਤੇ ਕਿਸੇ ਵੀ ਵਿਰੋਧੀ ਆਵਾਜ਼ ਨੂੰ ਬਰਦਾਸ਼ਤ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਮੰਨਿਆ ਜਾ ਰਿਹਾ ਹੈ ਕਿ ਇਹ ਸਾਰੀ ਕਾਰਵਾਈ ਅਰਵਿੰਦ ਕੇਜਰੀਵਾਲ ਦੇ ਕਹਿਣ 'ਤੇ ਹੋਈ ਹੈ ਅਤੇ ਭਗਵੰਤ ਮਾਨ ਸਰਕਾਰ ਸਿਰਫ਼ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰ ਰਹੀ ਹੈ। ਇਸ ਕਦਮ ਨੂੰ ਲੋਕਤੰਤਰ ਦੇ ਵਿਰੋਧ ਵਿੱਚ ਚੁੱਕਿਆ ਗਿਆ ਕਦਮ ਦੱਸਿਆ ਜਾ ਰਿਹਾ ਹੈ। ਇਸ ਘਟਨਾ ਤੋਂ ਬਾਅਦ ਪੱਤਰਕਾਰ ਜਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਸਾਰੇ ਪੱਤਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਧੱਕੇਸ਼ਾਹੀ ਵਿਰੁੱਧ ਇਕਜੁੱਟ ਹੋਣ ਅਤੇ ਜ਼ੋਰਦਾਰ ਪ੍ਰਦਰਸ਼ਨ ਕਰਨ। ਇਹ ਚਿਤਾਵਨੀ ਵੀ ਦਿੱਤੀ ਗਈ ਹੈ ਕਿ ਜੇਕਰ ਅੱਜ ਇੱਕ ਅਦਾਰੇ ਨਾਲ ਅਜਿਹਾ ਹੋਇਆ ਹੈ, ਤਾਂ ਕੱਲ੍ਹ ਨੂੰ ਕਿਸੇ ਹੋਰ ਦੀ ਵਾਰੀ ਵੀ ਆ ਸਕਦੀ ਹੈ।

# ਆਤਿਸ਼ੀ ਦੀ ਵੀਡੀਓ ਨਾਲ ਨਹੀਂ ਹੋਈ ਛੇੜਛਾੜ !

## ਦਿੱਲੀ ਵਿਧਾਨ ਸਭਾ ਸਪੀਕਰ ਨੇ ਖੋਲ੍ਹੀ 'ਆਪ' ਦੇ ਦਾਅਵਿਆਂ ਦੀ ਪੋਲ

ਨਵੀਂ ਦਿੱਲੀ, 17 ਜਨਵਰੀ : ਦਿੱਲੀ ਦੀ ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਆਤਿਸ਼ੀ ਵਲੋਂ ਸਿੱਖ ਗੁਰੂਆਂ ਬਾਰੇ ਕਥਿਤ ਟਿੱਪਣੀਆਂ ਨਾਲ ਸਬੰਧਤ ਵੀਡੀਓ ਨੂੰ ਲੈ ਕੇ ਸਿਆਸੀ ਹਲਚਲ ਹੁਣ ਹੋਰ ਜ਼ਿਆਦਾ ਤੇਜ਼ ਹੋ ਗਈ ਹੈ, ਕਿਉਂਕਿ ਇਸ ਵੀਡੀਓ ਦੀ ਫੋਰੈਂਸਿਕ ਰਿਪੋਰਟ ਹੁਣ ਜਨਤਕ ਹੋ ਗਈ ਹੈ। ਦਿੱਲੀ ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਇਸ ਸਬੰਧ ਵਿਚ ਪ੍ਰੈਸ ਕਾਨਫਰੰਸ ਕਰਦੇ ਹੋਏ ਵੱਡਾ ਖ਼ੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਫੋਰੈਂਸਿਕ ਸਾਇੰਸ ਲੈਬਾਰਟਰੀ (FSL) ਦੀ ਰਿਪੋਰਟ ਮੁਤਾਬਕ ਆਤਿਸ਼ੀ ਦੀ ਆਡੀਓ-ਵੀਡੀਓ ਬਿਲਕੁਲ



ਅਸਲੀ ਹੈ। ਇਸ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਛੇੜਛਾੜ ਨਹੀਂ ਕੀਤੀ ਗਈ। ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਵਿਰੋਧੀ ਪਾਰਟੀ 'ਆਪ' ਦੀ ਬੇਨਤੀ 'ਤੇ 8 ਜਨਵਰੀ ਨੂੰ ਇਹ ਕਲਿੱਪ ਫੋਰੈਂਸਿਕ ਜਾਂਚ ਲਈ ਭੇਜੀ ਗਈ ਸੀ। ਆਡੀਓ-ਵੀਡੀਓ ਮਾਮਲੇ ਦੀ ਡਿਟੇਲ ਜਾਂਚ ਹੋਈ ਹੈ। ਫੋਰੈਂਸਿਕ ਲੈਬ ਦੀ ਰਿਪੋਰਟ ਵਿਚ ਇਸ ਨੂੰ ਸਹੀ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਆਤਿਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਸਟੇਟ ਏਜੰਸੀਆਂ ਦਾ ਇਸਤੇਮਾਲ ਕੀਤਾ ਹੈ। ਸਪੀਕਰ ਗੁਪਤਾ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਜਲਦੀ ਵਿੱਚ ਆਪਣੀ ਫੋਰੈਂਸਿਕ ਜਾਂਚ ਕਰਵਾਈ ਅਤੇ ਉਸ ਦੇ ਆਧਾਰ 'ਤੇ ਮਾਮਲੇ ਵਿੱਚ ਐਫਆਈਆਰ ਵੀ ਦਰਜ ਕਰਵਾ ਦਿੱਤੀ। ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਉਹ ਪੂਰੇ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਜਾਂਚ ਅਤੇ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਵੀਡੀਓ ਕਲਿੱਪ ਦੀ ਫੋਰੈਂਸਿਕ ਜਾਂਚ ਕਰਵਾਉਣ ਦੀ ਮੰਗ ਕਰਨਗੇ। ਦੱਸ ਦੇਈਏ ਕਿ ਇਹ ਵੀਡੀਓ ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਵੱਲੋਂ ਵਿਰੋਧੀ ਧਿਰ ਦੀ ਮੰਗ 'ਤੇ ਜਾਂਚ ਲਈ ਭੇਜੀ ਗਈ ਸੀ। ਦਿੱਲੀ ਲੈਬ ਦੀ ਇਸ ਰਿਪੋਰਟ ਨੇ ਪਹਿਲਾਂ ਕੀਤੇ ਗਏ ਦਾਅਵਿਆਂ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ, ਕਿਉਂਕਿ ਪੰਜਾਬ ਪੁਲਸ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਜਾਂਚ ਵਿੱਚ ਇਹ ਵੀਡੀਓ 'ਡਾਕਟਰਡ' (ਛੇੜਛਾੜ ਕੀਤੀ ਹੋਈ) ਪਾਈ ਗਈ ਸੀ। ਆਮ ਆਦਮੀ ਪਾਰਟੀ ਵੱਲੋਂ ਵੀ ਲਗਾਤਾਰ ਇਸ ਵੀਡੀਓ ਨੂੰ ਨਕਲੀ (fake) ਦੱਸਿਆ ਜਾ ਰਿਹਾ ਸੀ। 6 ਜਨਵਰੀ ਨੂੰ ਦਿੱਲੀ ਵਿਧਾਨ ਸਭਾ ਵਿੱਚ ਆਤਿਸ਼ੀ ਵੱਲੋਂ ਸਿੱਖ ਗੁਰੂਆਂ ਦੇ ਕਥਿਤ ਅਪਮਾਨ ਦਾ ਮੁੱਦਾ ਇੱਕ ਵੱਡੇ ਰਾਜਨੀਤਿਕ ਵਿਵਾਦ ਵਿੱਚ ਬਦਲ ਗਿਆ ਹੈ। ਹੁਣ ਸਭ ਤੋਂ ਵੱਡੀ ਉਲਝਣ ਇਹ ਹੈ ਕਿ ਇੱਕੋ ਵੀਡੀਓ 'ਤੇ ਦੋ ਵੱਖ-ਵੱਖ ਫੋਰੈਂਸਿਕ ਲੈਬਾਂ ਦੀਆਂ ਰਿਪੋਰਟਾਂ ਬਿਲਕੁਲ ਵੱਖਰੀਆਂ ਹਨ। ਜਿੱਥੇ ਪੰਜਾਬ ਦੀ ਲੈਬ ਵੀਡੀਓ ਨੂੰ ਗਲਤ ਅਤੇ ਛੇੜਛਾੜ ਵਾਲੀ ਦੱਸ ਰਹੀ ਹੈ, ਉੱਥੇ ਹੀ ਦਿੱਲੀ ਦੀ ਰਿਪੋਰਟ ਇਸ ਨੂੰ ਸਹੀ ਕਰਾਰ ਦੇ ਰਹੀ ਹੈ। ਇਸ ਟਕਰਾਅ ਤੋਂ ਬਾਅਦ ਹੁਣ ਇਹ ਸਵਾਲ ਉੱਠ ਰਿਹਾ ਹੈ ਕਿ ਆਖ਼ਰ ਕਿਸ ਲੈਬ ਦੀ ਰਿਪੋਰਟ ਸਹੀ ਹੈ ਅਤੇ ਕਿਸ 'ਤੇ ਭਰੋਸਾ ਕੀਤਾ ਜਾਵੇ।

# ਬਿਹਾਰ 'ਚ ਸਥਾਪਤ ਹੋਇਆ ਵਿਸ਼ਵ ਦਾ ਸਭ ਤੋਂ ਵੱਡਾ ਸ਼ਿਵਲਿੰਗ, 33 ਫੁੱਟ ਹੈ ਉੱਚਾਈ

ਮੋਤਿਹਾਰੀ, 17 ਜਨਵਰੀ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸ਼ਨੀਵਾਰ ਨੂੰ ਪੂਰਬੀ ਚੰਪਾਰਨ ਜ਼ਿਲ੍ਹੇ 'ਚ ਨਿਰਮਾਣ ਅਧੀਨ ਵਿਰਾਟ ਰਾਮਾਇਣ ਮੰਦਰ ਦੇ ਸਥਾਨ ਦਾ ਦੌਰਾ ਕੀਤਾ। ਇਸ ਦੌਰਾਨ ਮੰਦਰ ਕੰਪਲੈਕਸ 'ਚ 33 ਫੁੱਟ ਉੱਚੇ ਇਕ ਵਿਸ਼ਾਲ ਸ਼ਿਵਲਿੰਗ ਦੀ ਸਥਾਪਨਾ ਕੀਤੀ ਗਈ। ਜ਼ਿਲ੍ਹੇ 'ਚ ਮੁੱਖ ਮੰਤਰੀ ਦੀ 'ਸਮ੍ਰਿਧੀ ਯਾਤਰਾ' ਦੌਰਾਨ ਨਿਤੀਸ਼ ਕੁਮਾਰ ਨਾਲ ਉੱਪ ਮੁੱਖ ਮੰਤਰੀ ਸਮਾਰਟ ਚੌਧਰੀ, ਵਿਜੇ ਕੁਮਾਰ ਸਿਨਹਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਰਹੇ। ਕੁਮਾਰ ਨੇ ਮੰਦਰ ਸਥਾਨ ਦਾ ਨਿਰੀਖਣ ਕੀਤਾ ਅਤੇ ਜਾਰੀ ਨਿਰਮਾਣ ਕੰਮਾਂ ਦੀ ਜਾਣਕਾਰੀ ਲਈ। ਮੰਦਰ 'ਚ ਵਿਸ਼ਾਲ ਸ਼ਿਵਲਿੰਗ ਦੀ ਸਥਾਪਨਾ ਦੌਰਾਨ ਵੱਡੀ ਗਿਣਤੀ 'ਚ ਸ਼ਰਧਾਲੂ ਪ੍ਰਾਰਥਨਾ ਕਰਨ ਲਈ ਪਹੁੰਚੇ ਸਨ। ਤਾਮਿਲਨਾਡੂ ਦੇ ਮਹਾਬਲੀਪੁਰਮ 'ਚ ਬਣੇ ਇਸ 33 ਫੁੱਟ ਉੱਚੇ ਸ਼ਿਵਲਿੰਗ ਦਾ ਭਾਰ 210 ਮੀਟ੍ਰਿਕ ਟਨ ਹੈ। ਇਸ ਨੂੰ ਵਿਸ਼ੇਸ਼ ਰੂਪ ਨਾਲ ਤਿਆਰ ਕੀਤੇ ਗਏ 96 ਪਹੀਆਂ ਵਾਲੇ 'ਟ?ਰੇਲਰ' ਤੇ ਕਲਿਆਣਪੁਰ ਲਿਆਂਦਾ ਗਿਆ। ਇਸ ਨੂੰ ਮੋਤਿਹਾਰੀ ਪਹੁੰਚਣ 'ਚ 45 ਦਿਨ ਲੱਗੇ। ਬਿਹਾਰ ਰਾਜ ਧਾਰਮਿਕ ਨਿਆਸ ਪ੍ਰੀਸ਼ਦ (ਬੀਐੱਸਆਰਟੀਸੀ) ਦੇ ਮੈਂਬਰ ਸਾਇਨ ਕੁਨਾਲ ਅਤੇ ਉਨ੍ਹਾਂ ਦੀ ਪਤਨੀ ਅਤੇ ਸਮਸਤੀਪੁਰ ਦੀ ਸੰਸਦ ਮੈਂਬਰ ਸੰਭਵੀ ਚੌਧਰੀ ਨੇ ਸ਼ਿਵਲਿੰਗ ਦੀ ਸਥਾਪਨਾ ਦੌਰਾਨ ਇਕ ਯੱਗ 'ਚ ਹਿੱਸਾ ਲਿਆ। ਕੁਨਾਲ ਨੇ ਦੱਸਿਆ,''ਇਹ ਸ਼ਿਵਲਿੰਗ ਇਕ ਹੀ ਚੱਟਾਨ ਨਾਲ ਬਣਿਆ ਹੈ, ਇਸ ਲਈ ਇਸ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਸ਼ਿਵਲਿੰਗ ਮੰਨਿਆ ਜਾਂਦਾ ਹੈ।'' ਉਨ੍ਹਾਂ ਕਿਹਾ,''ਇਸ ਸ਼ਿਵਲਿੰਗ 'ਚ 1008 ਛੋਟੇ ਸ਼ਿਵਲਿੰਗ ਬਣੇ ਹਨ। ਇਸ ਦੀ ਪੂਜਾ ਕਰਨ ਨਾਲ ਭਗਤਾਂ ਨੂੰ 1008 ਸ਼ਿਵਲਿੰਗਾਂ ਦੀ ਪੂਜਾ ਕਰਨ ਦੇ ਬਰਾਬਰ ਪੁੰਨ ਪ੍ਰਾਪਤ ਹੁੰਦਾ ਹੈ।'' ਕੁਨਾਲ ਨੇ ਇਹ ਵੀ ਦੱਸਿਆ ਕਿ ਵਿਰਾਟ ਰਾਮਾਇਣ ਮੰਦਰ ਦਾ ਨਿਰਮਾਣ 2030 ਤੱਕ ਪੂਰਾ ਹੋ ਜਾਵੇਗਾ।

## ਸੀਨੀਅਰ ਕਾਂਗਰਸੀ ਆਗੂ ਤੇ ਸੁਤੰਤਰਤਾ ਸੈਨਾਨੀ ਭੀਮੰਨਾ ਖਾਂਡਰੇ ਦਾ 102 ਸਾਲ ਦੀ ਉਮਰ 'ਚ ਦਿਹਾਂਤ

ਬੀਦਰ, 17 ਜਨਵਰੀ : ਕਰਨਾਟਕ ਦੇ ਸਾਬਕਾ ਮੰਤਰੀ ਭੀਮੰਨਾ ਖਾਂਡਰੇ ਦਾ 102 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੇ ਪੁੱਤਰ ਅਤੇ ਕਰਨਾਟਕ ਦੇ ਜੰਗਲਾਤ ਮੰਤਰੀ ਈਸ਼ਵਰ ਖਾਂਡਰੇ ਨੇ ਦੱਸਿਆ ਕਿ ਉਨ੍ਹਾਂ ਨੇ ਸ਼ੁੱਕਰਵਾਰ ਰਾਤ ਭਾਲਕੀ ਸਥਿਤ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਿਆ।



ਸੁਤੰਤਰਤਾ ਸੈਨਾਨੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਭੀਮੰਨਾ ਖਾਂਡਰੇ ਪਿਛਲੇ 10-12 ਦਿਨਾਂ ਤੋਂ ਬੁਢਾਪੇ ਸੰਬੰਧੀ ਬੀਮਾਰੀਆਂ ਅਤੇ ਸਾਹ ਦੀ ਤਕਲੀਫ ਕਾਰਨ ਬੀਦਰ ਦੇ ਇਕ ਨਿੱਜੀ ਹਸਪਤਾਲ 'ਚ ਜ਼ੇਰੇ ਇਲਾਜ ਸਨ। ਭੀਮੰਨਾ ਖਾਂਡਰੇ ਵੀਰਸ਼ੈਵ ਲਿੰਗਾਇਤ ਭਾਈਚਾਰੇ ਦੇ ਇਕ ਪ੍ਰਮੁੱਖ ਆਗੂ ਸਨ ਅਤੇ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਵੀਰੱਪਾ ਮੋਇਲੀ ਦੀ ਸਰਕਾਰ 'ਚ ਰਾਜ ਦੇ ਟਰਾਂਸਪੋਰਟ ਮੰਤਰੀ ਵਜੋਂ ਸੇਵਾ ਨਿਭਾਈ ਸੀ। ਉਹ ਕਲਿਆਣ ਕਰਨਾਟਕ ਖੇਤਰ ਦੇ ਇਕ ਅਹਿਮ ਸਹਿਕਾਰੀ ਆਗੂ ਵਜੋਂ ਵੀ ਜਾਣੇ ਜਾਂਦੇ ਸਨ। ਉਨ੍ਹਾਂ ਦੇ ਪਰਿਵਾਰ 'ਚ ਦੋ ਪੁੱਤਰ ਅਤੇ ਚਾਰ ਬੇਟੀਆਂ ਹਨ। ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਸ਼ਨੀਵਾਰ ਨੂੰ ਸ਼ਰਧਾਂਜਲੀ ਲਈ ਰੱਖਿਆ ਜਾਵੇਗਾ ਅਤੇ ਸ਼ਾਮ ਨੂੰ ਵੀਰਸ਼ੈਵ ਲਿੰਗਾਇਤ ਪਰੰਪਰਾ ਅਨੁਸਾਰ ਭਾਲਕੀ ਦੇ ਸ਼ਾਂਤੀ ਧਾਮ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਮੁੱਖ ਮੰਤਰੀ ਸਿੱਧਰਮਈਆ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਖਾਂਡਰੇ ਨੇ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਆਜ਼ਾਦੀ ਦੀ ਲੜਾਈ 'ਚ ਸਰਗਰਮ ਹਿੱਸਾ ਲਿਆ ਸੀ।

## ਮਹਿਲਾ ਅਧਿਆਪਕਾ ਨੇ ਸਕੂਲ 'ਚ ਚੁੱਕਿਆ ਖ਼ੌਫ਼ਨਾਕ ਕਦਮ, ਪਤੀ ਨੇ ਸਟਾਫ ਲਾਏ ਗੰਭੀਰ ਦੋਸ਼

ਬਾਰਾਬੰਕੀ, 17 ਜਨਵਰੀ : ਉੱਤਰ ਪ੍ਰਦੇਸ਼ ਦੇ ਬਾਰਾਬੰਕੀ ਜ਼ਿਲ੍ਹੇ ਦੇ ਹਰਖ ਵਿਕਾਸ ਖੰਡ ਸਥਿਤ ਕੰਪੋਜ਼ਿਟ ਸਕੂਲ ਉਦਵਾਪੁਰ ਵਿੱਚ ਉਸ ਵੇਲੇ ਸਨਸਨੀ ਫੈਲ ਗਈ, ਜਦੋਂ ਸਕੂਲ ਦੀ ਇੱਕ ਮਹਿਲਾ ਅਧਿਆਪਕਾ ਨੇ ਸਕੂਲ ਕੰਪਲੈਕਸ ਦੇ ਅੰਦਰ ਹੀ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕਾ ਦੀ ਪਛਾਣ 40 ਸਾਲਾ ਉਮਾ ਵਰਮਾ ਵਜੋਂ ਹੋਈ ਹੈ, ਜੋ ਇਸੇ ਸਕੂਲ ਵਿੱਚ ਸਹਾਇਕ ਅਧਿਆਪਕਾ ਵਜੋਂ ਤਾਇਨਾਤ ਸੀ। ਇਸ ਘਟਨਾ ਤੋਂ ਬਾਅਦ ਸਕੂਲ ਸਟਾਫ਼, ਪਿੰਡ ਵਾਸੀਆਂ ਅਤੇ ਸਿੱਖਿਆ ਵਿਭਾਗ ਵਿੱਚ ਹਫੜਾ-ਦਫੜੀ ਮਚ ਗਈ ਹੈ। ਮ੍ਰਿਤਕਾ ਦੇ ਪਤੀ ਰਿਸ਼ੀ ਵਰਮਾ, ਜੋ ਖ਼ੁਦ ਵੀ ਸਿੱਖਿਆ ਵਿਭਾਗ ਵਿੱਚ ਅਧਿਆਪਕ ਹਨ, ਨੇ ਸਕੂਲ ਸਟਾਫ਼ 'ਤੇ ਬੇਹੱਦ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦਾ ਸਟਾਫ਼ ਪਿਛਲੇ ਢਾਈ ਸਾਲਾਂ ਤੋਂ ਉਮਾ ਨੂੰ ਮਾਨਸਿਕ ਤੌਰ 'ਤੇ ਪ੍ਰਤਾੜਿਤ ਕਰ ਰਿਹਾ ਸੀ। ਉਨ੍ਹਾਂ ਇਲਜ਼ਾਮ ਲਾਇਆ ਕਿ ਜਦੋਂ ਉਮਾ ਮਨ ਲਗਾ ਕੇ ਬੱਚਿਆਂ ਨੂੰ ਪੜ੍ਹਾਉਂਦੀ ਸੀ, ਤਾਂ ਸਟਾਫ਼ ਦੇ ਲੋਕ ਉਸ 'ਤੇ ਨਿਸ਼ਾਨਾ ਸਾਧਦੇ ਅਤੇ ਟਿੱਪਣੀਆਂ ਕਰਦੇ ਸਨ। ਮ੍ਰਿਤਕਾ ਦੇ ਭਰਾ ਸ਼ਿਵਾਕਾਂਤ ਅਨੁਸਾਰ, ਉਮਾ ਨੂੰ ਅਕਸਰ ਇਹ ਕਹਿ ਕੇ ਤੰਗ ਕੀਤਾ ਜਾਂਦਾ ਸੀ ਕਿ 'ਬੜੀ ਪੜ੍ਹਾਉਣ ਵਾਲੀ ਹੈ, ਇਸ ਨੂੰ ਐਵਾਰਡ ਚਾਹੀਦਾ ਹੈ'। ਮ੍ਰਿਤਕਾ ਦੇ ਭਰਾ ਨੇ ਘਟਨਾ ਨੂੰ ਸ਼ੱਕੀ ਦੱਸਦਿਆਂ ਦੋਸ਼ ਲਾਇਆ ਕਿ ਜਿਸ ਕਮਰੇ ਵਿੱਚ ਫਾਹਾ ਲਗਾਇਆ ਗਿਆ, ਉਸ ਦਾ ਦਰਵਾਜ਼ਾ ਅੰਦਰੋਂ ਬੰਦ ਨਹੀਂ ਸੀ। ਉਨ੍ਹਾਂ ਅਨੁਸਾਰ, ਪੁਲਸ ਨੂੰ ਬੁਲਾਉਣ ਤੋਂ ਪਹਿਲਾਂ ਸਟਾਫ਼ ਨੇ ਉੱਥੇ ਮੌਜੂਦ ਚੀਜ਼ਾਂ ਨਾਲ ਛੇੜਛਾੜ ਕੀਤੀ। ਪਰਿਵਾਰ ਨੇ ਸਹਾਇਕ ਅਧਿਆਪਕ ਸੁਸ਼ੀਲ ਵਰਮਾ ਅਤੇ ਇੰਚਾਰਜ ਸੀਤਾਵਤੀ ਸਮੇਤ ਕੁਝ ਹੋਰ ਮਹਿਲਾ ਅਧਿਆਪਕਾਵਾਂ 'ਤੇ ਪ੍ਰੇਸ਼ਾਨ ਕਰਨ ਦੇ ਇਲਜ਼ਾਮ ਲਗਾਏ ਹਨ। ਪਤੀ ਨੇ ਇਹ ਵੀ ਦੋਸ਼ ਲਾਇਆ ਕਿ ਜੇਕਰ ਸਟਾਫ਼ ਸਮੇਂ ਸਿਰ ਉਮਾ ਨੂੰ ਉਤਾਰ ਕੇ ਹਸਪਤਾਲ ਲੈ ਜਾਂਦਾ, ਤਾਂ ਸ਼ਾਇਦ ਉਸ ਦੀ ਜਾਨ ਬਚ ਸਕਦੀ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਤਰਿਖ ਥਾਣਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਜ਼ਿਲ੍ਹਾ ਬੇਸਿਕ ਸਿੱਖਿਆ ਅਧਿਕਾਰੀ ਨਵੀਨ ਕੁਮਾਰ ਪਾਠਕ ਨੇ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਮਲੇ ਦੀ ਜਾਂਚ ਪੁਲਸ ਵੱਲੋਂ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮ੍ਰਿਤਕਾ ਆਪਣੇ ਪਿੱਛੇ ਦੋ ਬੱਚੇ ਛੱਡ ਗਈ ਹੈ।

# CM ਸੈਣੀ ਦੀ ਵੱਡੀ ਸੌਗਾਤ, ਕਰੋੜਾਂ ਰੁਪਏ ਦੀ ਰਾਸ਼ੀ ਕੀਤੀ ਜਾਰੀ; ਲੱਖਾਂ ਔਰਤਾਂ ਦੇ ਖਾਤੇ 'ਚ ਪਹੁੰਚੇ ਪੈਸੇ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ, 17 ਜਨਵਰੀ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ ਵਿਖੇ ਆਯੋਜਿਤ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਕਰੋੜਾਂ ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਜਾਰੀ ਕੀਤੀ ਹੈ। ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਭਲਾਈ ਸਕੀਮਾਂ ਦੇ ਬਟਨ ਦਬਾ ਕੇ ਸਿੱਧੀ ਰਾਸ਼ੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਭੇਜੀ। ਮੁੱਖ ਮੰਤਰੀ ਨੇ ਦੱਸਿਆ ਕਿ ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ ਤਹਿਤ ਅੱਜ ਤੀਜੀ ਕਿਸ਼ਤ ਵਜੋਂ 181 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਦਾ ਲਾਭ ਸੂਬੇ ਦੀਆਂ 8,63,918 ਔਰਤਾਂ ਨੂੰ ਮਿਲਿਆ ਹੈ। ਹੁਣ ਤੱਕ ਇਸ ਯੋਜਨਾ ਤਹਿਤ ਕੁੱਲ 441 ਕਰੋੜ ਰੁਪਏ ਦੀ ਰਾਸ਼ੀ ਔਰਤਾਂ ਦੇ ਖਾਤਿਆਂ ਵਿੱਚ ਪਹੁੰਚਾਈ ਜਾ ਚੁੱਕੀ ਹੈ। ਨਾਇਬ ਸੈਣੀ ਨੇ ਦੱਸਿਆ ਕਿ ਇਸ ਯੋਜਨਾ ਲਈ ਬਣਾਏ ਗਏ ਐਪ 'ਤੇ ਹੁਣ ਤੱਕ ਲਗਭਗ 10 ਲੱਖ (9,98,650) ਔਰਤਾਂ ਨੇ ਅਪਲਾਈ ਕੀਤਾ ਹੈ ਅਤੇ ਹਰ ਰੋਜ਼ 2000 ਤੋਂ 4000 ਨਵੀਆਂ ਬੇਨਤੀਆਂ ਆ ਰਹੀਆਂ ਹਨ। ਮੁੱਖ ਮੰਤਰੀ ਨੇ ਆਪਣੇ ਚੋਣ ਵਾਅਦਿਆਂ ਨੂੰ ਯਾਦ ਕਰਦਿਆਂ ਕਿਹਾ ਕਿ 'ਹਰ ਘਰ-ਹਰ ਗ੍ਰਹਿਣੀ ਯੋਜਨਾ' ਤਹਿਤ 1.80 ਲੱਖ ਰੁਪਏ ਤੋਂ ਘੱਟ ਆਮਦਨ



ਵਾਲੇ ਪਰਿਵਾਰਾਂ ਨੂੰ 500 ਰੁਪਏ ਵਿੱਚ ਗੈਸ ਸਿਲੰਡਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, ਮੈਂ ਚੋਣਾਂ ਦੌਰਾਨ ਭੈਣਾਂ ਨਾਲ ਵਾਅਦਾ ਕੀਤਾ ਸੀ ਕਿ ਤੁਹਾਨੂੰ ਸਿਲੰਡਰ 500 ਰੁਪਏ ਵਿੱਚ ਮਿਲੇਗਾ ਅਤੇ ਉੱਪਰਲਾ ਪੈਸਾ ਤੁਹਾਡਾ ਭਰਾ ਤੁਹਾਡੇ ਖਾਤੇ ਵਿੱਚ ਪਹੁੰਚਾਉਣ ਦਾ ਕੰਮ ਕਰੇਗਾ"। ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਕਿਸਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਿਸਾਨ ਭਾਈ ਅੱਜ ਸਰਕਾਰ ਦੀਆਂ ਨੀਤੀਆਂ ਲਈ ਧੰਨਵਾਦ ਕਰਨ ਆਏ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਆਪਣੇ ਸੰਕਲਪ ਪੱਤਰ ਵਿੱਚ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

## ਪ੍ਰੀਖਿਆਵਾਂ ਤੋਂ ਪਹਿਲਾਂ ਕਾਲਜਾਂ 'ਚ ਲਾਜ਼ਮੀ ਹੋਇਆ ਆਹ ਕੰਮ, ਪੀ. ਯੂ. ਪ੍ਰਸ਼ਾਸਨ ਵਲੋਂ ਨਵੇਂ ਹੁਕਮ ਜਾਰੀ

ਚੰਡੀਗੜ੍ਹ, 17 ਜਨਵਰੀ : ਪੰਜਾਬ ਯੂਨੀਰਵਸਿਟੀ (ਪੀ. ਯੂ.) ਵਲੋਂ ਸਲਾਨਾ ਪ੍ਰੀਖਿਆਵਾਂ ਤੋਂ ਪਹਿਲਾਂ ਆਪਣੇ ਸਾਰੇ ਮਾਨਤਾ ਪ੍ਰਾਪਤ ਕਾਲਜਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਕੁੱਝ ਮਾਨਤਾ ਪ੍ਰਾਪਤ ਕਾਲਜਾਂ 'ਚ ਬੇਨਿਯਮੀਆਂ ਨੂੰ ਉਜਾਗਰ ਕਰਨ ਵਾਲਿਆਂ ਰਿਪੋਰਟਾਂ ਤੋਂ ਬਾਅਦ ਜਾਰੀ ਕੀਤੇ ਗਏ ਹਨ। ਖ਼?ਲਾਫ਼ ਸ਼ਿਕਾਇਤਾਂ ਦਾ ਹੱਲ ਕੀਤਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਸਾਰੇ ਮਾਨਤਾ ਪ੍ਰਾਪਤ ਕੈਂਪਸਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਾਉਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਪੀ. ਯੂ. ਇਸ ਸਮੇਂ ਸ੍ਰੀ ਮੁਕਤਸਰ ਸਾਹਿਬ, ਲੁਧਿਆਣਾ, ਹੁਸ਼ਿਆਰਪੁਰ ਤੋਂ ਇਲਾਵਾ ਪੰਜਾਬ ਅਤੇ ਚੰਡੀਗੜ੍ਹ ਭਰ ਦੇ 202 ਮਾਨਤਾ ਪ੍ਰਾਪਤ ਕਾਲਜਾਂ ਅਤੇ 6 ਸੰਵਿਧਾਨਕ ਕਾਲਜਾਂ ਦੀ ਨਿਗਰਾਨੀ ਕਰਦਾ ਹੈ। ਹਾਲ ਹੀ 'ਚ ਕਾਨੂੰਨ ਦੇ ਇਕ ਵਿਦਿਆਰਥੀ ਨੇ ਸ੍ਰੀ ਮੁਕਤਸਰ ਸਾਹਿਬ ਦੇ ਪੀ. ਯੂ. ਕੈਂਪਸ 'ਚ ਨਿਆਂ ਸ਼ਾਸਤਰ ਦੇ ਪੇਪਰ ਦੌਰਾਨ ਪ੍ਰੀਖਿਆ ਨਿਯਮਾਂ ਦੀ ਉਲੰਘਣਾ ਦਾ ਦੋਸ਼ ਲਾਇਆ ਸੀ।

# ਜਨਤਕ ਸਿਹਤ ਲਈ ਖ਼ਤਰਾ ! ਖ਼ੂਨ ਦੀਆਂ ਥੈਲੀਆਂ 'ਚੋਂ ਜਾਨਵਰਾਂ ਦਾ ਖ਼ੂਨ ਬਰਾਮਦ, ਸਿਹਤ ਏਜੰਸੀਆਂ ਹੈਰਾਨ

ਕੌਮੀ ਪਤ੍ਰਿਕਾ

ਹੈਦਰਾਬਾਦ, 17 ਜਨਵਰੀ : ਹੁਣ ਤੱਕ ਤੁਸੀਂ ਸੁਣਿਆ ਹੋਵੇਗਾ ਕਿ ਲੋਕ ਦੁੱਧ ਵਿੱਚ ਪਾਣੀ ਮਿਲਾ ਕੇ ਵੇਚਦੇ ਹਨ ਪਰ ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਤੋਂ ਇੱਕ ਹੈਰਾਨ ਅਤੇ ਹੋਸ਼ ਉਡਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਮਨੁੱਖਾਂ ਲਈ ਇਸਤੇਮਾਲ ਹੋਣ ਲਈ ਬਣਾਈ ਗਈ ਖ਼ੂਨ ਦੀਆਂ ਥੈਲਿਆਂ ਵਿੱਚ ਵੱਡੀ ਮਾਤਰਾ ਵਿੱਚ ਜਾਨਵਰਾਂ ਦਾ ਖ਼ੂਨ ਬਰਾਮਦ ਹੋਇਆ, ਜਿਸ ਨਾਲ ਸਿਹਤ ਵਿਭਾਗ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿੱਚ ਚਿੰਤਾਵਾਂ ਵਧ ਗਈਆਂ। ਸੂਤਰਾਂ ਅਨੁਸਾਰ ਕਾਚੀਗੁੜਾ ਖੇਤਰ ਵਿੱਚ ਇੱਕ ਆਯਾਤ-ਨਿਰਯਾਤ ਫਰਮ 'ਤੇ ਇੱਕ ਸਾਂਝੇ ਛਾਪੇਮਾਰੀ ਦੌਰਾਨ ਮਨੁੱਖਾਂ ਲਈ ਬਣਾਏ ਗਏ ਖ਼ੂਨ ਦੇ ਥੈਲਿਆਂ ਵਿੱਚ ਵੱਡੀ ਮਾਤਰਾ ਵਿੱਚ ਜਾਨਵਰਾਂ ਦਾ ਖ਼ੂਨ ਬਰਾਮਦ ਹੋਇਆ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖ਼ੂਨ ਬੱਕਰੀਆਂ ਅਤੇ ਭੇਡਾਂ ਤੋਂ ਗੈਰ-ਕਾਨੂੰਨੀ ਤੌਰ 'ਤੇ ਇਕੱਠਾ ਕੀਤਾ ਗਿਆ ਸੀ ਅਤੇ ਇਸਦੀ ਮਾਤਰਾ ਲਗਭਗ ਇੱਕ ਹਜ਼ਾਰ ਲੀਟਰ ਦੱਸੀ ਜਾ ਰਹੀ ਹੈ। ਇਹ ਕਾਰਵਾਈ ਡਰੱਗ ਕੰਟਰੋਲ ਪ੍ਰਸ਼ਾਸਨ ਅਤੇ ਹੈਦਰਾਬਾਦ ਪੁਲਸ ਦੀ ਸਾਂਝੀ ਟੀਮ ਦੁਆਰਾ ਇੱਕ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਸੀ। ਛਾਪੇਮਾਰੀ ਦੌਰਾਨ ਜਦੋਂ ਅਧਿਕਾਰੀਆਂ ਨੇ



ਸਟੋਰੇਜ ਯੂਨਿਟ ਦੀ ਤਲਾਸ਼ੀ ਲਈ, ਤਾਂ ਉਹ ਮਨੁੱਖੀ ਖ਼ੂਨ ਦੀਆਂ ਥੈਲੀਆਂ ਦੇ ਅੰਦਰ ਜਾਨਵਰਾਂ ਦਾ ਖ਼ੂਨ ਭਰਿਆ ਹੋਇਆ ਦੇਖ ਕੇ ਹੈਰਾਨ ਰਹਿ ਗਏ। ਅਧਿਕਾਰੀਆਂ ਦੇ ਅਨੁਸਾਰ ਇਹ ਮਾਮਲਾ ਸਿਰਫ਼ ਨਿਯਮਾਂ ਦੀ ਉਲੰਘਣਾ ਵੱਲ ਹੀ ਇਸ਼ਾਰਾ ਨਹੀਂ ਕਰਦਾ, ਸਗੋਂ ਇੱਕ ਸੰਗਠਿਤ ਅਤੇ ਯੋਜਨਾਬੱਧ ਗੈਰ-ਕਾਨੂੰਨੀ ਗਤੀਵਿਧੀ ਵੱਲ ਵੀ ਇਸ਼ਾਰਾ ਕਰਦਾ ਹੈ। ਛਾਪੇਮਾਰੀ ਦੌਰਾਨ ਇੱਕ ਆਟੋਕਲੇਵ ਮਸ਼ੀਨ, ਇੱਕ ਲੈਮੀਨਰ ਏਅਰ ਫਲੋ ਯੂਨਿਟ, ਲਗਭਗ 110 ਭਰੇ ਹੋਏ ਅਤੇ 60 ਖਾਲੀ ਖ਼ੂਨ ਦੇ ਥੈਲੇ ਵੀ ਜ਼ਬਤ ਕੀਤੇ ਗਏ। ਇਹ ਯੰਤਰ ਆਮ ਤੌਰ 'ਤੇ ਮੈਡੀਕਲ ਲੈਬਾਂ ਅਤੇ ਬਲੱਡ ਬੈਂਕਾਂ ਵਿੱਚ ਵਰਤੇ ਜਾਂਦੇ ਹਨ। ਇਸ ਨਾਲ ਇਹ ਚਿੰਤਾਵਾਂ ਪੈਦਾ ਹੁੰਦੀਆਂ ਹਨ ਕਿ ਖ਼ੂਨ ਨੂੰ ਵਿਗਿਆਨਕ ਜਾਂ ਕਲੀਨਿਕਲ ਵਰਤੋਂ ਲਈ ਪ੍ਰੋਸੈਸ ਕੀਤਾ ਜਾ ਰਿਹਾ ਸੀ। ਡਰੱਗ ਕੰਟਰੋਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਖ਼ੂਨ ਦੀ ਵਰਤੋਂ ਗੈਰ-ਕਾਨੂੰਨੀ ਕਲੀਨਿਕਲ ਅਜ਼ਮਾਇਸ਼ਾਂ, ਪ੍ਰਯੋਗਸ਼ਾਲਾ ਖੋਜ, ਜਾਂ ਸੱਭਿਆਚਾਰ ਮੀਡੀਆ ਦੀ ਤਿਆਰੀ ਵਿੱਚ ਕੀਤੀ ਜਾ ਸਕਦੀ ਸੀ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਜਨਤਕ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦਾ ਹੈ। ਮਨੁੱਖਾਂ ਲਈ ਬਣਾਈਆਂ ਗਈਆਂ ਖ਼ੂਨ ਦੀਆਂ ਥੈਲਿਆਂ ਵਿੱਚ ਜਾਨਵਰਾਂ ਦਾ ਖ਼ੂਨ ਭਰਨ ਨਾਲ ਇਨਫੈਕਸ਼ਨ ਫੈਲਣ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ। ਛਾਪੇਮਾਰੀ ਤੋਂ ਬਾਅਦ ਫਰਮ ਦਾ ਮਾਲਕ ਮੌਕੇ ਤੋਂ ਫਰਾਰ ਪਾਇਆ ਗਿਆ। ਏਜੰਸੀਆਂ ਇਸ ਗੱਲ ਦੀ ਵੀ ਜਾਂਚ ਕਰ ਰਹੀਆਂ ਹਨ ਕਿ ਕੀ ਇਹ ਨੈੱਟਵਰਕ ਦੇਸ਼ ਤੱਕ ਸੀਮਤ ਸੀ ਜਾਂ ਕੀ ਖ਼ੂਨ ਦੀ ਸਪਲਾਈ ਅੰਤਰਰਾਸ਼ਟਰੀ ਪੱਧਰ 'ਤੇ ਕੀਤੀ ਜਾ ਰਹੀ ਸੀ। ਦਸਤਾਵੇਜ਼ਾਂ ਅਤੇ ਡਿਜੀਟਲ ਰਿਕਾਰਡਾਂ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੇ ਇਸਨੂੰ ਮੈਡੀਕਲ ਸਪਲਾਈ ਚੇਨ ਵਿੱਚ ਇੱਕ ਵੱਡੀ ਕਮੀ ਦੱਸਿਆ ਹੈ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਸੰਕੇਤ ਦਿੱਤਾ ਹੈ। ਜ਼ਬਤ ਕੀਤੀ ਗਈ ਸਮੱਗਰੀ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ।

## ਪੰਜਾਬ ਦੀ ਕਲੱਬ ਡਾਂਸਰ ਦਾ ਪੰਚਕੂਲਾ 'ਚ ਕਤਲ !

ਨੈਸ਼ਨਲ ਡੈਸਕ, 17 ਜਨਵਰੀ : ਹਰਿਆਣਾ ਦੇ ਪੰਚਕੂਲਾ ਦੇ ਸੈਕਟਰ 20 ਸ਼ਮਸ਼ਾਨਘਾਟ ਤੋਂ ਮਿਲੀ ਇੱਕ ਮੁਟਿਆਰ ਦੀ ਲਾਸ਼ ਪੰਜਾਬ ਦੀ ਇੱਕ ਕਲੱਬ ਡਾਂਸਰ ਦੀ ਨਿਕਲੀ ਹੈ। ਮ੍ਰਿਤਕਾ ਦੀ ਪਛਾਣ ਮਾਧਰੀ ਉਰਫ ਸਿਮਰਨ ਵਜੋਂ ਹੋਈ ਹੈ, ਜੋ ਕਿ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਮੁਹੱਲਾ ਜੱਟਪੁਰਾ ਦੀ ਰਹਿਣ ਵਾਲੀ ਹੈ। ਉਹ ਪਿਛਲੇ ਚਾਰ ਸਾਲਾਂ ਤੋਂ ਆਪਣੇ ਸਾਥੀ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਸੀ ਅਤੇ ਅਕਤੂਬਰ 2025 ਤੋਂ ਜ਼ੀਰਕਪੁਰ ਵਿੱਚ ਰਹਿ ਰਹੀ ਸੀ।

## ਬਹਿਰਾਇਚ ਜ਼ਿਲ੍ਹੇ 'ਚ ਅਗਵਾ ਮਾਮਲੇ 'ਚ ਰਿਸ਼ਵਤ ਲੈਣ ਦੇ ਦੋਸ਼ 'ਚ ਤਿੰਨ ਪੁਲਸ ਮੁਲਾਜ਼ਮ ਮੁਅੱਤਲ

ਬਹਿਰਾਇਚ, 17 ਜਨਵਰੀ : ਕੋਲਕਾਤਾ ਤੋਂ ਇੱਕ ਕੁੜੀ ਦੇ ਅਗਵਾ ਦੇ ਮਾਮਲੇ ਵਿੱਚ ਹਿਰਾਸਤ ਵਿੱਚ ਲਏ ਗਏ ਇੱਕ ਵਿਅਕਤੀ ਨੂੰ ਛੱਡਣ ਲਈ 1 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਸਟੇਸ਼ਨ ਹਾਊਸ ਅਫਸਰ (SHO) ਸਮੇਤ ਤਿੰਨ ਪੁਲਸ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੁਲਸ ਦੇ ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਕਥਿਤ ਅਗਵਾਕਾਰ ਦੇ ਜੀਜੇ ਵੱਲੋਂ ਦਰਜ ਕਰਵਾਈ ਸ਼ਿਕਾਇਤ ਵਿੱਚ ਨਾਮਜ਼ਦ ਤਿੰਨ ਪੁਲਸ ਮੁਲਾਜ਼ਮਾਂ ਖ਼?ਲਾਫ਼ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਜਿਸ ਸਮੇਂ ਪੀੜਤਾ ਨੂੰ ਬਚਾਇਆ ਸੀ, ਉਸ ਸਮੇਂ ਕਥਿਤ ਅਗਵਾਕਾਰ ਨੇ ਉਸਨੂੰ ਆਪਣੇ ਜੀਜੇ ਦੇ ਘਰ ਰੱਖਿਆ ਹੋਇਆ ਸੀ। ਵਧੀਕ ਪੁਲਸ ਸੁਪਰਡੈਂਟ (ਦਿਹਾਤੀ) ਦੁਰਗਾ ਪ੍ਰਸਾਦ ਤਿਵਾੜੀ ਨੇ ਸ਼ਨੀਵਾਰ ਨੂੰ ਦੱਸਿਆ ਕਿ ਗਜੇਂਦਰ ਸਿੰਘ ਨਾਮ ਦੇ ਇੱਕ ਵਿਅਕਤੀ ਨੇ ਕਥਿਤ ਤੌਰ 'ਤੇ ਕੋਲਕਾਤਾ ਤੋਂ ਇੱਕ ਲੜਕੀ ਨੂੰ ਅਗਵਾ ਕੀਤਾ ਅਤੇ ਉਸਨੂੰ ਬਹਿਰਾਈਚ ਲੈ ਆਇਆ। ਅਧਿਕਾਰੀ ਨੇ ਦੱਸਿਆ ਕਿ ਲੜਕੀ ਨੂੰ ਧਨੌਲੀ ਗੌਰਾ ਪਿੰਡ ਵਿੱਚ ਗਜੇਂਦਰ ਦੇ ਜੀਜਾ ਮੁਨੀਜਰ ਸਿੰਘ ਦੇ ਘਰ ਰੱਖਿਆ ਗਿਆ ਸੀ। ਇਹ ਪਿੰਡ ਮਤੇਰਾ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਲੜਕੀ ਦੇ ਪਰਿਵਾਰ ਨੇ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਇੱਕ ਪੁਲਸ ਸਟੇਸ਼ਨ ਵਿੱਚ ਭਾਰਤੀ ਦੰਡਾਵਲੀ (IPC) ਦੀ ਧਾਰਾ 137(2) (ਅਗਵਾ) ਦੇ ਤਹਿਤ ਮਾਮਲਾ ਦਰਜ ਕਰਵਾਇਆ। ਪੱਛਮੀ ਬੰਗਾਲ ਪੁਲਸ ਦੀ ਇੱਕ ਟੀਮ 11 ਜਨਵਰੀ ਨੂੰ ਅਗਵਾ ਕੀਤੀ ਗਈ ਲੜਕੀ ਦੀ ਭਾਲ ਵਿੱਚ ਬਹਿਰਾਈਚ ਪਹੁੰਚੀ ਅਤੇ ਮਤੇਰਾ ਪੁਲਸ ਟੀਮ ਦੇ ਸਹਿਯੋਗ ਨਾਲ ਉਸਨੂੰ ਬਚਾਇਆ। ਗਜੇਂਦਰ, ਮੁਨੀਜਰ ਅਤੇ ਲੜਕੀ ਨੂੰ ਮਤੇਰਾ ਪੁਲਸ ਸਟੇਸ਼ਨ ਲਿਆਂਦਾ ਗਿਆ।

ਵਧੀਕ ਪੁਲਸ ਸੁਪਰਡੈਂਟ ਦੇ ਅਨੁਸਾਰ ਮੁਨੀਜਰ ਸਿੰਘ ਨੇ ਬਾਅਦ ਵਿੱਚ ਦੇਵੀਪਾਟਨ ਡਿਵੀਜ਼ਨ ਦੇ ਇੰਸਪੈਕਟਰ ਜਨਰਲ ਆਫ਼ ਪੁਲਸ ਦਫ਼ਤਰ ਦੇ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਹੈਲਪਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਦੋਸ਼ ਲਗਾਇਆ ਗਿਆ ਕਿ ਉਸ ਨੂੰ ਪੁਲਸ ਹਿਰਾਸਤ ਤੋਂ ਰਿਹਾਅ ਕਰਵਾਉਣ ਲਈ ?100,000 ਦੀ ਰਿਸ਼ਵਤ ਮੰਗੀ ਗਈ ਸੀ। ਉਨ੍ਹਾਂ ਕਿਹਾ ਕਿ ਸ਼ਿਕਾਇਤ ਦਾ ਨੋਟਿਸ ਲੈਂਦੇ ਹੋਏ ਦੇਵੀਪਾਟਨ ਡਿਵੀਜ਼ਨ ਦੇ ਇੰਸਪੈਕਟਰ ਜਨਰਲ ਆਫ਼ ਪੁਲਸ ਅਮਿਤ ਪਾਠਕ ਨੇ ਮਾਮਲੇ ਦੀ ਵਿਸਤ੍ਰਿਤ ਗੁਪਤ ਜਾਂਚ ਦੇ ਆਦੇਸ਼ ਦਿੱਤੇ ਅਤੇ ਤਿੰਨਾਂ ਪੁਲਸ ਮੁਲਾਜ਼ਮਾਂ ਵਿਰੁੱਧ ਦੋਸ਼ਾਂ ਨੂੰ ਪਹਿਲੀ ਨਜ਼ਰੇ ਸੱਚ ਪਾਇਆ।

## ਹਾਈਵੇਅ 'ਤੇ ਧੁੰਦ ਕਾਰਨ ਇਕ-ਇਕ ਕਰਕੇ ਆਪਸ 'ਚ ਟਕਰਾਏ ਡੇਢ ਦਰਜਨ ਵਾਹਨ, 10 ਲੋਕ ਜ਼ਖ਼ਮੀ

ਅਮਰੋਹਾ, 17 ਜਨਵਰੀ : ਉੱਤਰ ਪ੍ਰਦੇਸ਼ ਦੇ ਅਮਰੋਹਾ ਵਿੱਚ ਸ਼ਨੀਵਾਰ ਸਵੇਰੇ ਸੰਘਣੀ ਧੁੰਦ ਅਤੇ ਘੱਟ ਦ੍ਰਿਸ਼ਟੀ ਕਾਰਨ ਦਿੱਲੀ-ਲਖਨਊ ਰਾਸ਼ਟਰੀ ਰਾਜਮਾਰਗ 9 'ਤੇ ਵੱਡੇ ਅਤੇ ਛੋਟੇ 18 ਵਾਹਨ ਆਪਸ ਵਿੱਚ ਟਕਰਾ ਗਏ। ਇਸ ਹਾਦਸੇ ਵਿੱਚ 10 ਤੋਂ ਵੱਧ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਹ ਹਾਦਸਾ ਡਿਦੌਲੀ ਪੁਲਸ ਸਟੇਸ਼ਨ ਖੇਤਰ ਵਿੱਚ ਵਾਪਰਿਆ। ਹਾਦਸੇ ਕਾਰਨ ਹਾਈਵੇਅ 'ਤੇ ਹਫੜਾ-ਦਫੜੀ ਮਚ ਗਈ, ਜਿਸ ਕਾਰਨ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ। ਲੋਕਾਂ ਦੀਆਂ ਚੀਕਾਂ ਸੁਣ ਕੇ ਨੇੜੇ ਮੌਜੂਦ ਲੋਕ ਵੀ ਉਥੇ ਪਹੁੰਚ ਗਏ, ਜਿਨ੍ਹਾਂ ਨੇ ਜ਼ਖਮੀਆਂ ਨੂੰ ਕਾਰਾਂ ਵਿੱਚੋਂ ਬਾਹਰ ਕੱਢਿਆ। ਚਸ਼ਮਦੀਦਾਂ ਮੁਤਾਬਕ ਹਾਦਸੇ ਵਿੱਚ ਦਸ ਤੋਂ ਵੱਧ ਲੋਕ ਜ਼ਖਮੀ ਹੋਏ ਹਨ, ਜਦੋਂਕਿ ਪੁਲਸ ਦਾ ਕਹਿਣਾ ਹੈ ਕਿ ਕੁੱਲ ਛੇ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜ਼ਖਮੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਨੈਸ਼ਨਲ ਹਾਈਵੇਅ ਅਥਾਰਟੀ (©819) ਦੀ ਐਂਬੂਲੈਂਸ ਹਮੇਸ਼ਾ ਦੀ ਤਰ੍ਹਾਂ ਗਾਇਬ ਰਹੀ। ਸਰਕਲ ਪੁਲਸ ਟੀਮ ਦੇ ਪਹੁੰਚਣ ਤੱਕ ਰਾਸ਼ਟਰੀ ਰਾਜਮਾਰਗ 9 'ਤੇ ਵਾਹਨਾਂ ਦੀ ਲੰਬੀ ਕਤਾਰ ਲੱਗ ਗਈ। ਸੂਚਨਾ ਮਿਲਣ ਤੋਂ ਬਾਅਦ ਦੇਰ ਨਾਲ ਪਹੁੰਚੇ ਪੁਲਸ ਸਟੇਸ਼ਨ ਨੇ ਕਰੇਨ ਨਾਲ ਨੁਕਸਾਨੇ ਗਏ ਵਾਹਨਾਂ ਨੂੰ ਤੁਰੰਤ ਹਟਾਇਆ, ਜਿਸ ਨਾਲ ਆਵਾਜਾਈ ਮੁੜ ਸ਼ੁਰੂ ਹੋ ਗਈ। ਸਿਟੀ ਪੁਲਸ ਸਰਕਲ ਅਫਸਰ ਅਭਿਸ਼ੇਕ ਯਾਦਵ ਨੇ ਸ਼ਨੀਵਾਰ ਨੂੰ ਦੱਸਿਆ ਕਿ ਆਵਾਜਾਈ ਅਤੇ ਘਟਨਾ ਸਥਾਨ 'ਤੇ ਸਥਿਤੀ ਆਮ ਹੈ। ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਹਾਲੀਆ ਬਰਫੀਲੇ ਤੂਫਾਨ ਨੇ ਆਮ ਜਨਜੀਵਨ ਨੂੰ ਪ੍ਰਭਾਵਿਤ ਕਰ ਦਿੱਤਾ ਹੈ। ਮੌਸਮ ਵਿਭਾਗ ਦੇ ਅਧਿਕਾਰਤ ਸੂਤਰਾਂ ਨੇ ਸ਼ਨੀਵਾਰ ਨੂੰ ਕਿਹਾ ਕਿ ਅਗਲੇ ਕੁਝ ਦਿਨਾਂ ਲਈ ਪੱਛਮੀ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ, ਅਮਰੋਹਾ ਦੇ ਗਜਰੌਲਾ, ਰਾਮਪੁਰ, ਬਿਜਨੌਰ, ਮੇਰਠ, ਹਾਪੁੜ, ਗਾਜ਼ੀਆਬਾਦ, ਮੁਜ਼ੱਫਰਨਗਰ, ਸ਼ਾਮਲੀ ਅਤੇ ਅਲੀਗੜ੍ਹ ਵਿੱਚ ਸਵੇਰੇ ਅਤੇ ਸ਼ਾਮ ਨੂੰ ਸੰਘਣੀ ਧੁੰਦ ਹੋਰ ਵੀ ਪਰੇਸ਼ਾਨੀ ਪੈਦਾ ਕਰ ਸਕਦੀ ਹੈ। ਇਸ ਲਈ ਘੱਟ ਦ੍ਰਿਸ਼ਟੀ ਦੇ ਕਾਰਨ ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ। ਅਸਮਾਨ ਵਿੱਚ ਬੱਦਲਾਂ ਦੀ ਲਹਿਰ ਅਤੇ ਮੀਂਹ ਪੈਣ ਦੀ ਸੰਭਾਵਨਾ ਦੀ ਭਵਿੱਖਬਾਣੀ ਕੀਤੀ ਗਈ ਹੈ। ਰੇਲਵੇ ਪ੍ਰਸ਼ਾਸਨ ਦੇ ਅਨੁਸਾਰ ਮੌਜੂਦਾ ਧੁੰਦ ਕਾਰਨ ਜ਼ਿਆਦਾਤਰ ਵੱਡੀਆਂ ਰੇਲਗੱਡੀਆਂ ਫਰਵਰੀ ਅਤੇ ਮਾਰਚ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ।

# ਨੌਜਵਾਨ ਦੇਸ਼ ਦਾ ਭਵਿੱਖ, ਦੇਸ਼ ਦੀ ਤਰੱਕੀ ਤੇ ਪੰਜਾਬ ਨੂੰ ਰੰਗਲਾ ਬਣਾਉਣ 'ਚ ਯੋਗਦਾਨ ਪਾਉਣ: ਰਾਜਪਾਲ ਕਟਾਰੀਆ

ਕੌਮੀ ਪਤ੍ਰਿਕਾ

ਜਲੰਧਰ, 17 ਜਨਵਰੀ : ਨੌਜਵਾਨ ਦੇਸ਼ ਅਤੇ ਸਮਾਜ ਦੀ ਭਲਾਈ ਲਈ ਆਪਣੀ ਯੋਗਤਾ ਅਤੇ ਸਿੱਖਿਆ ਦੀ ਵਰਤੋਂ ਕਰਨ। ਵਿਦਿਆਰਥੀ ਦੇਸ਼ ਦਾ ਭਵਿੱਖ ਹਨ, ਜਿਨ੍ਹਾਂ 'ਤੇ ਦੇਸ਼ ਦੀ ਤਰੱਕੀ ਨਿਰਭਰ ਕਰਦੀ ਹੈ। ਨੌਜਵਾਨ ਪੰਜਾਬ ਨੂੰ ਰੰਗਲਾ ਬਣਾਉਣ ਵਿਚ ਆਪਣਾ ਸਰਗਰਮ ਯੋਗਦਾਨ ਪਾਉਣ। ਇਹ ਗੱਲਾਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਡਾ. ਬੀ. ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਨ. ਆਈ. ਟੀ.) ਜਲੰਧਰ ਦੇ 21ਵੇਂ ਡਿਗਰੀ ਵੰਡ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕਹੀਆਂ। ਰਾਜਪਾਲ ਕਟਾਰੀਆ ਨੇ ਕਿਹਾ ਕਿ ਡਿਗਰੀ ਵੰਡ ਸਮਾਗਮ ਵਿਦਿਆਰਥੀ ਦੀ ਜ਼ਿੰਦਗੀ ਦੇ ਸਭ ਤੋਂ ਵੱਡੇ ਤਿਉਹਾਰਾਂ ਵਿਚੋਂ ਇਕ ਹੈ। ਇਸ ਦਿਨ ਤੱਕ ਪਹੁੰਚਣ ਵਿਚ ਸਾਲਾਂ ਦੀ ਮਿਹਨਤ ਰੰਗ ਲਿਆਉਂਦੀ ਹੈ। ਐੱਨ. ਆਈ. ਟੀ. ਜਲੰਧਰ ਦੇ ਬੋਰਡ ਆਫ਼ ਗਵਰਨਰਜ਼ ਦੇ ਚੇਅਰਪਰਸਨ ਪ੍ਰੋ. ਜੇ. ਐੱਸ. ਯਾਦਵ ਅਤੇ ਐੱਨ. ਆਈ. ਟੀ. ਜਲੰਧਰ ਦੇ ਡਾਇਰੈਕਟਰ ਪ੍ਰੋ. ਬਿਨੋਦ ਕੁਮਾਰ ਕਨੌਜੀਆ ਨੇ ਸੰਸਥਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਡਿਗਰੀ ਪ੍ਰਾਪਤ ਕਰਨ



ਵਾਲੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਵਿਦਿਆਰਥੀ ਆਪਣੀ ਯੋਗਤਾ ਨਾਲ ਉੱਚ ਅਹੁਦੇ ਹਾਸਲ ਕਰਨ, ਆਪਣੇ ਪਰਿਵਾਰਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਅਤੇ ਇਕ ਮਜ਼ਬੂਤ ਤੇ ਤਰੱਕੀ ਕਰਨ ਵਾਲੇ ਦੇਸ਼ ਦੇ ਨਿਰਮਾਣ ਵਿਚ ਸਰਗਰਮ ਭੂਮਿਕਾ ਨਿਭਾਉਣ। ਸਮਾਗਮ ਵਿਚ ਕੁੱਲ 1454 ਵਿਦਿਆਰਥੀਆਂ ਨੂੰ ਡਿਗਰੀਆਂ ਦਿੱਤੀਆਂ ਗਈਆਂ, ਜਿਨ੍ਹਾਂ ਵਿਚ 1011 ਬੀ. ਟੈੱਕ, 237 ਐੱਮ. ਟੈੱਕ, 23 ਐੱਮ. ਬੀ. ਏ., 90 ਐੱਮ. ਐੱਸ. ਸੀ. ਅਤੇ 92 ਪੀ. ਐੱਚ. ਡੀ. ਗ੍ਰੈਜੂਏਟ ਸ਼ਾਮਲ ਸਨ। ਵਧੀਆ ਅਕਾਦਮਿਕ ਪ੍ਰਦਰਸ਼ਨ ਲਈ 31 ਮੈਡਲ ਦਿੱਤੇ ਗਏ, ਜਿਸ ਵਿਚ 30 ਸਬਜੈਕਟ-ਵਾਈਜ਼ ਮੈਡਲ ਅਤੇ ਇਕ ਓਵਰਆਲ ਬੀ. ਟੈੱਕ ਟਾਪਰ ਮੈਡਲ ਸ਼ਾਮਲ ਹੈ। ਰਾਜਪਾਲ ਨੇ ਐੱਨ. ਆਈ. ਟੀ. ਜਲੰਧਰ ਨੂੰ ਦੇਸ਼ ਦੀਆਂ ਪ੍ਰਮੁੱਖ ਸੰਸਥਾਵਾਂ ਵਿਚੋਂ ਇਕ ਦੱਸਿਆ ਅਤੇ ਕਿਹਾ ਕਿ ਇਥੋਂ ਨਿਕਲਣ ਵਾਲੇ ਵਿਦਿਆਰਥੀ ਸਫਲਤਾ ਹਾਸਲ ਕਰਕੇ ਗਲੋਬਲ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕਰ ਰਹੇ ਹਨ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਕ ਮਹਾਨ ਦੇਸ਼ ਬਣਾਉਣ ਲਈ ਡਿਗਰੀ ਦੇ ਨਾਲ-ਨਾਲ ਚਰਿੱਤਰ ਨਿਰਮਾਣ ਵੀ ਓਨਾ ਹੀ ਜ਼ਰੂਰੀ ਹੈ। ਉਨ੍ਹਾਂ ਵਿਸ਼ਵ ਪੱਧਰੀ ਇੰਜੀਨੀਅਰ ਬਣਾਉਣ ਵਿਚ ਸੰਸਥਾ ਦੇ ਯੋਗਦਾਨ ਦੇ ਨਾਲ-ਨਾਲ ਰਿਸਰਚ ਅਤੇ ਇਨੋਵੇਸ਼ਨ ਵਿਚ ਇਸ ਦੇ ਕੰਮ ਦੀ ਵੀ ਸ਼ਲਾਘਾ ਕੀਤੀ। ਸਾਂਝੇ ਯਤਨਾਂ ਦਾ ਸੱਦਾ ਦਿੰਦਿਆਂ ਰਾਜਪਾਲ ਨੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿਚ ਨੌਜਵਾਨਾਂ ਤੋਂ ਸਹਿਯੋਗ ਮੰਗਿਆ ਅਤੇ ਉਨ੍ਹਾਂ ਨੂੰ ਪਾਣੀ ਬਚਾਉਣ, ਕਿਸਾਨਾਂ ਨੂੰ ਹੋਰ ਮਜ਼ਬੂਤ ਬਣਾਉਣ, ਮਹਿਲਾ ਸਸ਼ਕਤੀਕਰਨ ਅਤੇ ਨਸ਼ਿਆਂ ਨੂੰ ਖ਼ਤਮ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਏ. ਡੀ. ਸੀ. ਅਮਨਿੰਦਰ ਕੌਰ ਬਰਾੜ, ਨਵਦੀਪ ਕੌਰ ਸਮੇਤ ਵੱਡੀ ਗਿਣਤੀ ਵਿਚ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀ ਹਾਜ਼ਰ ਸਨ। ਸਮਾਗਮ ਵਿਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਵਾਲੇ ਸਨ ਅਤੇ ਵਿਦਿਆਰਥੀਆਂ ਨੂੰ ਡਿਗਰੀਆਂ ਵੰਡਣ ਦੀ ਸ਼ੁਰੂਆਤ ਉਨ੍ਹਾਂ ਵੱਲੋਂ ਹੀ ਕੀਤੀ ਜਾਣੀ ਸੀ। ਮੌਸਮ ਵਿਚ ਅਚਾਨਕ ਆਈ ਖਰਾਬੀ ਅਤੇ ਧੁੰਦ ਕਾਰਨ ਰਾਸ਼ਟਰਪਤੀ ਦਾ ਜਹਾਜ਼ ਲੈਂਡ ਹੋਣ ਵਿਚ ਦਿੱਕਤਾਂ ਆਉਣ ਕਰਕੇ ਉਨ੍ਹਾਂ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ। ਇਸ ਕਾਰਨ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਕੀਤੀ ਗਈ।